# ਚਿਰਾਗ

ਅਪ੍ਰੈਲ -ਜੂਨ 1996

**April - June 1996**

ਸੰਪਾਦਕ: ਹਰਭਜਨ ਸਿੰਘ ਹੁੰਦਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਚਿਰਾਗ ਦਾ ਇਹ ਅੰਕ ਹਰਪ੍ਰੀਤ ਸਿੰਘ ਹੁੰਦਲ ਤੋਂ ਪ੍ਰਾਪਤ ਹੋਇਆ।

# ਚਿਰਾਗ



ਪਾਬਲੋ ਨੇਰੂਦਾ

ਮੁੱਲ : ਦਸ ਰੁਪਏ　　-6-　　ਅਪਰੈਲ-ਜੂਨ, 1996

# ਚਿਰਾਗ਼ (ਤ੍ਰੈ-ਮਾਸਕ)

**ਅਪਰੈਲ-ਜੂਨ 1996**

ਸੰਪਾਦਕ : ਹਰਭਜਨ ਸਿੰਘ ਹੁੰਦਲ

ਸੰਪਾਦਕੀ ਮੰਡਲ : ਡਾ: ਕਰਮਜੀਤ ਸਿੰਘ
ਸੁਰਜੀਤ ਗਿੱਲ



ਇਸ ਅੰਕ ਦਾ ਕਵੀ : ਸੁਖਿੰਦਰ (ਛੇ ਕਵਿਤਾਵਾਂ)/1

ਕਹਾਣੀ : ਲੌਂਗ-ਫਲੂਮ (ਹਰਜੀਤ ਅਟਵਾਲ)/6 ਇੱਲ-ਕੋਕੋ (ਇਲਿਆਸ ਘੁੰਮਣ)/49

ਵਤਨੋਂ ਦੂਰ : ਗੁਰਨਾਮ ਢਿਲੋਂ (ਇਕ ਨਜ਼ਮ-ਇਕ ਗਜ਼ਲ)/14
ਨਰਿੰਜਨ ਸਿੰਘ ਨੂਰ/16 ਦਵਿੰਦਰ ਬਾਂਸਲ/17

ਗ਼ਜ਼ਲਾਂ : ਚਰਨ ਸੀਚੇ ਵਾਲੀਆ/18, ਪ੍ਰੋ: ਜਸਪਾਲ ਘਈ/45, ਮੱਖਣ ਕੁਹਾੜ਼ੀ/46
ਜਸਵਿੰਦਰ/46, ਦੇਵ ਰਾਊਕੇ/47

ਵਾਘਿਓਂ ਪਾਰ : ਫ਼ੈਜ਼ ਦੀਆਂ ਯਾਦਾਂ (ਡਾ: ਅਯੂਬ ਮਿਰਜ਼ਾ)/19, ਦਿਲਸ਼ਾਦ ਅਹਿਮਦ ਚੰਨ
(ਗ਼ਜ਼ਲ)/48, ਆਸ਼ਕ ਅਲੀ ਫ਼ੈਸਲ (ਗ਼ਜ਼ਲ)/48
ਹਬੀਬ ਜਾਲਿਬ ਦੀਆਂ ਪੰਜਾਬੀ ਨਜ਼ਮਾਂ/66

ਨਜ਼ਮਾਂ : ਸ਼ਬਦੀਸ਼ (ਤਿੰਨ ਨਜ਼ਮਾਂ) 25 ਸੁਖਬੀਰ, ਇਕ ਪੋਰਟਰੇਟ (ਪ੍ਰੇਮ ਸਾਹਿਲ)

ਲੇਖ : ਜੁਝਾਰ ਕਾਵਿ-ਧਾਰਾ—ਪੁਨਰ ਵਿਚਾਰ (ਡਾ: ਸੁਖਦੇਵ ਸਿੰਘ ਸਰਸਾ/27
ਆਧੁਨਿਕ ਪੰਜਾਬੀ ਨਾਵਲ, ਕਾਵਿ-ਸ਼ਾਸ਼ਤਰ ਦੀ ਤਲਾਸ਼ (ਡਾ: ਸਵਰਨ ਚੰਦਨ)/59

ਪੁਸਤਕ ਪੜਚੋਲ : ਡਾ: ਸੁਖਦੇਵ ਸਿੰਘ ਖਾਹਰਾ (ਆਧੁਨਿਕ ਗ਼ਜ਼ਲ ਚੇਤਨਾ)/64

ਖਿਆਲ ਆਪੋ ਆਪਣਾ : ਜਗਤਾਰ, ਪੂੰਨਮ, ਬਲਦੇਵ ਸਿੰਘ ਧਾਲੀਵਾਲ,
ਡਾ: ਤੇਜਵੰਤ ਮਾਨ, ਦੇਵ ਤਲਵੰਡੀ, ਗੁਰਨਾਮ ਢਿਲੋਂ, ਵਿਸ਼ਾਲ,
ਜੋਗਿੰਦਰਪਾਲ ਮਾਨ, ਦੇਸ ਰਾਜ ਕਾਲੀ, ਅਹਿਮਦ ਅਲੀ ਗੁਰਾਇਆ

ਅੰਤਿਕਾ : ਹਰਭਜਨ ਸਿੰਘ ਹੁੰਦਲ



ਖੁਸਤਕ ਪ੍ਰਾਪਤੀ : ...............

ਪ੍ਰਕਾਸ਼ਨ ਮਿਤੀ : ਮਈ 15, 1996



**Postal Address :**
Harbhajan Singh Hundal,
V. Futu Chak,
P/o. Dhilwan,
Distt. Kapurthala-144804
(Pb.) India.



**ਚੰਦਿਆਂ ਦਾ ਵੇਰਵਾ :**

| | | |
|---|---|---|
| ਦੇਸ਼ ਵਾਰਸਿਕ | : | 30 ਰੁਪਏ |
| ਇਕ ਪਰਚਾ | : | 10 ਰੁਪਏ |
| ਸੰਸਥਾਵਾਂ (ਵਾਰਸ਼ਿਕ) | : | 40 ਰੁਪਏ |
| **ਬਦੇਸ਼** | | |
| ਵਾਰਸ਼ਿਕ | : | 250 ਰੁਪਏ |
| ਇਕ ਪਰਚਾ | : | ਇਕ ਪੌਂਡ |




## ਸੁਖਿੰਦਰ/ਛੇ ਕਵਿਤਾਵਾਂ

**(1)** ਚੁੱਪ-
ਬਾਰ ਬਾਰ ਦਸਤਕ ਦੇ ਰਹੀ ਹੈ
ਮੇਰੇ ਮਨ ਦੇ ਦਰਵਾਜ਼ਿਆਂ ਉੱਤੇ

ਅਤੇ ਮੈਂ ਹਾਂ
ਕਿ ਸ਼ਬਦਾਂ ਦੀ ਤਲਾਸ਼ ਵਿਚ ਗੁੰਮ ਹਾਂ

ਇਹ ਜਾਣਦਾ ਹੋਇਆ ਵੀ, ਕਿ
ਸ਼ਬਦਾਂ ਦਾ ਕੀ ਕਰਾਂਗਾ ?

ਇਹ ਤਾਂ ਹੁਣ,
ਆਦਮੀ ਨੂੰ
ਕਿਤੇ ਵੀ ਨਹੀਂ ਲਿਜਾਂਦੇ

ਇਕ ਨਟਖਟ ਤਿਤਲੀ ਦੇ
ਪਰਾਂ ਦੇ ਰੰਗਾਂ ਨੂੰ
ਸ਼ਬਦਾਂ ਦੇ ਅਰਥ ਦੇਣੇ ਚਾਹੇ

ਪਰ ਹਵਾ ਵਿਚ
ਇਤਨੀ ਪਰਦੂਸ਼ਨ ਹੈ
ਕਿ ਕੋਈ ਵੀ ਅਰਥ
ਕਿਸੇ ਸ਼ਬਦ ਦੀ
ਤਰਜਮਾਨੀ ਨ ਕਰ ਸਕਿਆ

**(2)** ਇਤਿਹਾਸ
ਇਤਿਹਾਸ ਤਾਂ ਇਕ ਵਗਦਾ ਦਰਿਆ ਹੈ
ਜਿਸ ਵਿਚ ਤੂੰ ਤੇ ਮੈਂ ਤਾਂ
ਮਹਿਜ਼, ਪਾਣੀ ਦੀਆਂ ਦੋ ਬੂੰਦਾਂ ਹਾਂ

ਇਤਿਹਾਸ ਤਾਂ ਇਕ ਮਾਰੂਥਲ ਹੈ
ਜਿਸ ਵਿਚ ਤੂੰ ਤੇ ਮੈਂ ਤਾਂ
ਮਹਿਜ਼, ਰੇਤ ਦੇ ਦੋ ਕਿਣਕੇ ਹਾਂ

ਇਤਿਹਾਸ ਤਾਂ ਇਕ ਜਵਾਲਾਮੁਖੀ ਪਰਬਤ ਹੈ
ਜਿਸ ਵਿਚ ਤੂੰ ਤੇ ਮੈਂ ਤਾਂ
ਮਹਿਜ਼, ਖੌਲ ਰਹੀਆਂ ਦੋ ਗੈਸਾਂ ਹਾਂ

ਇਤਿਹਾਸ ਤਾਂ ਇਕ ਸਮੁੰਦਰ ਹੈ
ਜਿਸ ਵਿਚ ਤੂੰ ਤੇ ਮੈਂ ਤਾਂ
ਮਹਿਜ, ਦੋ ਲਹਿਰਾਂ ਹਾਂ

ਇਤਿਹਾਸ ਤਾਂ-
ਹਵਾ ਹੈ
ਪਾਣੀ ਹੈ
ਸੁਗੰਧ ਹੈ
ਦੁਰਗੰਧ ਹੈ
ਸ਼ਬਦ ਹਨ
ਬੋਲ ਹਨ
ਹਨ੍ਹੇਰਾ ਹੈ
ਰੌਸ਼ਨੀ ਹੈ

## (3) ਕਸ਼ਮਕਸ਼

ਧਾਰਮਿਕ ਮੱਠ ਦੇ ਨੇੜਿਉਂ ਲੰਘ ਰਹੀ
ਸੜਕ ਦੇ ਦੋਵੇਂ ਹੀ ਪਾਸੇ
ਸਰਕਾਰੀ ਕੁੱਤੇ ਭੌਂਕ ਰਹੇ ਹਨ

ਅਤੇ ਜ਼ਿੰਦਗੀ ਦੀਆਂ ਸਮੱਸਿਆਵਾਂ ਨਾਲ
ਯੁੱਧ ਕਰ ਰਿਹਾ
ਸੜਕ 'ਤੇ ਦੌੜਿਆ ਜਾ ਰਿਹਾ ਆਦਮੀ
ਪ੍ਰੇਸ਼ਾਨ ਹੈ

ਤੁਸੀਂ ਸੋਚ ਰਹੇ ਹੋਵੋਗੇ, ਕਿ ਸ਼ਾਇਦ
ਮੈਂ ਤੁਹਾਡੀ ਹੀ ਗੱਲ ਕਰ ਕਰ ਰਿਹਾ ਹਾਂ

ਨਹੀਂ ! ਜਨਾਬ, ਹਰਗਿਜ਼ ਨਹੀਂ !!

ਮੈਂ ਤਾਂ ਉਸ ਆਦਮੀ ਦੀ ਗੱਲ ਕਰ ਰਿਹਾ ਸਾਂ
ਜੋ ਤੁਹਾਡੇ ਘਰ ਵਿਚ ਵਰਤੇ ਜਾਣ ਵਾਲੇ
ਭਾਂਡੇ ਬਨਾਉਣ ਵਾਲੀ ਫੈਕਟਰੀ ਵਿਚ
ਇਸ ਵਕਤ ਲੋਹੇ ਨਾਲ ਲੋਹਾ ਹੋ ਰਿਹਾ ਹੈ



ਮੈਂ ਤਾਂ ਉਸ ਆਦਮੀ ਦੀ ਗੱਲ ਕਰ ਰਿਹਾ ਸਾਂ
ਜੋ ਸਕੂਲ ਤੋਂ ਪਰਤ ਰਹੇ
ਤੁਹਾਡੇ ਬੱਚੇ ਨੂੰ ਸੁਰੱਖਿਅਤ ਘਰ ਪਹੁੰਚਾਉਣ ਲਈ
ਇਸ ਵਕਤ ਕਿਸੀ ਸੜਕ 'ਤੇ ਬਸ ਚਲਾ ਰਿਹਾ ਹੈ

ਮੈਂ ਤਾਂ ਉਸ ਆਦਮੀ ਦੀ ਗੱਲ ਕਰ ਰਿਹਾ ਸਾਂ
ਜੋ ਤੁਹਾਡੇ ਘਰ ਦੀ ਮੇਜ਼ ਉਤੇ
ਪਰੋਸੇ ਜਾਣ ਵਾਲੀ ਰੋਟੀ ਲਈ
ਇਸ ਵਕਤ ਕਿਸੀ ਖੇਤ ਵਿਚ ਬੀਜ ਬੀਜ ਰਿਹਾ ਹੈ

ਮੈਂ ਤਾਂ ਉਸ ਆਦਮੀ ਦੀ ਗੱਲ ਕਰ ਰਿਹਾਂ ਸਾਂ
ਜੋ ਏਡਜ਼ ਨਾਲ ਮਰ ਰਹੇ
ਤੁਹਾਡੇ ਕਿਸੇ ਕਰੀਬੀ ਰਿਸ਼ਤੇਦਾਰ ਨੂੰ
ਇਸ ਵਕਤ ਕਿਸੀ ਹਸਪਤਾਲ ਵਿਚ ਦਵਾਈ ਪਿਲਾ ਰਿਹਾ ਹੈ

ਮੈਂ ਤਾਂ ਉਸ ਆਦਮੀ ਦੀ ਗੱਲ ਕਰ ਰਿਹਾ ਸਾਂ
ਜੋ ਕਿਸੇ ਧਾਰਮਿਕ ਨੇਤਾ ਨੂੰ ਖੁਸ਼ ਕਰਨ ਲਈ
ਆਪਣੇ ਬੀਮਾਰ ਬੱਚੇ ਲਈ ਲਿਆਂਦਾ ਦੁੱਧ
ਇਸ ਵਕਤ ਕਿਸੀ ਮੰਦਰ ਦੀ ਮੂਰਤੀ ਉਤੇ ਡੋਲ੍ਹ ਰਿਹਾ ਹੈ

ਮਾਫ ਕਰਨਾ !
ਮੈਂ ਤਾਂ ਪਹਿਲਾਂ ਵੀ ਆਖਿਆ ਸੀ
ਕਿ ਮੈਂ ਤੁਹਾਡੀ ਗੱਲ ਨਹੀਂ ਕਰ ਰਿਹਾ

ਮੈਂ ਤਾਂ ਉਸ ਆਦਮੀ ਦੀ ਗੱਲ ਕਰ ਰਿਹਾ ਸਾਂ
ਜੋ ਕਿੰਨ੍ਹੇ ਹੀ ਵਰ੍ਹਿਆਂ ਤੋਂ ਗੁੰਮ ਹੈ
ਅਤੇ ਜਿਸਦੀ ਤਲਾਸ਼ ਜਾਰੀ ਹੈ।

## (4) ਮੈਂ ਉਸਨੂੰ ਕਿਸ ਤਰ੍ਹਾਂ ਸਮਝ ਸਕਦਾ ਹਾਂ

ਉਸਦੇ ਇਕ ਹੱਥ ਵਿਚ
ਮੋਤੀਆਂ ਦਾ ਥਾਲ
ਅਤੇ ਦੂਜੇ ਵਿਚ ਵਿਸ਼ ਦਾ ਪਿਆਲਾ
ਸਦਾ ਹੀ ਮੇਰੇ ਲਈ ਹਾਜ਼ਿਰ ਹੁੰਦਾ ਹੈ

ਜੇਕਰ ਕਿਸੇ ਪਲ ਉਸਦਾ ਚੇਤਨ ਮਨ
ਮੇਰਾ ਮਿੱਤਰ ਹੁੰਦਾ ਹੈ
ਤਾਂ ਉਸੇ ਹੀ ਪਲ

ਉਸਦਾ ਅਰਧ ਚੇਤਨ ਮਨ
ਮੇਰੇ ਪ੍ਰਤੀ
ਯੁਗਾਂ ਯੁਗਾਂਤਰਾਂ ਜਿੰਨੀ ਲੰਬੀ
ਦੁਸ਼ਮਣੀ ਨਾਲ ਭਰਿਆ ਹੁੰਦਾ ਹੈ

ਸ਼ਾਇਦ
'ਆਦਮ' ਅਤੇ 'ਹੱਵਾ' ਦੇ ਜਨਮ ਵੇਲੇ ਤੋਂ ਹੀ
ਏਦਾਂ ਹੀ ਹੁੰਦਾ ਆਇਆ ਹੈ।

## (5) ਮੈਲੇ ਮੇਰੇ ਕੱਪੜੇ

ਮੈਲੇ ਮੇਰੇ ਕੱਪੜੇ
ਮੈਲਾ ਮੇਰਾਂ ਮਨ
ਫਿਰ ਵੀ ਅਤਰ, ਫੁਲੇਲਾਂ ਛਿੜਕਾਂ
ਆਪਣਿਆਂ ਅੰਗਾਂ 'ਤੇ

ਕਿੰਨ੍ਹਾਂ ਹਾਂ ਅਣਜਾਣ, ਕਿ
ਅਤਰ, ਫੁਲੇਲਾਂ ਦੀ ਮਹਿਕ ਤਾਂ ਤਨ ਉੱਤੇ
ਕੇਵਲ ਪਲ ਛਿਣ ਲਈ ਹੀ ਰਹਿੰਦੀ ਹੈ
ਨਾ ਇਹ ਕੱਪੜਿਆਂ ਦਾ
ਮੈਲਾਪਨ ਧੋ ਸਕਦੀ ਹੈ
ਨਾ ਇਹ ਮਨ ਦੀਆਂ
ਅੰਧ.ਗੁਫ਼ਾਵਾਂ ਵਿੱਚ ਪਲ ਰਹੇ
ਸੱਪਾਂ ਦੀ ਜ਼ਹਿਰ ਹੀ ਮਾਰੇ

ਨਾ ਇਹ ਰੂਹ 'ਚੋਂ ਨਿਕਲਣ ਵਾਲੇ
ਸੱਚ ਦਾ ਜਾਮਾ ਹੀ ਬਣ ਸਕਦੀ
ਨਾ ਇਹ ਮੇਰੇ ਮਨ ਤੋਂ, ਤੇਰੇ ਮਨ ਤੱਕ
ਪਹੁੰਚਣ ਲਈ ਬਣ ਸਕਦੀ ਕੋਈ ਰਾਹ

ਚੰਨ ਉੱਤੇ ਜਾ ਕੇ ਤਾਂ ਭਾਵੇਂ
ਬੰਦਾ ਸੌਖਾ ਹੀ ਮੁੜ ਆਇਆ ਹੈ
ਪਰ ਮਨ ਤੱਕ ਪਹੁੰਚਣ ਲਈ
ਤੈਰਨੇ ਪੈਂਦੇ ਸਾਗਰ ਅਸਗਾਹ

ਮੈਲੇ ਮੇਰੇ ਕੱਪੜੇ
ਮੈਲਾ ਮੇਰਾ ਮਨ
ਫਿਰ ਵੀ ਅਤਰ, ਫੁਲੇਲਾਂ ਛਿੜਕਾਂ
ਆਪਣਿਆਂ ਅੰਗਾਂ 'ਤੇ



## (6) ਤਿੜਕੇ ਹੋਏ ਸਮਿਆਂ ਵਿੱਚ

ਮੇਰੇ ਮਿੱਤਰ ਆਖਦੇ ਹਨ :
ਉਨ੍ਹਾਂ ਨੂੰ ਐਸੀ ਕਵਿਤਾ ਨਹੀਂ ਚਾਹੀਦੀ
ਜੋ ਕੰਡਿਆਂ ਵਾਂਗੂੰ ਚੁੱਭਦੀ ਹੋਵੇ;
ਕਵਿਤਾ, ਜਿਸ 'ਚੋਂ ਵਿਦਰੋਹ ਦੀ ਭਾਵਨਾ
ਭਾਫ਼ ਵਾਂਗੂੰ ਉੱਠਦੀ ਹੋਈ
ਉਨ੍ਹਾਂ ਦੇ ਮਨ-ਮਸਤਕ ਅੰਦਰ
ਤੇਜ਼ਾਬੀ ਨਸ਼ਤਰ ਵਾਂਗ
ਖੁੱਭਦੀ ਹੀ ਚਲੀ ਜਾਵੇ
ਕਵਿਤਾ, ਉਹ ਆਖਦੇ ਹਨ :

ਤੁਹਾਡੇ ਮਨ-ਮਸਤਕ ਅੰਦਰ
ਆਨੰਦ ਦੀ ਅਜਿਹੀ ਭਾਵਨਾ ਜਗਾਵੇ
ਜਿਸ ਤਰ੍ਹਾਂ ਕਿ ਕਿਸੇ ਪਾਲਤੂ ਕੁੱਤੇ ਦੀ
ਪੂਛ ਉੱਤੇ ਹੱਥ ਫੇਰਨ ਤੋਂ ਬਾਅਦ
ਤੁਸੀਂ ਅਨੁਭਵ ਕਰਦੇ ਹੋ

ਕਵਿਤਾ, ਉਹ ਆਖਦੇ ਹਨ :
ਤੁਹਾਡੇ ਮਨ-ਮਸਤਕ ਅੰਦਰ
ਅਦਾਵਾਂ ਲਈ ਅਜਿਹੀ ਭਾਵਨਾ ਜਗਾਵੇ
ਜਿਸ ਤਰ੍ਹਾਂ ਕਿ ਬਾਪੂ ਗਾਂਧੀ ਦੇ ਬਾਂਦਰਾਂ ਨੂੰ
ਹਰ ਜਲਸੇ-ਜਲੂਸ ਅੰਦਰ ਅਦਾਵਾਂ ਦਿਖਾਂਦੇ ਵੇਖ
ਤੁਸੀਂ ਅਨੁਭਵ ਕਰਦੇ ਹੋ

ਕਵਿਤਾ ਉਹ ਆਖਦੇ ਹਨ :
ਤੁਹਾਡੇ ਮਨ-ਮਸਤਕ ਅੰਦਰ
ਸਕੂਨ ਦੀ ਅਜਿਹੀ ਭਾਵਨਾ ਜਗਾਵੇ
ਜਿਸ ਤਰ੍ਹਾਂ ਕਿ ਕੈਨੇਡਾ ਦੇ ਪੰਜਾਬੀ
ਰੇਡੀਓ/ਟੀ.ਵੀ. ਪ੍ਰੋਗਰਾਮਾਂ ਦੇ ਪੇਸ਼ਕਾਰਾਂ ਵੱਲੋਂ
ਕੁੱਤਿਆਂ, ਬਿੱਲੀਆਂ ਦੇ ਜਨਮ ਦਿਨਾਂ ਦੇ ਸੁਨੇਹਿਆਂ ਤੋਂ ਲੈ ਕੇ
ਮੇਜ਼ਾਂ, ਕੁਰਸੀਆਂ, ਸੋਫਿਆਂ ਅਤੇ ਟੀ.ਵੀ. ਸਕਰੀਨਾਂ ਦੀਆਂ
ਲੰਬੀਆਂ ਉਮਰਾਂ ਲਈ ਕੀਤੀਆਂ ਦੁਆਵਾਂ ਸੁਣਕੇ
ਤੁਸੀਂ ਅਨੁਭਵ ਕਰਦੇ ਹੋ

ਕਵਿਤਾ, ਉਹ ਆਖਦੇ ਹਨ :
ਐਸੀ ਨ ਹੋਵੇ
ਜੋ ਕੰਡਿਆਂ ਵਾਂਗੂੰ ਚੁੱਭਦੀ ਹੋਈ
ਤੇਜ਼ਾਬੀ ਨਸ਼ਤਰ ਵਾਂਗ
ਦਿਲ-ਦਿਮਾਗ਼ ਵਿੱਚ ਖੁੱਭਦੀ ਹੀ
ਚਲੀ ਜਾਵੇ।

(Mississauga, Ont, Canada)

## ਲੌਗ-ਫਲੂਮ

—ਹਰਜੀਤ ਅਟਵਾਲ

ਇਹ ਕਹਾਣੀ ਪਰਦੁਮਣ ਸਿੰਘ ਦੀ ਹੈ । ਪਰਦੁਮਣ ਸਿੰਘ, ਜਿਸ ਦੇ ਗਵਾਂਢ ਮੈਂ ਘਰ ਲਿਆ ਸੀ । ਸਾਡੀ ਸਾਂਝੀ ਡਰਾਈਵ-ਵੇਅ ਸੀ, ਸਾਂਝੀ ਹੀ ਫੈਂਸ । ਜਿਸ ਦੇ ਵਾਕਫ ਬਣਨ ਨੂੰ ਮੈਨੂੰ ਕਈ ਮਹੀਨੇ ਲਗ ਗਏ ਸਨ । ਜਦ ਵਾਕਫ ਬਣੇ ਤਾਂ ਭਰਾਵਾਂ ਵਰਗੇ ਰਿਸ਼ਤੇ ਹੋ ਗਏ ।

ਮੈਂ ਹੰਸਲੋ ਇਸ ਕਰਕੇ ਘਰ ਲਿਆ ਸੀ, ਕਿ ਮੇਰੇ ਕੰਮ ਲਈ ਇਥੋਂ ਅੰਡਰ-ਗਰਾਊਂਡ ਸਿੱਧੀ ਜਾਂਦੀ ਸੀ ਤੇ ਘਰ ਸਟੇਸ਼ਨ ਦੇ ਨਜ਼ਦੀਕ । ਜੋ ਘਰ ਮੈਂ ਲਿਆ ਸੀ ਕੁਝ ਦੇਰ ਤੋਂ ਖਾਲੀ ਪਿਆ ਹੋਣ ਕਰਕੇ ਗਵਾਂਢੀ ਡਰਾਈਵ-ਵੇਅ ਤੇ ਇਕ ਕਿਸਮ ਨਾਲ ਕਬਜ਼ਾ ਕਰੀ ਬੈਠੇ ਸਨ । ਕਾਰ ਵਿਚ-ਵਿਚਾਲੇ ਹੀ ਖੜ੍ਹੀ ਕਰ ਛੱਡਦੇ । ਅਸੀਂ ਘਰ ਵਿਚ ਪੁੱਜੇ, ਹਿਲਜੁਲ ਸ਼ੁਰੂ ਹੋਈ ਤਾਂ ਪੜੋਸੀਆਂ ਨੂੰ ਆਪਣੀ ਕਾਰ ਗਲਤ ਖੜ੍ਹੀ ਕਰਨ ਦਾ ਅਹਿਸਾਸ ਹੋਇਆ । ਅਸੀਂ ਵੈਨ ਵਿਚੋਂ ਸਾਮਾਨ ਉਤਾਰ ਰਹੇ ਸਾਂ ਕਿ ਹਲਕੀ ਜਿਹੀ ਵਿਤ ਦਾ ਆਦਮੀ ਨਾਲ ਦੇ ਘਰੋਂ ਨਿਕਲਿਆ, ਕਤਰੀ ਹੋਈ ਪੰਜਾਬੀ ਦਾਹੜੀ ਤੇ ਚਮਕਦੀਆਂ ਪੰਜਾਬੀ ਅੱਖਾਂ ਨਾਲ ਸਾਡੇ ਵੱਲ ਝਾਕਿਆ । ਬਿਨਾਂ ਕਿਸੇ ਪਰੀਚਯ ਜਾਂ ਰਸਮੀ ਗੱਲ ਦੇ ਸਿੱਧਾ ਹੀ ਅੰਗਰੇਜ਼ੀ ਵਿਚ ਪੁੱਛਣ ਲੱਗਾ,

—"ਜੇਕਰ ਵੈਨ ਗੈਰਜ ਵਿਚ ਲੈ ਜਾਣੀ ਐ ਤਾਂ ਕਾਰ ਪਰਾਂਹ ਕਰ ਦੇਵਾਂ ?"

—"ਹਾਂ ਕਰ ਲਓ ।"

ਮੈਂ ਵੀ ਛੋਟਾ ਜਿਹਾ ਉੱਤਰ ਅੰਗਰੇਜ਼ੀ ਵਿਚ ਹੀ ਦਿੱਤਾ । ਉਸ ਨੇ ਸਕਿਉਰਟੀ ਦੀ ਵਰਦੀ ਪਹਿਨੀ ਹੋਈ ਸੀ । ਵਰਦੀ ਤੇ ਬੈਜ ਤੇ ਬੈਜ ਉਪਰ ਉਸ ਦਾ ਨਾਂ ਸੀ—ਪਰਦੁਮਣ ਸਿੰਘ ।

ਉਸ ਤੋਂ ਬਾਅਦ ਕਾਫੀ ਅਰਸੇ ਤੱਕ ਸਾਡੀ ਆਪਸ ਵਿਚ ਕੋਈ ਗੱਲ ਨਾ ਹੋਈ । ਅਸਲ ਵਿਚ ਮੈਂ ਹੀ ਕਿਸੇ ਨਾਲ ਵਾਕਫੀ ਪਾਉਣ ਵਿਚ ਕਾਹਲ ਕਰਨ ਦੇ ਹੱਕ ਵਿਚ ਨਹੀਂ, ਖਾਸ ਤੌਰ ਤੇ ਗਵਾਂਢੀਆਂ ਨਾਲ । ਪਤਾ ਨਹੀਂ ਕਿਹੋ ਜਿਹੇ ਲੋਕ ਹੋਣ, ਤੁਹਾਡਾ ਕਤੂਰਾ ਰਲ੍ਹੇ ਕਿ ਨਾ ਰਲ੍ਹੇ । ਫਿਰ ਪਿੱਛੇ ਹਟਣ ਦੀ ਥਾਂ ਪਹਿਲਾਂ ਹੀ ਹੌਲੀ ਹੌਲੀ ਵਾਕਫੀ ਵਧਾਉ । ਸੋ ਮੈਂ ਪਰਦੁਮਣ ਸਿੰਘ ਨੂੰ ਦੇਖ ਕੇ ਮੁਸਕਰਾਹਟ ਦੇ ਛੱਡਦਾ । ਕੰਮ ਤੇ ਜਾਂ ਬਜ਼ਾਰ ਜਾਂਦਿਆਂ, ਗਾਰਡਨ ਠੀਕ ਕਰਦਿਆਂ ਸਾਡੀਆਂ ਨਜ਼ਰਾਂ ਮਿਲ ਜਾਂਦੀਆਂ ਤਾਂ ਸੰਖੇਪ ਜਿਹੀ ਹੈਲੋ ਹੀ ਹੁੰਦੀ । ਸਾਡੇ ਬੱਚੇ ਵੀ ਹਮਉਮਰ ਨਹੀਂ ਸਨ । ਉਸ ਦਾ ਮੁੰਡਾ ਦਸ ਸਾਲ ਦਾ ਹੋਵੇਗਾ ਤੇ ਕੁੜੀ ਸਾਲ ਕੁ ਛੋਟੀ । ਸਾਡੀਆਂ ਜੌੜੀਆਂ ਅੰਜਨਾ ਤੇ ਰੰਗਨਾ ਹਾਲੇ ਤਿੰਨ ਸਾਲ ਦੀਆਂ ਨਹੀਂ ਸਨ ਹੋਈਆਂ । ਸੋਮਾਂ ਨੇ ਜ਼ਰੂਰ ਉਸ ਦੀ ਪਤਨੀ ਨਾਲ ਗੱਪ-ਸ਼ੱਪ ਸ਼ੁਰੂ ਕਰ ਲਈ ਸੀ । ਉਸ ਦੀ ਚੁੱਪ ਜਿਹੀ ਪਤਨੀ ਕਦੇ-ਕਦੇ ਸਾੜ੍ਹੀ ਲਾਉਂਦੀ ਕਦੇ ਸੂਟ ਪਾ ਕੇ ਬਾਹਰ ਨਿਕਲਦੀ । ਮੈਂ ਜਦ ਵੀ ਉਸ ਨੂੰ ਦੇਖਦਾ ਉਹ ਪੂਰੀ ਸਜੀ ਹੋਈ ਹੁੰਦੀ ।

ਇਕ ਦਿਨ ਸੋਮਾਂ ਖਬਰ ਕੱਢ ਕੇ ਲਿਆਈ,

—"ਮੈਂ ਕਿਹਾ ਜੀ, ਆਪਣੇ ਗਵਾਂਢੀਆਂ ਦੀ ਲਵ-ਮੈਰਿਜ ਐ, ਆਦਮੀ ਜੱਟ ਐ ਤੇ



ਸਵਿਤਰੀ ਖੱਤਰੀਆਂ ਦੀ ਕੁੜੀ ਐ । ਇੰਡੀਆ 'ਚ ਦੋਨੋਂ ਟੀਚਰ ਲੱਗੇ ਹੋਏ ਸੀ, ਘਰਦਿਆਂ ਦੇ ਖਿਲਾਫ ਹੋ ਕੇ ਵਿਆਹ ਕਰਾ ਲਿਆ ।"

ਪਹਿਲਾਂ ਤਾਂ ਦੋਨੋਂ ਔਰਤਾਂ ਫੈਂਸ ਤੇ ਖੜ੍ਹ ਕੇ ਹੀ ਗੱਲਾਂ ਕਰਦੀਆਂ ਸਨ ਫਿਰ ਇਕ ਦੂਜੇ ਦੇ ਘਰ ਵੀ ਆਉਣ ਲੱਗੀਆਂ । ਦੋਨੋਂ ਵਿਹਲੀਆਂ ਸਨ । ਸੋਮਾਂ ਦੇ ਬੱਚੇ ਛੋਟੇ ਹੋਣ ਕਰਕੇ ਕੰਮ ਤੇ ਨਹੀਂ ਸੀ ਜਾ ਸਕਦੀ । ਗਵਾਂਢਣ ਦਾ ਪਤੀ ਹੀ ਸ਼ਾਇਦ ਇੰਨੇ ਪੈਸੇ ਕਮਾ ਲੈਂਦਾ ਹੋਵੇ ਕਿ ਉਸ ਨੂੰ ਕੰਮ ਕਰਨ ਦੀ ਲੋੜ ਨਹੀਂ ਪਈ । ਮੇਰੇ ਕੰਮ ਤੋਂ ਮੁੜਦਿਆਂ ਹੀ ਸੋਮਾਂ ਫਿਕਰ ਜਿਹਾ ਕਰਦੀ ਮੈਨੂੰ ਦੱਸਦੀ,

—"ਸਵਿਤਰੀ ਦਾ ਕੋਈ ਰਿਸ਼ਤੇਦਾਰ ਇਥੇ ਨਹੀਂ । ਏਸ ਭਾਈ ਦਾ ਕੋਈ ਵੀ ਸਾਕ ਸਬੰਧੀ ਵਿਚਾਰੀ ਨੂੰ ਪਸੰਦ ਨਹੀਂ ਕਰਦਾ, ਅਖੇ ਹੋਰ ਜਾਤ ਦੀ ਐ ।"

—"ਆਦਮੀ ਤਾਂ ਕਰਦੈ ਨਾ ?"

ਮੈਂ ਗੱਲ ਮੁਕਾਉਣ ਲਈ ਕਹਿੰਦਾ । ਸੋਮਾਂ ਬੋਲਦੀ,

—"ਉਹ ਤਾਂ ਬਹੁਤ ਕਰਦੈ, ਦਸਦੀ ਐ ਬਈ ਸੁਭਾਅ ਦਾ ਜ਼ਰਾ ਕੋੜਾ ਐ ।...ਇਹਨਾਂ ਦਾ ਮੁੰਡਾ ਪੜ੍ਹਨ ਨੂੰ ਬਹੁਤ ਹੁਸ਼ਿਆਰ ਐ !...ਕੁੜੀ ਢਿੱਲੀ ਐ ।...ਇਹਨਾਂ ਦਾ ਇਹ ਘਰ ਫਰੀ ਐ ।...ਭਾਈ ਨੂੰ ਏਅਰ-ਪੋਰਟ ਤੇ ਚੰਗੀ ਜੌਬ ਮਿਲੀ ਹੋਈ ਐ, ਓਵਰ-ਟਾਈਮ ਵੀ ਬਹੁਤ ਲਗਦੈ ।...ਆਪਣੇ ਮਾਂ-ਪਿਓ ਨੂੰ ਵੀ ਵਾਹਵਾ ਪੈਸੇ ਭੇਜਦਾ ।...ਭੈਣਾਂ ਭਰਾਵਾਂ ਦੇ ਵੀ ਨਾਲ ਖੜਦੈ ।"

ਸੋਮਾਂ ਇਕੋ ਗੱਲ ਨੂੰ ਕਈ ਕਈ ਵਾਰ ਕਰ ਜਾਂਦੀ । ਮੇਰੀ ਦਿਲਚਸਪੀ ਨਾ ਜਾਗਦੀ ਦੇਖ ਕੇ ਖਿਝਣ ਲੱਗਦੀ ।

ਫਿਰ ਇਕ ਦਿਨ ਪਰਦੁਮਣ ਸਿੰਘ ਨਾਲ ਟਾਕਰੇ ਹੋ ਹੀ ਗਏ । ਉਹਨਾਂ ਨੇ ਮੁੰਡੇ ਦਾ ਜਨਮ ਦਿਨ ਮਨਾਇਆ । ਸਾਨੂੰ ਵੀ ਸੱਦਿਆ । ਦੋ ਪਰੀਵਾਰ ਹੋਰ ਵੀ ਸਨ । ਉਸ ਦਿਨ ਮੈਂ ਪਰਦੁਮਣ ਸਿੰਘ ਨਾਲ ਜਾਮ ਟਕਰਾਏ । ਰੱਜ ਕੇ ਗੱਲਾਂ ਕੀਤੀਆਂ । ਸਾਡੇ ਸੁਭਾਅ ਮੇਲ ਖਾ ਰਹੇ ਜਾਪਦੇ ਸਨ । ਉਮਰ ਵਿਚ ਤਾਂ ਭਾਵੇਂ ਉਹ ਮੇਰੇ ਤੋਂ ਕੁਝ ਵੱਡਾ ਹੋਵੇ, ਪਰ ਸਾਡਾ ਇਲਾਕਾ ਇੱਕੋ ਸੀ ਤੇ ਇਲਾਕੇ ਦੀਆਂ ਪ੍ਰਮੁੱਖ ਸ਼ਖਸੀਅਤਾਂ ਜਿਵੇਂ ਖਿਡਾਰੀ, ਸਿਆਸਤਦਾਨ, ਬਦਮਾਸ਼ ਆਦਿ ਦੀ ਪਛਾਣ ਸਾਡੀ ਗੱਲ-ਬਾਤ ਲਈ ਤਕੜਾ ਪੁਲ ਬਣ ਗਈ । ਉਹ ਅਸਾਨ ਜਿਹੇ ਸੁਭਾਅ ਦਾ ਮਾਲਕ ਦਿਸਦਾ ਸੀ । ਮੈਨੂੰ ਹਲਕੀ ਜਿਹੀ ਸ਼ਰਮਿੰਦਗੀ ਹੁੰਦੀ ਰਹੀ ਕਿ ਇਹ ਨੇੜਤਾ ਪਹਿਲਾਂ ਕਿਉਂ ਨਹੀਂ ਪੈਦਾ ਕੀਤੀ । ਪਰਦੁਮਣ ਦੀ ਇਹ ਖੂਬੀ ਵੀ ਸੀ ਕਿ ਮਹਿਫਲ ਵਿਚ ਬੈਠਾ ਬਹੁਤੀਆਂ ਗੱਲਾਂ ਮੇਰੇ ਨਾਲ ਕਰਦਾ ਸੀ, ਪਰ ਹੋਰਨਾਂ ਨੂੰ ਵੀ ਅੱਖੋਂ-ਪਰੋਖੇ ਨਹੀਂ ਸੀ ਕਰ ਰਿਹਾ । ਹਰ ਗੱਲ ਉਹਨਾਂ ਨੂੰ ਨਾਲ ਜਮ੍ਹਾਂ ਕਰਕੇ ਕਰਦਾ ।

ਉਸ ਦਿਨ ਦੀ ਪਾਰਟੀ ਛੋਟੀ ਜਿਹੀ ਸੀ । ਆਦਮੀ ਅਸੀਂ ਕੁਲ ਚਾਰ ਸਾਂ । ਬਾਕੀ ਬੱਚੇ, ਔਰਤਾਂ ਸਨ । ਸਭ ਖੁਸ਼ ਸਨ । ਕੇਕ ਕੱਟਣ ਦਾ ਵਕਤ ਹੋਇਆ । ਕੇਕ ਮੇਜ਼ ਤੇ ਸਜਾਇਆ ਗਿਆ । ਸਭ ਕੁਝ ਤਿਆਰ ਸੀ । ਅਸੀਂ ਸਾਰੇ ਮੇਜ਼ ਦੁਆਲੇ ਇਕੱਠੇ ਹੋ ਗਏ । ਸਵਿਤਰੀ ਕਾਹਲੀ

ਕਾਹਲੀ ਇਧਰ ਉਧਰ ਹੱਥ ਮਾਰ ਰਹੀ ਸੀ। ਕੇਕ ਵਿਚ ਗੱਡਣ ਲਈ ਛੋਟੀਆਂ ਮੋਮ-ਬੱਤੀਆਂ ਲਭ ਰਹੀ ਸੀ, ਪਰ ਥਿਆ ਨਹੀਂ ਸਨ ਰਹੀਆਂ। ਪਰਦੁਮਣ ਦੀਆਂ ਮੁੱਛਾਂ ਗੁੱਸੇ ਵਿਚ ਫਰਕਣ ਲੱਗੀਆਂ। ਉਸ ਨੇ ਉੱਚੀ ਅਵਾਜ਼ ਵਿਚ ਸਵਿਤਰੀ ਨੂੰ ਪੁਛਿਆ।

—"ਲੱਭੀਆਂ ਕਿ ਨਹੀਂ?"

—"ਜੀ ਨਹੀਂ।"

ਸਵਿਤਰੀ ਨੇ ਹੌਲੀ ਜਿਹੀ ਜਵਾਬ ਦਿੱਤਾ। ਪਰਦੁਮਣ ਦੀ ਵਿੱਤ ਭਾਵੇਂ ਹਲਕੀ ਸੀ, ਪਰ ਆਵਾਜ਼ ਟੁਣਕਵੀਂ ਸੀ, ਖੜਕਾ ਕਰਦੀ ਦੂਰ ਤੱਕ ਜਾਂਦੀ।

ਉਸ ਨੇ ਕਿਹਾ,

—"ਬੇਵਕੂਫ ਔਰਤ, ਸੰਭਾਲ ਕੇ ਨਹੀਂ ਸੀ ਰੱਖਣੀਆਂ? ਸਦਾ ਹੀ ਮੌਕੇ ਤੇ ਤੇਰਾ ਕੁਸ਼ ਨਾ ਕੁਸ਼ ਗੁਆਚਾ ਰਹਿੰਦੈ।"

ਫਿਰ ਉਸ ਨੇ ਇਕ ਪਾਸੇ ਨੂੰ ਹੋ ਕੇ ਗੰਦੀ ਗਾਲ੍ਹ ਵੀ ਕੱਢੀ ਤੇ ਕਾਰ ਦੀਆਂ ਚਾਬੀਆਂ ਚੁੱਕ ਕੇ ਦੁਕਾਨ ਤੋਂ ਹੋਰ ਖਰੀਦਣ ਚਲੇ ਗਿਆ। ਸਵਿਤਰੀ ਨੇ ਸਾਡੇ ਵਲ ਇਵੇਂ ਦੇਖਿਆ ਜਿਵੇਂ ਮਾਰ ਪੈਂਦਾ ਵਿਦਿਆਰਥੀ ਸਾਥੀ ਜਮਾਤੀਆਂ ਵਲ ਦੇਖਿਆ ਕਰਦਾ ਹੈ। ਕੁਝ ਛਿਣ ਲਈ ਨਮੋਸ਼ੀ ਜਿਹੀ ਛਾ ਗਈ। ਕਿਸੇ ਔਰਤ ਨੇ ਹੌਲੇ ਜਿਹੇ ਕਿਹਾ,

—"ਇਹ ਆਦਤ ਭਾ ਜੀ ਦੀ ਬਹੁਤ ਮਾੜੀ ਐ, ਅਗਲੇ ਨੂੰ ਮਿੰਟ 'ਚ ਲਾਹ ਕੇ ਰੱਖ ਦਿੰਦੈ।"

ਪਰ ਸਵਿਤਰੀ ਆਮ ਵਾਂਗ ਸੀ ਜਿਵੇਂ ਕੁਝ ਹੋਇਆ ਹੀ ਨਾ ਹੋਵੇ। ਝੀਲ ਦੀ ਉਪਰਲੀ ਤਹਿ ਵਾਂਗ। ਪਰਦੁਮਣ ਛੇਤੀ ਹੀ ਹੋਰ ਬਰਥ-ਡੇ-ਕੈਂਡਲ ਲੈ ਆਇਆ। ਉਹ ਪਹਿਲਾਂ ਵਾਂਗ ਹੀ ਖੁਸ਼ ਸੀ। ਆਪਣੇ ਪੈਗ ਵਿਚੋਂ ਇਕ ਘੁਟ ਭਰ ਕੇ ਚਲਦੇ ਸੰਗੀਤ ਨਾਲ ਚੁਟਕੀ ਵਜਾ ਰਿਹਾ ਸੀ, ਪਰ ਮੇਰਾ ਮੂਡ ਠੀਕ ਨਾ ਹੋਇਆ। ਛੋਟੀ ਜਿਹੀ ਗੱਲ ਵਾਸਤੇ ਐਡੀ ਵੱਡੀ ਤਲਖ਼ੀ। ਮਹਿਫਲ ਵਿਚ ਪਤੀ ਜਾਂ ਪਤਨੀ ਦੂਜੇ ਦੀ ਬੇਇੱਜ਼ਤੀ ਕਰ ਕੇ ਰੱਖ ਦੇਣ, ਮੈਨੂੰ ਬਹੁਤ ਬੁਰਾ ਲਗਦਾ ਹੈ। ਮੈਂ ਸੋਮਾਂ ਵਲ ਦੇਖਿਆ ਉਹ ਵੀ ਚੁੱਪ ਚਾਪ ਸੀ। ਪਾਰਟੀ ਮਗਰੋਂ ਘਰ ਆ ਕੇ ਵੀ ਅਸੀਂ ਬਹੁਤੀ ਗੱਲ ਬਾਤ ਨਾ ਕਰ ਸਕੇ। ਦੂਜੇ ਦਿਨ ਮੂਡ ਠੀਕ ਹੋਏ ਤਾਂ ਮੈਂ ਸੋਮਾਂ ਨੂੰ ਛੇੜਦਿਆਂ ਕਿਹਾ,

—"ਤੇਰੇ ਨਾਲ ਵੀ ਏਦਾਂ ਈ ਪੇਸ਼ ਔਣਾ ਚਾਹੀਦੈ ਤਾਂ ਜੋ ਕਾਬੂ 'ਚ ਰਹੇਂ।"

—"ਤੁਹਾਨੂੰ ਮਜ਼ਾਕ ਸੁਝਦੈ।...ਮੈਂ ਤਾਂ ਹੈਰਾਨ ਆਂ ਕਿ ਸਵਿਤਰੀ ਨੇ ਉਹਦੇ ਨਾਲ ਲਵ-ਮੈਰਿਜ ਕਿੱਦਾਂ ਕਰ ਲਈ? ਵਿਚਾਰੀ ਬਹੁਤੀ ਹੀ ਭਲੀਮਾਣਸ ਐ।"

—"ਇੰਨੀ ਭਲੀਮਾਣਸ ਤਾਂ ਸ਼ਾਇਦ ਨਾ ਹੋਵੇ। ਜਿਸ ਔਰਤ ਨੇ ਘਰਦਿਆਂ ਖ਼ਿਲਾਫ, ਪੂਰੇ ਸਮਾਜ ਨਾਲ ਲੜ ਕੇ ਵਿਆਹ ਕਰਾਇਆ ਉਹਦੇ ਵਿਚ ਕਣ ਤਾਂ ਹੋਏਗਾ ਹੀ।

ਗੱਲ ਆਈ-ਗਈ ਹੋ ਗਈ। ਪਰਦੁਮਣ ਨਾਲ ਮੇਰੇ ਸਬੰਧ ਵਧਣ ਲੱਗੇ। ਨਰੋਏ ਹੋਣ ਲੱਗੇ। ਸਵਿਤਰੀ ਤੇ ਸੋਮਾਂ ਵਿਚਕਾਰ ਵੀ ਨੇੜਤਾ ਹੋ ਗਈ। ਫਿੱਡ ਫਰੋਲਣ ਜੋਗੀ ਨੇੜਤਾ। ਜਿਹੜੀ ਵੀ ਗੱਲ ਸਵਿਤਰੀ ਸੋਮਾਂ ਕੋਲ ਕਰਦੀ, ਸੋਮਾਂ ਸਿੱਧੀ ਮੇਰੇ ਪਾਸ ਆ ਦਸਦੀ। ਕਦੇ ਮੈਂ



ਉਸ ਨੂੰ ਟੋਕ ਦਿੰਦਾ, ਕਦੇ ਦਿਲਚਸਪੀ ਵੀ ਲੈਣ ਲਗਦਾ। ਸੋਮਾਂ ਦੀਆਂ ਗੱਲਾਂ ਤੋਂ ਜਾਪਦਾ ਸੀ ਕਿ ਸਵਿਤਰੀ ਦਾ ਆਪਣਾ ਵਿਅਕਤੀਤਵ ਪਰਦੁਮਣ ਦੀ ਹੋਂਦ ਹੇਠਾਂ ਦਬਿਆ ਬੁਰੀ ਤਰ੍ਹਾਂ ਛਟ ਪਟਾ ਰਿਹਾ ਸੀ। ਨਿੱਕੀ ਨਿੱਕੀ ਗੱਲ ਉਸ ਨੂੰ ਵੱਡੀ ਹੋ ਕੇ ਚੁਭਦੀ, ਪਰ ਉਹ ਜਰ ਰਹੀ ਸੀ। ਕਦੇ ਕਦੇ ਸੋਮਾਂ ਉਸ ਬਾਰੇ ਚਿੰਤਾਤੁਰ ਹੋਣ ਲੱਗਦੀ। ਮੈਂ ਉਸ ਨੂੰ ਕਹਿੰਦਾ,

—"ਤੂੰ ਐਵੇਂ ਗਮ ਨਾ ਲਾ, ਸਵਿਤਰੀ ਏਨੀ ਕਮਜ਼ੋਰ ਨਹੀਂ।"

—"ਔਰਤ ਤਾਂ ਸਦਾ ਈ ਕਮਜ਼ੋਰ ਹੁੰਦੀ ਐ, ਫਿਰ ਸਵਿਤਰੀ ਤਾਂ ਇਕੱਲੀ ਐ, ਆਪਣਾ ਦੁੱਖ ਵੀ ਕਿਸੇ ਨੂੰ ਨਹੀਂ ਦੱਸ ਸਕਦੀ। ਸਭ ਨੂੰ ਦੁਸ਼ਮਣ ਬਣਾ ਕੇ ਵਿਆਹ ਕਰਾਇਐ ਹੁਣ ਕੀ ਕਹੇ ਕਿ ਉਹ ਤੰਗ ਐ। ਕਹਿੰਦੀ ਐ ਬਈ ਦਿਲ ਕਰਦੈ ਕੁਸ਼ ਖਾ ਕੇ ਮਰ ਜਾਵਾਂ। ਵਿਚਾਰੀ ਅੰਦਰੋਂ ਬੁਰੀ ਤਰ੍ਹਾਂ ਟੁੱਟੀ ਪਈ ਐ। ਆਪ ਤਾਂ ਇਹ ਭਾਈ ਆਪਣੇ ਘਰ ਨੂੰ ਪੈਸੇ ਭੇਜਦਾ, ਹੋਰ ਤੋਹਫੇ ਵੀ, ਪਰ ਸਵਿਤਰੀ ਦੇ ਘਰ ਨੂੰ ਕੋਈ ਚੀਜ਼-ਸਾਰਖੀ ਨਹੀਂ ਭੇਜੀ।"

—"ਜਦ ਸਭ ਨੂੰ ਛੱਡ ਈ ਚੁਕੀ ਐ, ਕੱਟ ਕਰ ਚੁੱਕੀ ਐ ਕੁਝ ਭੇਜਿਆ ਜਾਂ ਨਾ, ਕੀ ਫ਼ਰਕ ਪੈਂਦੈ?"

—"ਸਵਿਤਰੀ ਸੋਚਦੀ ਐ ਬਈ ਇਸੇ ਬਹਾਨੇ ਹੀ ਸ਼ਾਇਦ ਸੁਲਾਹ ਹੋ ਜਾਵੇ, ਐਣੀ ਜਾਣੀ ਖੁਲ੍ਹ ਜਾਏ। ਸੁੱਕੀ ਚਿੱਠੀ ਦਾ ਉਹ ਜਵਾਬ ਨਹੀਂ ਦਿੰਦੇ।"

ਇਹ ਠੀਕ ਸੀ ਕਿ ਪਰਦੁਮਣ ਉਸ ਨੂੰ ਸਭ ਦੇ ਸਾਹਮਣੇ ਹੀ ਦਬਕ ਜਾਂਦਾ ਸੀ। ਸਵਿਤਰੀ ਦੀ ਬੇਇਜ਼ਤੀ ਕਰ ਦਿੰਦਾ ਸੀ। ਪਰ ਉਸ ਨੂੰ ਪਿਆਰ ਵੀ ਲੋਹੜੇ ਦਾ ਕਰਦਾ ਸੀ। ਸਵੀ ਸਵੀ ਕਰਦਾ ਉਸ ਦੇ ਅੱਗੇ ਪਿੱਛੇ ਫਿਰਦਾ ਰਹਿੰਦਾ। ਦਿਨ-ਸੁਦ ਤੇ ਉਸ ਨੂੰ ਤੋਹਫ਼ੇ ਲੈ ਕੇ ਦਿੰਦਾ। ਉਸ ਦਾ ਜਨਮ ਦਿਨ ਹੁੰਦਾ, ਵਿਆਹ ਦੀ ਸਾਲਗ੍ਰਿਹ ਹੁੰਦੀ, ਪਰਦੁਮਣ ਉਸ ਲਈ ਕੋਸ਼ਿਸ਼ ਨਾਲ ਲੱਭ ਕੇ ਕੋਈ ਨਾ ਕੋਈ ਚੀਜ਼ ਲਿਆਉਂਦਾ। ਉਸ ਨੂੰ ਵਿਸ਼ੇਸ਼ ਬਣਾ ਕੇ ਪੇਸ਼ ਕਰਦਾ। ਬੱਚਿਆਂ ਨਾਲ ਵੀ ਉਸ ਦਾ ਬਹੁਤ ਮੋਹ ਸੀ। ਉਹਨਾਂ ਦੀ ਮੂੰਹੋਂ ਨਿਕਲੀ ਹਰ ਗੱਲ ਪੂਰੀ ਕਰਦਾ। ਸਮੁੱਚੇ ਤੌਰ ਤੇ ਪਰਦੁਮਣ ਖੁਸ਼ ਸੀ ਤੇ ਭਰਪੂਰ ਜ਼ਿੰਦਗੀ ਜੀ ਰਿਹਾ ਸੀ। ਦਿਨੋ ਦਿਨ ਮੈਂ ਉਸ ਨੂੰ ਵਧੇਰੇ ਜਾਣ ਰਿਹਾ ਸਾਂ। ਉਹ ਦੋਸਤਾਂ ਦਾ ਦੋਸਤ ਸੀ। ਵੇਲੇ ਸਿਰ ਕੰਮ ਆਉਣ ਵਾਲਾ। ਉਸਨੂੰ ਮਹਿਫਲਾਂ ਜਮਾਉਣ ਦਾ ਸ਼ੌਂਕ ਸੀ। ਚੁਸਕੀਆਂ ਲੈ ਲੈ ਵਿਸਕੀ ਪੀਂਦਾ। ਇਕ ਸਮਾਂ ਉਹ ਵੀ ਆ ਗਿਆ ਕਿ ਉਸ ਦਾ ਹਰ ਵੀਕ ਐਂਡ ਹੀ ਮੇਰੇ ਨਾਲ ਬੀਤਣ ਲੱਗਾ। ਅਸੀਂ ਦੋਵੇਂ ਟੱਬਰ ਇਕੱਠੇ ਘੁੰਮਣ ਨਿਕਲਦੇ। ਬਾਹਰ ਗਾਰਡਨ ਵਿਚ ਮੀਟ ਭੁੰਨਦੇ, ਬਾਰਬਕਿਊ ਬਣਾਉਦੇ।

ਛੁੱਟੀ ਵਾਲੇ ਇਕ ਦਿਨ 'ਥੋਰਪ-ਪਾਰਕ' ਜਾਣ ਦਾ ਪ੍ਰੋਗਰਾਮ ਬਣਿਆ। ਥੋਰਪ-ਪਾਰਕ', ਜਿਸ ਦੇ ਪ੍ਰਬੰਧਕ ਲੋਕਾਂ ਦਾ ਧਿਆਨ ਖਿੱਚਣ ਲਈ ਤਰ੍ਹਾਂ ਤਰ੍ਹਾਂ ਦੇ ਕ੍ਰਿਸ਼ਮੇ ਜਿਹੇ ਖੜੇ ਕਰ ਰਖਦੇ ਹਨ। ਅਸੀਂ ਸਵੇਰੇ ਜਲਦੀ ਤਿਆਰ ਹੋਏ। ਬੱਚੇ ਉਤਸ਼ਾਹ ਵਿਚ ਚਹਿਕ ਰਹੇ ਸਨ। ਔਰਤਾਂ ਵੀ ਨਖਰੇ ਵਿਚ ਆ ਰਹੀਆਂ ਸਨ। ਉਹਨਾਂ ਸਮੋਸੇ-ਸੈਂਡਵਿਚ ਆਦਿ ਤਿਆਰ ਕੀਤੇ, ਜੂਸ, ਕੋਕ, ਕਰਿਸਪ ਆਦਿ ਬੈਗਾਂ ਵਿਚ ਪਾਏ। ਪਰਦੁਮਣ ਨੇ ਬੀਅਰ ਦੇ ਡੱਬੇ ਤੇ ਵਿਸਕੀ ਦੀ ਬੋਤਲ ਅਲੱਗ ਬੈਗ ਵਿਚ ਰੱਖ ਲਏ। ਸਵਿਤਰੀ ਨੇ ਹਲਕਾ ਜਿਹਾ ਟੋਕਿਆ ਤਾਂ ਕਹਿਣ ਲੱਗਾ, "ਸਵੀ, ਮੇਰੀ ਜਾਨ, ਸ਼ਰਾਬ ਅਜਿਹੀ ਸ਼ੈਅ ਹੈ ਜਿਹਦੇ ਬਿਨਾਂ ਕੋਈ ਖੁਸ਼ੀ ਨੇਪਰੇ ਨਹੀਂ ਚੜ੍ਹ ਸਕਦੀ, ਤੂੰ ਤਾਂ

ਏਦਾਂ ਕਰਦੀ ਐਂ ਜਿੱਦਾਂ ਮੈਂ ਅਲਕੋਹਲਕ ਹੋਵਾਂ।...ਗੱਡੀ ਆਉਂਦੇ ਹੋਏ ਤੂੰ ਚਲਾਉਣੀ ਐ, ਫਿਰ ਫਿਕਰ ਕਾਹਦਾ।''

ਭਾਵੇਂ ਪਰਦੁਮਣ ਦੀ ਕਾਰ ਵੱਡੀ ਸੀ, ਅਸੀਂ ਫਸ ਫਸਾ ਕੇ ਹੀ ਬੈਠੇ। ਸਵਿਤਰੀ ਸਭ ਤੋਂ ਬਾਅਦ ਵਿਚ ਆਈ। ਸ਼ਾਇਦ ਖਿੜਕੀ ਦਰਵਾਜਿਆਂ ਦੇ ਜ਼ੰਦਰੇ ਨਰੀਖ ਰਹੀ ਹੋਵੇ। ਸਵਿਤਰੀ ਕਾਰ ਵਿਚ ਬੈਠਣ ਲੱਗੀ ਤਾਂ ਪਰਦੁਮਣ ਨੇ ਉਪਰਲੇ ਕਮਰੇ ਦੀ ਖੁਲ੍ਹੀ ਰਹਿ ਗਈ ਤਾਕੀ ਦੇਖ ਲਈ। ਬਸ, ਵਰ੍ਹ ਪਿਆ ਸਵਿਤਰੀ ਦੀ ਇਸ ਕੁਤਾਹੀ ਤੇ। ਦਬਕੇ; ਗਾਲ੍ਹਾਂ। ਇੰਨਾ ਗੁੱਸੇ ਵਿਚ ਸੀ ਜਿਵੇਂ ਅੱਜ ਗੱਲ ਮੁਕਾ ਹੀ ਦੇਣੀ ਹੋਵੇ। ਸਾਡੇ ਬੱਚੇ ਸਹਿਮ ਗਏ। ਉਨ੍ਹਾਂ ਦੇ ਬੱਚੇ ਬੇ-ਅਸਰ ਸਨ। ਆਦੀ ਜਿਉਂ ਹੋ ਚੁੱਕੇ ਹੋਣਗੇ। ਹਾਰਿਆ ਹੋਇਆ ਮੂੰਹ ਲੈ ਕੇ ਸਵਿਤਰੀ ਕਾਰ ਵਿਚੋਂ ਨਿਕਲ ਗਈ। ਮਾਹੌਲ ਦੇ ਤਣਾਵ ਨੂੰ ਘਟਾਉਣ ਲਈ ਮੈਂ ਕਿਹਾ;

"ਭਾਈ ਸਾਹਬ, ਆਪਣੇ ਸਾਰੇ ਗੁੱਸੇ ਵਿਚੋਂ ਥੋੜਾ ਜਿਹਾ ਮੈਨੂੰ ਦੇ ਦਿਓ ਤਾਂ ਮੈਂ ਵੀ ਆਪਣੀ ਮੈਡਮ ਨੂੰ ਸਿੱਧੀ ਕਰ ਸਕਾਂ।''

ਉਹ ਥੋੜਾ ਜਿਹਾ ਮੁਸਕਰਾ ਕੇ ਕਹਿਣ ਲਗਿਆ।

"ਨਹੀਂ ਯਾਰ, ਤੂੰ ਜਾਣਦਾ ਈ ਐਂ, ਕਿੰਨੀਆਂ ਚੋਰੀਆਂ ਹੋ ਰਹੀਆਂ...ਇਹ ਪਤਾ ਨਹੀਂ ਕਿਥੇ ਗਵਾਚੀ ਰਹਿੰਦੀ ਐ।''

ਸਵਿਤਰੀ ਵਾਪਸ ਕਾਰ ਵਿਚ ਆ ਕੇ ਬੈਠੀ ਤਾਂ ਇਵੇਂ ਸੀ ਜਿਵੇਂ ਕੁਝ ਹੋਇਆਂ ਹੀ ਨਾ ਹੋਵੇ।

ਅਸੀਂ ਕਾਰ ਥੋਰਪ-ਪਾਰਕ ਦੇ ਕਾਰ-ਪਾਰਕ ਵਿਚ ਖੜੀ ਕੀਤੀ। ਲੋਕਾਂ ਦੀ ਇਕ ਭੀੜ ਜਿਹੀ ਥੋਰਪ-ਪਾਰਕ ਵੱਲ ਵਧ ਰਹੀ ਸੀ। ਅਸੀਂ ਵੀ ਉਸ ਵਿਚ ਜਾ ਰਲ੍ਹੇ। ਥੋਰਪ-ਪਾਰਕ ਵਿਚ ਆਕਰਸ਼ਣ ਲਈ ਤਰ੍ਹਾਂ ਤਰ੍ਹਾਂ ਦੀਆਂ ਖੇਡਾਂ ਸਨ, ਰਾਈਡਾਂ ਸਨ। ਰੁਮਾਟਿਕ ਜਿਹੀਆਂ ਦਿਲ ਹਿਲਾ ਦੇਣ ਵਾਲੀਆਂ ਖਤਰਨਾਕ। ਹਰ ਉਮਰ ਦੇ ਵਿਅਕਤੀ ਲਈ ਕੁਝ ਨਾ ਕੁਝ ਸੀ। ਤੇਜ਼ ਘੁੰਮਦੇ ਝੂਲੇ, ਹਵਾ ਵਾਂਗ ਭੱਜਦੀਆਂ ਗੱਡੀਆਂ। ਪਰਦੁਮਣ ਦੇ ਬੱਚੇ ਵੱਡੇ ਸਨ, ਪਹਿਲਾਂ ਵੀ ਆ ਚੁੱਕੇ ਸਨ, ਭੱਜ ਭੱਜ ਕੇ ਰਾਈਡਾਂ ਲੈ ਰਹੇ ਸਨ। ਸਵਿਤਰੀ ਵੀ ਉਹਨਾਂ ਦੇ ਨਾਲ ਹੀ ਜਾਂਦੀ। ਸਾਡੀਆਂ ਬੱਚੀਆਂ ਛੋਟੀਆਂ ਸਨ, ਡਰਦੀਆਂ ਸਨ। ਸੋਮਾਂ ਨੂੰ ਉਹਨਾਂ ਨਾਲ ਬੈਠਣਾ ਪੈਂਦਾ। ਕਈ ਵਾਰ ਸੋਮਾਂ ਵੀ ਡਰ ਜਾਂਦੀ ਤਾਂ ਮੈਨੂੰ ਉਹਨਾਂ ਦਾ ਸਾਥ ਦੇਣਾ ਪੈਂਦਾ। ਪਰਦੁੱਮਣ ਨੇ ਕੋਈ ਖਾਸ ਰਾਈਡ ਨਾ ਲਈ। ਪਰਦੇ ਜਿਹੇ ਨਾਲ ਬੀਅਰ ਦੇ ਘੁਟ ਭਰਦਾ ਰਿਹਾ। ਮੈਂ ਨਾਲ ਚੱਲਣ ਨੂੰ ਕਹਿੰਦਾ ਤਾਂ ਜਵਾਬ ਦਿੰਦਾ, "ਇਹ ਤਾਂ ਬਹੁਤ ਫਾਸਟ ਐ ਯਾਰ, ਪਤਾ ਨਹੀਂ ਕਿਹੜੇ ਵੇਲੇ ਜਾਹ ਜਾਂਦੀ ਹੋ ਜਾਵੇ।''

ਅਗਲੀ ਰਾਈਡ ਤੇ ਪਹੁੰਚਦਿਆਂ ਉਹਨਾਂ ਦੇ ਬੱਚਿਆਂ ਨੇ 'ਲੌਗ-ਫਲੂਮ' 'ਲੌਗ-ਫਲੂਮ' ਕਹਿੰਦਿਆ ਚੀਕਾਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ: 'ਲੌਗ-ਫਲੂਮ' ਸ਼ਾਇਦ ਸਭ ਤੋਂ ਖਤਰਨਾਕ ਰਾਈਡ ਸੀ। ਲੱਕੜ ਦੀ ਗੋਲੀ ਵਰਗੀ ਕਿਸ਼ਤੀ ਬਣਾ ਕੇ ਵਿਚ ਕੁਝ ਸੀਟਾਂ ਲਾਈਆਂ ਹੋਈਆਂ ਸਨ। ਜੋ ਤੰਗ ਜਿਹੀ ਵਗਦੀ ਨਹਿਰ ਵਿਚ ਰੁੜ੍ਹ ਰਹੀ ਸੀ। ਕਈ ਡਰਾਉਣੀਆਂ ਥਾਵਾਂ ਤੋਂ ਦੀ



ਹੁੰਦੀ ਹੋਈ ਸੌ ਫੁਟ ਤੋਂ ਵੀ ਉੱਚੇ ਚਬੂਤਰੇ ਤੇ ਪੁਜਦੀ, ਜਿਥੋਂ ਇੱਟ ਵਾਂਗ ਇਕ ਦਮ ਫਰੇਮ ਵਿਚ ਦੀ ਥਲੇ ਪਾਣੀ ਵਿਚ ਡਿੱਗਦੀ। ਲੋਕ ਖੁਸ਼ੀ, ਸਹਿਮ, ਡਰ ਤੇ ਸ਼ੁਗਲ ਨਾਲ ਚੀਕਾਂ ਮਾਰਦੇ। ਪਰਦੁਮਣ ਉਚਾਈ ਵੱਲ ਦੇਖਦਾ ਬੋਲਿਆ, "ਹੈ ਕਿ ਨਹੀਂ ਮੌਤ ਨਾਲ ਗੱਲਾਂ।''

ਰਾਈਡ ਲੈਣ ਵਾਲਿਆ ਦੀ ਲੰਮੀ ਲਾਈਨ ਲੱਗੀ ਹੋਈ ਸੀ। ਮੈਂ ਡਰਦੇ ਨੇ ਰਾਈਡ ਲੈਣੋਂ ਹੱਥ ਖੜ੍ਹੇ ਕਰ ਦਿੱਤੇ। ਸੋਮਾਂ ਤਾਂ ਮੇਰੇ ਤੋਂ ਵੀ ਡਰਾਕਲ ਸੀ। ਪਰ ਸਵਿਤਰੀ ਦੋਨਾਂ ਬੱਚਿਆਂ ਨੂੰ ਉਂਗਲ ਲਾਈ ਲਾਈਨ ਵਿਚ ਜਾ ਖੜੀ। ਪਰਦੁਮਣ ਉਹਨਾਂ ਨੂੰ ਉਧਰ ਜਾਣ ਤੋਂ ਮਨ੍ਹਾ ਕਰਦਾ ਰਿਹਾ ਪਰ ਕਾਹਲੀ ਵਿਚ ਤੁਰਦੀ ਲਾਈਨ ਨਾਲ ਸਵਿਤਰੀ ਕਾਫ਼ੀ ਅੱਗੇ ਚਲੇ ਗਈ। ਇੰਨੇ ਸ਼ੋਰ ਵਿਚ ਕੁਝ ਸੁਣੀਂਦਾ ਵੀ ਨਹੀਂ ਸੀ। ਜਦੋਂ ਸਵਿਤਰੀ ਦੀ ਲੌਗ ਪੂਰੀ ਉਚਾਈ ਤੇ ਪੁਜੀ ਤਾਂ ਪਰਦੁਮਣ ਨੇ ਆਪਣਾ ਦਿਲ ਫੜ ਲਿਆ। ਆਖਣ ਲੱਗਾ, "ਦੱਸ ਇਸ ਬੇਵਕੂਫ ਔਰਤ ਨੂੰ ਤਾਂ ਜ਼ਿੰਦਗੀ ਨਾਲ ਪਿਆਰ ਹੈ ਨਹੀਂ, ਜੇਕਰ ਬੱਚਿਆਂ ਨੂੰ ਕੁਝ ਹੋ ਗਿਆ...।''

ਇੰਨੇ ਚਿਰ ਤੱਕ ਲੌਗ ਪੂਰੀ ਰਫਤਾਰ ਨਾਲ ਪਾਣੀ ਵਿਚ ਡਿੱਗੀ ਤੇ ਹੌਲੀ ਹੁੰਦੀ ਪਲੇਟ-ਫਾਰਮ ਤੇ ਪੁੱਜ ਗਈ। ਸਵਿਤਰੀ ਛਾਲ ਮਾਰ ਕੇ ਬਾਹਰ ਨਿਕਲੀ। ਮਗਰੇ ਦੋਨੋਂ ਬੱਚੇ। ਪਰਦੁਮਣ ਦਾ ਸਾਹ ਨਾਲ ਸਾਹ ਮਸਾਂ ਕਿਤੇ ਜਾ ਕੇ ਮਿਲਿਆ। ਉਸ ਵਿਚ ਸਵਿਤਰੀ ਨੂੰ ਦਬਕਣ ਦੀ ਹਿੰਮਤ ਵੀ ਨਹੀਂ ਸੀ ਰਹੀ। ਹੌਲੇ ਜਿਹੇ ਮੈਨੂੰ ਕਹਿਣ ਲਗਾ. "ਚਲ ਯਾਰ ਕਿਤੇ ਉਹਲੇ ਜਿਹੇ ਰੋਕੇ ਡਰੌਪ ਲੌਨੇ ਆਂ, ਮੂਰਖ ਨੇ ਮੇਰੀ ਜਾਨ ਈ ਕੱਢ ਦਿੱਤੀ ਸੀ, ਇਹ ਜ਼ਿੰਦਗੀ ਕਿਤੇ ਐਵੇਂ ਮਿਲ ਜਾਂਦੀ ਐ।''

ਅਸੀਂ ਸਾਰਾ ਦਿਨ ਪਾਰਕ ਵਿਚ ਗੁਜ਼ਾਰਿਆ। ਮੈਂ ਤੇ ਪਰਦੁਮਣ ਨਸ਼ੇ ਵਿਚ ਹੋ ਗਏ ਸਾਂ। ਬੱਚੇ ਪੂਰੀ ਤਰ੍ਹਾਂ ਥੱਕ ਚੁੱਕੇ ਸਨ ਪਰ ਖੁਸ਼ਗਵਾਰ ਮੂਡ ਵਿਚ ਸਨ। ਕਾਰ ਦੀ ਡਰਾਈਵਰ ਵਾਲੀ ਸੀਟ ਸਵਿਤਰੀ ਨੇ ਸੰਭਾਲੀ। ਸੋਮਾਂ ਉਸ ਦੇ ਬਰਾਬਰ ਜਾ ਬੈਠੀ। ਬਾਕੀ ਅਸੀਂ ਸਭ ਪਿਛਲੀਆਂ ਸੀਟਾਂ ਵਿਚ ਔਖੇ ਸੌਖੇ ਫਿੱਟ ਹੋ ਗਏ। ਮੇਨ-ਰੋਡ ਤੇ ਪੈਂਦਿਆਂ ਹੀ ਸਵਿਤਰੀ ਨੇ ਕਾਰ ਦੀ ਸਪੀਡ ਇਕ ਦਮ ਚੁੱਕ ਦਿੱਤੀ। ਸੋਮਾਂ ਨੂੰ ਦਿਖਾਉਂਦੀ ਬੋਲੀ, "ਦੇਖ ਸੋਮਾਂ, ਸੌ ਮੀਲ ਤੇ ਜਾ ਰਹੀ ਐ, ਜਾਹ ਤਾਂ ਜ਼ਰਾ ਵੀ ਹੁਝਕਾ ਲਗੇ।

ਕਹਿੰਦਿਆਂ ਸਪੀਡ ਹੋਰ ਵਧਾ ਦਿੱਤੀ। ਪਰਦੁਮਣ ਰੌਲਾ ਪਾਉਣ ਲੱਗਾ, "ਹੌਲੀ ਕਰ ਇਹਨੂੰ,...ਮਾਰਨਾ ਸਾਰਿਆਂ ਨੂੰ ?''

× × × ×

ਸਾਨੂੰ ਇਸ ਘਰ ਆਇਆ ਨੌ ਸਾਲ ਹੋ ਗਏ ਹਨ। ਅੰਜਨਾ ਤੇ ਰੰਜਨਾ ਇਕ ਦੂਜੀ ਤੋਂ ਆਕਰੀਆਂ ਦਿਸਦੀਆਂ ਹਨ। ਸੋਮਾਂ ਵਾਲ ਰੰਗਦੀ ਹੈ। ਮੇਰੇ ਵਿਚ ਵੀ ਪਹਿਲਾਂ ਵਾਲੀ ਤੇਜ਼ੀ ਨਹੀਂ। ਪਰ ਸਾਡਾ ਘਰ ਉਵੇਂ ਦਾ ਉਵੇਂ ਹੈ। ਦਰਵਾਜ਼ਿਆਂ ਦਾ ਉਹੋ ਰੰਗ, ਕੰਧਾਂ ਦਾ ਉਹੋ ਪੇਪਰ। ਕੋਈ ਵੀ ਸਹਿਜੇ ਹੀ ਪਛਾਣ ਸਕਦਾ ਹੈ। ਬੱਚੇ ਵੱਡੇ ਹੋਣ ਤੋਂ ਬਾਅਦ ਕਾਰਪਟ ਜ਼ਰੂਰ ਬਦਲ ਲਈ ਸੀ। ਪਰ ਸਾਡੇ ਗਵਾਂਢ ਦਾ ਘਰ ਪਛਾਨਣਾ ਸੋਖਾ ਨਹੀਂ। ਕੰਧਾਂ ਤੇ ਪੱਥਰ ਸਜ਼ਾ ਦਿੱਤੇ ਗਏ ਹਨ। ਦਰਾਂ ਅੱਗੇ ਪੋਰਚ ਤੇ ਲਾਲ ਸਲੈਬਾਂ। ਲੌਂਜ ਵਿਚ ਵੰਡੀ ਪਾ ਕੇ ਅੱਗੇ

ਫਰੰਟ ਰੂਮ ਅਲੱਗ ਕਰ ਦਿੱਤਾ ਹੈ। ਪਿਛੇ ਹੋਰ ਜਗਾਹ ਛੱਤ ਕੇ ਐਲ ਸ਼ੇਪ ਦਾ ਵੱਡਾ ਕਮਰਾ ਬਣਾ ਲਿਆ ਗਿਆ ਹੈ। ਇਹ ਸਭ ਸਵਿਤਰੀ ਦੀ ਪਸੰਦ ਹੈ। ਹੁਣ ਪਰਦੁਮਣ ਦੀ ਸਿਹਤ ਠੀਕ ਨਹੀਂ ਰਹਿੰਦੀ। ਮੋਟਾਪਾ ਹੈ, ਸ਼ੂਗਰ ਹੈ, ਬਲੱਡ-ਪਰੈਸ਼ਰ ਵੀ। ਕੰਮ ਤੋਂ ਰਿਟਿੱਡੈਂਸੀ ਹੋ ਚੁੱਕੀ ਹੈ। ਸਾਰਾ ਦਿਨ ਵਿਹਲੇ ਦਾ ਵਿਹਲਾ। ਦੋ ਹਫਤੇ ਬਾਅਦ ਸ਼ੋਸ਼ਲ-ਸਕਿਓਰਟੀ ਦਫਤਰ ਵਿਚ ਦਸਖਤ ਕਰ ਆਉਂਦਾ ਹੈ। ਚੈੱਕ ਘਰ ਪੁੱਜਦਾ ਹੋ ਜਾਂਦਾ ਹੈ। ਮੁੰਡਾ ਯੂਨੀਵਰਸਿਟੀ ਵਿਚ ਤੇ ਕੁੜੀ ਕੋਈ ਕੋਰਸ ਕਰਦੀ ਹੈ। ਪਰਦੁਮਣ ਦੇ ਵਾਲ ਉੜ ਰਹੇ ਹਨ। ਚਿਹਰਾ ਢਿਲਕ ਰਿਹਾ ਹੈ। ਨਹੀ ਬਦਲੀ ਤਾਂ ਸਵਿਤਰੀ ਨਹੀਂ ਬਦਲੀ। ਜਿਵੇਂ ਉਹ ਦਿਨੋ-ਦਿਨ ਜਵਾਨ ਹੋ ਰਹੀ ਹੋਵੇ। ਉਹ ਬਹੁਤ ਖੁਸ਼ ਹੈ। ਪਿੱਛੇ ਜਿਹੇ ਉਸ ਦੇ ਮਾਂ-ਬਾਪ ਇੰਗਲੈਂਡ ਦਾ ਚੱਕਰ ਲਾ ਕੇ ਗਏ ਹਨ। ਆਏ ਸਾਲ ਗਈ ਹੀ ਰਹਿੰਦੀ ਹੈ। ਭਰਾ ਦੀ ਮਦਦ ਕਰਕੇ ਉਸ ਨੂੰ ਪੈਰਾਂ ਤੇ ਖੜਾ ਕਰ ਦਿੱਤਾ ਹੈ। ਉਸ ਦੀ ਕੁੜੀ ਲਈ ਇੱਧਰ ਮੁੰਡੇ ਦੀ ਤਲਾਸ਼ ਵੀ ਕਰ ਰਹੀ ਹੈ। ਸਾਡੇ ਨਾਲ ਉਹਨਾਂ ਦੇ ਸਬੰਧ ਪਹਿਲਾਂ ਵਰਗੇ ਹੀ ਹਨ। ਵਿਸ਼ਵਾਸ ਵਾਲੇ, ਅਪਣੱਤ ਤੇ ਮੋਹ ਭਰੇ। ਇਕ ਚੀਜ਼ ਗਾਇਬ ਹੈ। ਮਹਿਫਲਾਂ। ਹੁਣ ਪਰਦੁਮਣ ਕਿਸੇ ਨੂੰ ਬਹੁਤਾ ਘਰ ਨਹੀ ਸੱਦਦਾ। ਆਪ ਵੀ ਕਿਸੇ ਦੇ ਘਰ ਘੱਟ ਹੀ ਜਾਂਦਾ ਹੈ। ਸਿਹਤ ਕਾਰਨ ਡਾਕਟਰ ਨੇ ਉਸ ਦੀ ਸ਼ਰਾਬ ਬੰਦ ਕੀਤੀ ਹੋਈ ਹੈ। ਅਸਲੀ ਪਾਬੰਦੀ ਸਵਿਤਰੀ ਵਲੋਂ ਹੈ। ਪਰਦੁਮਣ ਦੇ ਗ਼ਮੀ-ਖੁਸ਼ੀ ਦੇ ਦਿਨ ਵੀ ਸੁੱਕੇ ਨਿਕਲ ਰਹੇ ਹਨ। ਕਿਸੇ ਵਕਤ ਮੈਂ ਪਰਦੁਮਣ ਦੇ ਨਾਲ ਹੋਵਾਂ ਤਾਂ ਮੈਂ ਵੀ ਨਹੀਂ ਪੀਂਦਾ। ਮੈਂ ਪੀ ਰਿਹਾ ਹੋਵਾਂ ਤੇ ਪਰਦੁਮਣ ਨੂੰ ਇਜਾਜ਼ਤ ਨਾ ਹੋਵੇ-ਇਹ ਮੰਜ਼ਰ ਮੈਂ ਦੇਖ ਨਹੀਂ ਸਕਦਾ। ਅਜਿਹੀ ਸਥਿਤੀ ਤੋਂ ਮੈਂ ਪਰ੍ਹੇ ਪਰ੍ਹੇ ਦੀ ਲੰਘ ਜਾਂਦਾ ਹਾਂ। ਵੈਸੇ ਅਸੀਂ ਇਕੱਠੇ ਬੈਠ ਲੈਂਦੇ ਹਾਂ। ਬਾਹਰ ਵੀ ਘੁੰਮ ਲੈਂਦੇ ਹਾਂ। ਪਰ ਸਵਿਤਰੀ ਦੀ ਮਨਾਹੀ ਉਸ ਦੇ ਨਾਲ ਨਾਲ ਚਲਦੀ ਹੈ—ਸ਼ਰਾਬ ਨਹੀਂ ਪੀਣੀ, ਕੋਈ ਤਲ੍ਹੀ ਚੀਜ਼ ਨਹੀਂ ਖਾਣੀ. ਮਿੱਠੇ ਦਾ ਪ੍ਰਹੇਜ਼ ਆਦਿ। ਵੈਸੇ ਸਵਿਤਰੀ ਉਸ ਦੀ ਬਹੁਤ ਸੰਭਾਲ ਕਰਦੀ ਹੈ। 'ਦੁਮੀ-ਦੁਮੀ ਕਰਦੀ ਉਸ ਦੇ ਅੱਗੇ ਪਿੱਛੇ ਤੁਰੀ ਫਿਰਦੀ ਹੈ। ਪੂਰੀ ਇੱਜ਼ਤ ਦਿੰਦੀ ਹੈ। ਪਰਦੁਮਣ ਸ਼ਾਊਟ ਕਰਨਾ ਭੁੱਲ ਚੁੱਕਾ ਹੈ।

ਸੋਮਾ ਇਕ ਦਿਨ ਖਬਰ ਲਿਆਈ,

—"ਭਾਈ ਸਾਬ ਦੀ ਭਤੀਜੀ ਦਾ ਇੰਡੀਆ ਵਿਚ ਵਿਆਹ ਐ, ਉਹ ਜਾਣਾ ਚਾਹੁੰਦੇ ਆ, ਪਰ ਸਵਿਤਰੀ ਕਹਿੰਦੀ ਐ ਕਿ ਨਹੀਂ ਜਾ ਹੋਣਾ, ਹੱਥ ਜ਼ਰਾ ਤੰਗ ਐ।"

—" ਕਹਿ ਦੇਣਾ ਸੀ ਕਿ ਸਾਡੇ ਕੋਲ ਕੁਸ਼ ਪੈਸੇ ਪਏ ਆ, ਜੇ ਚਾਹੁਣ ਤਾਂ ਵਰਤ ਲੈਣ।"

—"ਮੈਂ ਤਾਂ ਕਿਹਾ ਸੀ ਪਰ ਉਹ ਕਹਿਣ ਲਗੀ ਕਿ ਉਧਾਰ ਫੜ ਕੇ ਵਿਆਹ ਦੇਖੇ ਤਾਂ ਕੀ ਦੇਖੇ।"

× × × ×

ਗਰਮੀਆਂ ਦੀ ਇਕ ਸਵੇਰਾ ਧੁਪ ਸਵਖਤੇ ਹੀ ਪਰਦਿਆਂ ਦੀਆਂ ਝੀਤਾਂ ਰਾਹੀਂ ਬੈਡ-ਰੂਮ ਵਿਚ ਆ ਵੜੀ। ਪਰਦੇ ਹਟਾਏ ਤਾਂ ਬਹੁਤ ਹੀ ਖੂਬਸੂਰਤ ਸਵੇਰ ਮੱਥੇ ਲੱਗੀ। ਮੈਂ ਸੋਚ ਰਿਹਾ ਸਾਂ ਕਿ ਸਵੇਰ ਅਜਿਹੀ ਹੈ ਤਾਂ ਦੁਪਹਿਰ ਕੈਸੀ ਹੋਵਗੀ। ਐਤਵਾਰ ਸੀ। ਐਤਵਾਰ ਵਾਲੇ ਦਿਨ



ਅਜਿਹੇ ਮੌਸਮ ਵਿਚ ਘਰ ਬੈਠਣਾ ਗੁਨਾਹ ਕਰਨ ਵਾਂਗ ਹੈ। ਘਰ ਵਿਚ ਮੈਂ ਤੇ ਸੋਮਾਂ ਇਕੱਲੇ ਸਾਂ। ਦੋਨੋਂ ਕੁੜੀਆਂ ਆਪਣੀ ਨਾਨੀ ਵੱਲ ਗਈਆਂ ਹੋਈਆਂ ਸਨ। ਅਸੀਂ ਕਿਧਰੇ ਬਾਹਰ ਜਾਣ ਦੀ ਸਕੀਮ ਘੜਨ ਲੱਗੇ। ਸੀ—ਸਾਈਡ, ਪਾਰਕ ਜਾਂ ਕਿਸੇ ਹੋਰ ਰੌਣਕੀਲੀ ਥਾਂਵੇ। ਫਿਰ ਖਿਆਲ ਆਇਆ ਕਿ ਕਿਉਂ ਨਾ ਗਵਾਂਢੀਆਂ ਨੂੰ ਵੀ ਨਾਲ ਲੈ ਲਈਏ। ਜੇ ਵਿਹਲੇ ਹੋਣ ਤਾਂ। ਉਹਨਾਂ ਦੇ ਬੱਚੇ ਉਡਾਰੂ ਸਨ। ਆਪਣੇ ਸ਼ੁਗਲ ਆਪ ਭਾਲਦੇ ਸਨ। ਅਸੀਂ ਉਹਨਾਂ ਨੂੰ ਪੁੱਛਿਆ। ਸਵਿਤਰੀ ਇਕਦਮ ਤਿਆਰ ਹੋ ਗਈ ਪਰ ਪਰਦੁਮਣ ਨਹੀਂ ਸੀ ਮੰਨ ਰਿਹਾ। ਮੈਂ ਬੜੀ ਮੁਸ਼ਕਲ ਨਾਲ ਉਸ ਨੂੰ ਨਾਲ ਤੋਰਿਆ। ਅਸੀਂ ਬਰਾਈਟਨ ਦਾ ਸਮੁੰਦਰੀ ਤਟ ਆਪਣਾ ਨਿਸ਼ਾਨਾ ਮਿਥਿਆ। ਬਰਾਈਟਨ ਦਾ ਬੀਚ ਪਥਰੀਲਾ ਸੀ ਤੇ ਪਥਰੀਲੇ ਬੀਚ ਦਾ ਪਾਣੀ ਵਧੇਰੇ ਸਾਫ ਹੁੰਦਾ ਹੈ। ਜੇਕਰ ਤਾਰੀਆਂ ਲਾਉਣ ਦਾ ਮਨ ਬਣੇ ਤਾਂ ਲਾ ਸਕਦੇ ਸਾਂ। ਸਾਰੇ ਰਾਹ ਮੈਨੂੰ ਡਰਿੰਕ ਦਾ ਖਿਆਲ ਆਉਂਦਾ ਰਿਹਾ। ਸ਼ਰਾਬ ਨਾ ਸਹੀ ਬੀਅਰ ਹੀ ਨਾਲ ਹੁੰਦੀ ਤਾਂ ਮਜ਼ਾ ਹੀ ਕੁਝ ਹੋਰ ਹੁੰਦਾ। ਪਰ ਮੈ ਇਕੱਲਾ ਕਿਵੇਂ ਪੀ ਸਕਦਾ ਸਾਂ ਇਸ ਲਈ ਅਜਿਹੀ ਡਰਿੰਕ ਨਾਲ ਨਹੀਂ ਸੀ ਖੜੀ।

ਦੁਪਹਿਰ ਹੋਣ ਤੱਕ ਅਸੀਂ ਬਰਾਈਟਨ ਪੁੱਜ ਗਏ। ਬੀਚ ਤੇ ਲੋਕ ਹੀ ਲੋਕ ਸਨ। ਧੁੱਪ ਦੇ ਨਸ਼ੇ ਵਿਚ ਫਿਰਦੇ ਲੋਕ। ਸਮੁੰਦਰ ਚੜ੍ਹਿਆ ਹੋਇਆ ਸੀ। ਇਕ ਭੀੜ ਪਾਣੀ ਦੇ ਨੇੜੇ ਵਿਛੀ ਪਈ ਸੀ। ਤਰ੍ਹਾਂ ਤਰ੍ਹਾਂ ਦੇ ਫਨ-ਫੇਅਰ ਲੱਗੇ ਹੋਏ ਸਨ। ਅਸੀਂ ਘੁੰਮਦੇ-ਘੁੰਮਦੇ ਇਕ ਪਾਸੇ ਨੂੰ ਨਿਕਲ ਗਏ।

ਸੋਮਾ ਇਸ਼ਾਰਾ ਕਰਦੀ ਬੋਲੀ,

—"ਓਹ ਦੇਖੋ, ਇਥੇ ਵੀ ਲੌਂਗ-ਫਲੂਮ ਐ।"

—"ਹਾਏ ! ਕਿੰਨੀਂ ਉੱਚਾਈ ਐ, ਜੇ ਕੋਈ ਡਿੱਗ ਪਵੇ ਤਾਂ !"

ਸਵਿਤਰੀ ਨੇ ਦਿਲ ਤੇ ਹੱਥ ਰਖਦਿਆਂ ਕਿਹਾ। ਗੱਲਾਂ ਕਰਦੇ ਕਰਦੇ ਅਸੀਂ ਲੌਂਗ-ਫਲੂਮ ਦੇ ਕੋਲ ਪੁੱਜ ਗਏ। ਨਾਗ ਵਲ ਖਾਂਦੀ ਪਤਲੀ ਜਿਹੀ ਲਾਈਨ ਦੂਰ ਤਕ ਫੈਲੀ ਹੋਈ ਸੀ। ਮੈਂ ਸਵਿਤਰੀ ਨੂੰ ਪੁੱਛਿਆ,

—"ਭਾਬੀ ਜੀ, ਰਾਈਡ ਲਵੋਗੇ ?"

—"ਕਿਉਂ, ਜਾਨ ਨਹੀਂ ਪਿਆਰੀ ?"

ਉਸ ਨੇ ਖਿਝਦਿਆਂ ਕਿਹਾ। ਮੈਂ ਆਲੇ-ਦੁਆਲੇ ਦੇਖਿਆ ਪਰਦੁਮਣ ਕਿਧਰੇ ਨਜ਼ਰ ਨਹੀਂ ਸੀ ਆ ਰਿਹਾ। ਉਹ ਲੌਂਗ-ਫਲੂਮ ਦੀ ਲਾਈਨ ਵਿਚ ਖੜਾ ਆਪਣੀ ਵਾਰੀ ਦਾ ਇੰਤਜ਼ਾਰ ਕਰ-ਰਿਹਾ ਸੀ।

0—0

## ਰਿਸ਼ਤੇ/ਗੁਰਨਾਮ ਢਿਲੋਂ

ਅੱਜ ਅੱਖੀਆਂ ਵਿਚ ਅੰਬਰ ਭਰ ਕੇ
ਬੀਤ ਚੁੱਕੇ ਦੀ ਨੈਂ ਨੂੰ ਤਰ ਕੇ
ਰੱਤਾ ਫੁੱਲ ਗੁਲਾਬ ਦਾ ਤਾਜ਼ਾ
ਉਹ ਤੇਰੇ ਲਈ ਲੈ ਕੇ ਆਇਆ ।
ਰੰਗ ਬਰੰਗੇ ਵਾਅਦਿਆਂ ਦੇ ਰਿਬਨ ਵਿਚ ਬੰਨ੍ਹ ਕੇ
ਦਿਲ ਦੇ ਚਿੱਤਰ ਵਾਲੇ ਕਾਰਡ ਦੇ ਸੰਗ ਤੈਨੂੰ
ਚੁੰਮ ਚੁੰਮ ਦੇਵੇ
ਇੰਜ ਜਾਪਦੈ
ਫੁੱਲ ਦੀ ਸ਼ੁਖੀ ਦੇ ਵਿਚ ਉਹਨੇ
ਹਰ ਸਾਹ ਆਪਣਾ ਪਾਇਆ ।

ਕੱਲ੍ਹ ਨੂੰ ਜਦ ਉਹ ਫਿਰ ਆਏਗਾ
ਨਜ਼ਰ ਮਿਲਾ ਕੇ ਮਿੱਠਾ ਮਿੱਠਾ ਮੁਸਕਾਏਗਾ
ਤੂੰ ਦਿਲ ਫੋਲਣ ਬਹਿ ਜਾਵੇਂਗੀ
ਗੱਲ ਮੌਸਮ ਦੀ ਕਰਦੀ ਕਰਦੀ
ਕਿੰਨਾ ਕੁਝ ਤੂੰ ਕਹਿ ਜਾਵੇਂਗੀ
ਤੇਰੇ ਖਦਸ਼ੇ ਸੁਣ ਕੇ ਤੈਨੂੰ
ਉਹ ਪੂਰਾ ਧਰਵਾਸ ਦਏਗਾ
ਤਨੋਂ ਮਨੋਂ ਤੇਰਾ ਹੋ ਜਾਵਣ ਦਾ
ਪੱਕਾ ਵਿਸ਼ਵਾਸ ਦਏਗਾ ।
ਤੇਰੀਆਂ ਅੱਖੀਆਂ ਵਿਚ ਇਬਾਰਤ ਲਿਖ ਜਾਵੇਗਾ ।

ਪਰਸੋਂ ਨੂੰ ਜਦ ਫਿਰ ਆਏਗਾ
ਮੋਮ ਦੇ ਵਾਂਙੂੰ ਤੂੰ ਪਿਘਲ ਕੇ
ਫੋਨ ਨੰਬਰ ਝੱਟ ਉਸ ਨੂੰ ਆਪਣਾ ਦੇ ਦੇਵੇਂਗੀ ।
ਸ਼ਾਮ ਪਈ ਤੋਂ ਟੈਲੀਫੋਨ ਦੀ ਘੰਟੀ ਖੜਕੂ
ਨਾੜਾਂ ਦੇ ਵਿਚ ਖੂਨ ਦੀ ਗਰਦਸ਼ ਗਤੀ ਫੜੇਗੀ
ਤੇ ਦਿਲ ਧੜਕੂ ।
ਘਰ ਤੋਂ ਬਾਹਰ ਮੁਲਾਕਾਤਾਂ ਦਾ ਦੌਰ ਸ਼ੁਰੂ ਹੋ ਜਾਏਗਾ ।



ਕਾਫੀ ਹਾਊਸਾਂ, ਪੱਬਾਂ ਅਤੇ ਕਲੱਬਾਂ ਦੇ ਵਿਚ
ਜਦ ਵਿਚਰੋਗੇ
ਨੀਮ-ਬੇਹੋਸ਼ੀ, ਮਦਹੋਸ਼ੀ ਵਿਚ
ਇਕ ਦੂਜੇ ਦੇ ਸਾਹਾਂ ਵਿਚੋਂ ਘੁੱਟ ਭਰੋਗੇ
ਸੇਜ ਸਹਿਭਾਗੀ ਹੋ ਕੇ ਦੋਵੇਂ
ਠੰਡੇ, ਤੱਤੇ ਜਿਸਮ ਕਰੋਗੇ ।
ਹੌਲੀ ਹੌਲੀ ਜਜ਼ਬਾਤੀ ਨਸ਼ਿਆਂ ਦਾ ਦੌਰ ਇਹ
ਬੇਵਸ ਹੋ ਕੇ
ਅਣਦਿਖਦੀ ਇਕ ਸੰਧੀ ਦੇ ਵਿਚ ਵਟ ਜਾਵੇਗਾ—

ਉਹ ਤੇਰੀ ਪੂੰਜੀ ਹੋਵੇਗਾ
ਤੂੰ, ਉਹਦਾ ਹਾਸਲ ਹੋਵੇਂਗੀ
ਤੂੰ ਪੂੰਜੀ ਨੂੰ, ਮੰਡੀ ਨਵੇਸ਼ ਕਰੇਂਗੀ
ਉਹ ਹਾਸਲ ਨੂੰ ਰਾਸ਼ੀ ਦੇ ਵਿਚ ਜਮ੍ਹਾਂ ਕਰੇਗਾ
ਜਦ ਉਹਦੀ ਮੰਡੀ ਵਿਚ ਕੀਮਤ ਗਿਰ ਜਾਵੇਗੀ
ਤੇਰਾ ਹਾਸਲ ਉਹਦੇ ਹੱਥੋਂ ਛੁੱਟ ਜਾਵੇਗਾ
ਤੂੰ ਪੂੰਜੀ ਨੂੰ ਛੱਡ ਕੇ ਕਿਧਰੇ ਤੁਰ ਜਾਵੇਂਗੀ
ਖਾਲੀ ਹੱਥ ਲਈ ਫੁੱਲ ਸੂਹੇ ਨੂੰ ਉਹ ਤਰਸੇਗਾ
ਤੇ ਫਿਰ ਇਕ ਦਿਨ
ਨਵੇਂ ਸਿਰੇ ਤੋਂ
ਕਿਸੇ ਫੁਲੇਰੀ ਦੀ ਹੱਟੀ ਤੋਂ
ਉਹ ਫੁੱਲਾਂ ਦਾ ਭਾਅ ਪੁੱਛੇਗਾ ।

ਅੱਜ ਅੱਖੀਆਂ ਵਿਚ ਅੰਬਰ ਭਰਕੇ
ਫੁੱਲ ਗੁਲਾਬ ਦਾ ਜੋ ਤੇਰੇ ਲਈ ਲੈ ਕੇ ਆਇਆ ।

## ਗ਼ਜ਼ਲ/ਗੁਰਨਾਮ ਢਿਲੋਂ

ਜੇ ਮੈਨੂੰ ਖਤ ਪਾਇਆ ਰੀਝਾਂ ਨਾਲ ਲਿਖੀਂ ।
ਅੱਜ ਕਲ ਦੇ ਸਮਿਆਂ ਦਾ ਪੂਰਾ ਹਾਲ ਲਿਖੀਂ ।

ਠੱਲ੍ਹਣ ਦੇ ਲਈ ਮਾਰੂ ਹੱਲੇ 'ਵੇਲੇ' ਦੇ,
ਕੌਣ ਕੌਣ ਹੈ ਬਣਦਾ ਸਾਡੀ ਢਾਲ ਲਿਖੀਂ ।

ਵਿਹੜੇ ਵਾਲੀ ਤਾਈ ਬੁੱਢੀ ਬਾਵੀ ਦੇ,
ਹੋਇਆ ਕਿ ਨਹੀਂ ਪੋਚੇ ਦਾ ਰੰਗ ਲਾਲ ਲਿਖੀਂ ।

ਫਿਰਨ ਸੰਧੂਰੇ ਚਿੱਟੇ ਹਾਥੀ ਕੀ ਹਾਲੀ,
ਜਾਂ ਕਿ ਲਹਿੰਦੇ ਜਾਂਦੇ ਵਿਚ ਪਤਾਲ ਲਿਖੀਂ।
ਜਿੱਥੇ ਜਿੱਥੇ ਨਾਗਾਂ ਵਰਮੀ ਕੱਢੀ ਸੀ,
ਵੱਟਾਂ, ਬੰਨੇ, ਪੱਧਰ ਕੀਤੇ ਖ਼ਾਲ ਲਿਖੀਂ।
ਮੇਰੀ ਜੰਮਣ ਭੋਂ ਦਾ ਜੁਸਾ ਖੋਰਨ ਲਈ,
ਕੀ ਦਿੱਲੀ ਨੇ ਨਵੀਂ ਚਲਾਈ ਚਾਲ ਲਿਖੀਂ।
ਮਾਂ ਬੋਲੀ ਤੋਂ ਜਿਹੜੇ ਮੁਨਕਰ ਹੋ ਜਾਂਦੇ,
ਕਿਸ ਦੋਖੀ ਦੇ ਫਸ ਜਾਂਦੇ ਵਿਚ ਜਾਲ ਲਿਖੀਂ।
ਮੇਰੇ ਸਾਰੇ ਜਿਗਰੀ ਯਾਰਾਂ ਦੇ ਬਾਰੇ,
ਸੁਹਣੇ ਸੁਹਣੇ, ਨਿੱਘੇ ਨਿੱਘੇ ਖਿਆਲ ਲਿਖੀਂ।
(ਪੋਰਟਸ ਮਾਊਥ, ਯੂ.ਕੇ.)

ਨਜ਼ਮ

## ਤੂੰ ਦੀਵਾ ਬਾਲ ਕੇ ਰੱਖੀਂ

ਨਿਰੰਜਨ ਸਿਘ ਨੂਰ

ਮੈਂ ਆਪਣੀ ਭਾਲ ਵਿਚ ਟੁਰਿਆਂ
'ਤੇ ਸ਼ਾਇਦ ਪਰਤ ਹੀ ਆਵਾਂ
ਤੂੰ ਦੀਵਾ ਬਾਲ ਕੇ ਰੱਖੀਂ।
ਹਨ੍ਹੇਰੀ ਰਾਤ ਦੀ ਸਾਜ਼ਸ਼ ਮਿਣਾਂ,
ਮਿਣਦਾ ਚਲਾ ਜਾਵਾਂ,
ਤੂੰ ਦੀਵਾ ਬਾਲ ਕੇ ਰੱਖੀਂ।
ਮੈਂ ਤਾਰੂ ਤਾਂ ਨਹੀਂ
ਪਰ ਮੋਤੀਆਂ ਵਿਚ ਜਾਨ ਹੈ ਮੇਰੀ,
ਮੈਂ ਸਾਗਰ ਰਿੜਕ ਕੇ ਆਊਨਾ,
ਮੇਰੀ ਆਕਾਸ਼ ਗੰਗਾ ! ਸੁਣ
ਮੈਂ ਛੱਪੜ ਵਿਚ ਨਾ ਡੁੱਬ ਜਾਵਾਂ
ਤੂੰ ਦੀਵਾ ਬਾਲ ਕੇ ਰੱਖੀਂ।
ਅਮਲ ਦੀ ਮੋਮਬੱਤੀਏ,
ਜਗੀਂ ਸਾਰੀ ਉਮਰ ਦੀ ਰਾਤੀਂ
ਜਗਾਈਂ ਹੱਕ ਦੀ ਨਗਰੀ,
ਹਨ੍ਹੇਰਾ ਹਲਕਿਆ ਫਿਰਦੈ,
ਮੈਂ ਹਰ ਪਾਗਲ ਤੋਂ ਡਰਦਾ ਵਾਂ
ਤੂੰ ਦੀਵਾ ਬਾਲ ਕੇ ਰੱਖੀਂ



ਦੀਵਾਲੀ ਕੁਝ ਵੀ ਹੈ
ਪਰ ਇਹ ਕਦੀ ਪੂੰਨਮ ਨਹੀਂ ਹੁੰਦੀ,
ਇਹ ਚੰਦ ਨੂੰ ਇਸ਼ਕ ਨਈਂ ਕਰਦੀ
ਇਹ ਜਿਹੜੇ ਜੁਗਨੂੰਆਂ ਤੇ ਦੀਵਿਆਂ ਦਾ ਖ਼ੂਨ ਪੀਂਦੀ ਹੈ
ਉਨ੍ਹਾਂ ਦੇ ਫੱਟ ਸੀ ਆਵਾਂ
ਤੂੰ ਦੀਵਾ ਬਾਲ ਕੇ ਰੱਖੀਂ।

ਮੇਰੇ ਅੰਬਰ ਬੜੇ ਸੂਰਜ ਚੜ੍ਹੇ
ਪੱਛਮ ਦੇ ਖੂਹ ਡੁੱਬੇ
ਕੋਈ ਵਿਰਲਾ ਪਰਤਿਆ ਹੈ,
ਤੇ ਇਕ ਸੂਰਜ ਦੁਪਹਿਰੇ ਰਾਤ ਦੇ ਕੋਠੇ ਤੇ ਜਾ ਮੋਇਆ
ਉਹਦੀ ਫੂਹੜੀ ਤੇ ਬਹਿ ਆਵਾਂ
ਤੂੰ ਦੀਵਾ ਬਾਲ ਕੇ ਰੱਖੀਂ।
(ਵੂਲਵਰ ਹੈਪਟਨ, ਯੂ.ਕੇ.)

0—0—0

## ਹਨ੍ਹੇਰਾ/ਦਵਿੰਦਰ ਬਾਂਸਲ

ਕੁਝ ਲੋਕ ਆਪਣੀਆਂ ਅੰਦਰਲੀਆਂ
ਡੂੰਘੀਆਂ ਭਾਵਨਾਵਾਂ ਨਾਲ
ਰਿਸ਼ਤਾ ਭੁੱਲ ਜਾਂਦੇ ਹਨ

ਕੁਝ ਲੋਕ ਬੇਬਸੀ ਵਿਚ
ਆਤਮ ਸਮਰਪਣ ਕਰ ਦਿੰਦੇ ਹਨ

ਕੁਝ ਹੋਰ
ਜੋ ਇਸ ਬੇਦਰਦ, ਬੇਰਹਿਮ
ਦੁਨੀਆਂ ਤੋਂ ਕਤਲ ਨਹੀਂ ਹੁੰਦੇ
ਉਹ ਬਚਦੇ ਬਚਾਂਦੇ
ਅਤੇ ਡਰ ਨਾਲ ਸਹਿਮੇ ਹੋਏ
ਪੱਥਰ ਬਣ ਜਾਂਦੇ ਹਨ
ਮਕਾਨਾਂ ਦੀਆਂ ਨੀਹਾਂ 'ਚ ਪਈ
ਬੱਜਰੀ ਬਣ ਜਾਂਦੇ ਹਨ
ਘਰਾਂ ਦੇ ਬਾਹਰ ਪਏ ਗਾਰਬੇਜ ਕੈਨ ਵਿਚ ਪਏ
ਅੱਧ ਜਲੇ ਸਿਗਰਟਾਂ ਦੇ ਟੁੱਕੜੇ ਬਣ ਜਾਂਦੇ ਹਨ

ਕੁਛ ਹੋਰ ਹਨ,
ਜੋ ਆਪਣੇ ਮਹਿਬੂਬ ਦੇ ਨਾਮ ਅਣਲਿਖੇ
ਖ਼ਤਾਂ ਦੇ ਸਿਰਨਾਵੇਂ ਬਣ ਜਾਂਦੇ ਹਨ।
(ਸਕਾਰਬਰੋ, ਓਨਟਾਰੀਓ)

## ਦੋ ਗਜ਼ਲਾਂ/ਚਰਨ ਸੀਚੇਵਾਲੀਆ

1. ਇਸ ਤੋਂ ਵੱਧ ਕੀ ਹੋਰ ਹਾਦਸਾ ਹੋਣਾ ਸੀ।
ਸਹਿਮ ਅਸਾਡੇ ਘਰ ਵੀ ਉੱਗ ਖਲੋਣਾ ਸੀ।

ਇਹ ਬੱਦਲਾਂ ਤੋਂ ਡਰ ਕੇ ਇਕ ਦਿਨ ਮੋਰਾਂ ਵੀ,
ਬੁੱਕਲ ਵਿਚ ਆ ਮੇਰੀ ਇੰਜ ਵੀ ਰੋਣਾ ਸੀ।

ਖੁੰਬਾਂ ਵਾਂਗੂ ਓਥੇ ਹੀ ਸਿਰ ਉੱਗਣੇ ਸਨ,
ਜਿੱਥੇ ਵੀ ਮੇਰੇ ਲਹੂ ਦਾ ਤਿਵਕਾ ਚੋਣਾ ਸੀ।

ਕੀ ਪਤਾ ਸੀ ਕਲ੍ਹ ਕਿ ਮੇਰੇ ਮੱਥੇ ਵਿਚ,
ਕੁਝ ਤਲਖੀ ਦੀਆਂ ਥੋਰਾਂ ਉੱਗ ਖਲੋਣਾ ਸੀ।

ਇਹ ਮੈਂ ਹੀ ਸਾਂ ਜਿਸ ਨੇ ਚੱਪੂ ਛੱਡਿਆ ਨਾ,
ਨਹੀਂ, ਦਰਿਆ ਵਿਚ ਸਭ ਨੇ ਡੁੱਬਿਆ ਹੋਣਾ ਸੀ।

—0—

2. ਮਾਣ ਜਿਨ੍ਹਾਂ ਤੇ ਕਰਦਾ ਸੀ ਉਹ ਬਾਂਹਵਾਂ ਕਿੱਥੇ ਗਈਆਂ?
ਹੁੱਬ ਹੁੱਬ ਜਿੱਥੇ ਬਹਿੰਦਾ ਸੀ ਉਹ ਥਾਵਾਂ ਕਿੱਥੇ ਗਈਆਂ?

ਰੁੱਖਾਂ ਨਾਲੋਂ ਟਾਹਣੇ, ਟੁੱਟੇ ਟਾਹਣੀਆਂ ਨਾਲੋਂ ਪੱਤੇ,
ਪੱਤਿਆਂ ਨਾਲੋਂ ਟੁੱਟ ਪਤਾ ਨਹੀਂ ਛਾਵਾਂ ਕਿੱਥੇ ਗਈਆਂ।

ਉੱਤਰੀਆਂ ਸਨ ਮੇਰੇ ਮਨ 'ਚ ਕਦੇ ਜੋ ਕੂੰਜਾਂ ਵਾਂਗੂੰ,
ਸੋਚ ਰਿਹਾ ਹਾਂ ਏਹੋ ਉਹ ਰਚਨਾਵਾਂ ਕਿੱਥੇ ਗਈਆਂ।

ਮੇਰੀ ਕੰਧ ਤੇ ਲਿਖ ਗਏ ਸਨ ਜੋ ਰਾਤ ਬੰਦੂਕਾਂ ਵਾਲੇ,
ਉੱਤਰ ਮੇਰੀ ਕੰਧ ਤੋਂ ਉਹ ਘਟਨਾਵਾਂ ਕਿੱਥੇ ਗਈਆਂ।

ਨਾ ਉਹ ਘਰ, ਨਾ ਘਰ ਦੀਆਂ ਕੰਧਾਂ, ਨਾ ਕੰਧਾਂ ਦੀਆਂ ਇੱਟਾਂ,
ਰਹਿੰਦੀਆਂ ਸਨ ਜੋ 'ਚਰਨ' ਇਨ੍ਹਾਂ 'ਚ ਮਾਵਾਂ ਕਿੱਥੇ ਗਈਆਂ।

—0—





## ਹਮਕਿ ਠਹਿਰੇ ਅਜਨਬੀ

—ਡਾ: ਅਯੂਬ ਮਿਰਜ਼ਾ

ਮੈਂ ਕਿਹਾ : ਫ਼ੈਜ਼ ਸਾਹਿਬ, ਤੁਸੀਂ ਕਹਿੰਦੇ ਹੋ ਕਿ ਤੁਹਾਡਾ ਪਿਤਾ ਜੀ ਅੱਲਾਮਾ ਇਕਬਾਲ ਨੂੰ ਜਾਣਦੇ ਸਨ ਅਤੇ ਗੌਰਮਿੰਟ ਕਾਲਿਜ ਲਾਹੌਰ ਵਿਖੇ ਦਾਖਲੇ ਲਈ ਤੁਸੀਂ ਆਪਣੇ ਪਿਤਾ ਜੀ ਦੀ ਚਿੱਠੀ ਲੈ ਇਕਬਾਲ ਸਾਹਿਬ ਨੂੰ ਮਿਲੇ ਸੀ ! ਕਹਿਣ ਲੱਗੇ : ਹਾਂ ਮੈਂ ਮਿਲਿਆ ਸੀ, ਤੈਨੂੰ ਪਹਿਲੋਂ ਵੀ ਦੱਸਿਆ ਹੈ। ਗੱਲ ਟੋਕਦਿਆਂ ਮੈਂ ਪੁਛਿਆ ਕਿ ਉਨ੍ਹਾਂ ਦੇ ਪਿਤਾ ਜੀ ਦੀ ਅੱਲਾਮਾ ਇਕਬਾਲ ਨਾਲ ਮੁਲਾਕਾਤ ਕਿਵੇਂ ਹੋਈ ਤੇ ਦੋਸਤੀ ਕਿਵੇਂ ਪਈ ਸੀ। ਫ਼ੈਜ਼ ਸਾਹਿਬ ਨੇ ਕਿਹਾ ਕਿ ਉਨ੍ਹਾਂ ਦੀ ਮੁਲਾਕਾਤ ਤੇ ਦੋਸਤੀ (ਜਾਣ-ਪਛਾਣ) ਲੰਡਨ ਵਿਖੇ ਹੋਈ ਸੀ।

ਫੈਜ਼ ਸਾਹਿਬ ਨੂੰ ਮੈਂ ਉਨ੍ਹਾਂ ਦੇ ਪਿਤਾ ਜੀ ਦੀ ਸ਼ਖਸੀਅਤ ਬਾਰੇ ਪੁੱਛਿਆ। ਮੈਂ ਉਨ੍ਹਾਂ ਦੀ ਸ਼ਖਸੀਅਤ ਤੋਂ ਬੜਾ ਪਰਭਾਵਿਤ ਸਾਂ। ਇਸ ਵੇਲੇ ਅਸੀਂ ਸਖ਼ਤ ਗਰਮੀ ਦੇ ਮੌਸਮ ਵਿਚ ਇਕ ਵਧੀਆ ਏਅਰ ਕੰਡੀਸ਼ੰਡ ਕਮਰੇ ਵਿਚ ਆਰਾਮ ਨਾਲ ਬੈਠੇ ਸੀ। ਫ਼ੈਜ਼ ਸਾਹਿਬ ਆਪਣੇ ਵਿਸ਼ੇਸ਼ ਅੰਦਾਜ਼ ਵਿਚ ਮੁਸਕਾਏ ਤੇ ਸਿਗਰਟ ਸੁਲਗਾ ਕੇ ਕਹਿਣ ਲਗੇ : ਮੇਰੇ ਪਿਤਾ ਜੀ ਦਾ ਅਸਲੀ ਨਾਂ ਸੁਲਤਾਨ ਬਖ਼ਸ਼ ਸੀ ਤੇ ਪਿਛੋਂ ਉਹ ਸੁਲਤਾਨ ਮੁਹੰਮਦ ਖਾਂ ਦੇ ਨਾਂ ਨਾਲ ਮਸ਼ਹੂਰ ਹੋਏ। ਉਹ ਬੜੇ ਕਮਾਲ ਦੇ ਆਦਮੀ ਸਨ। ਮੈਂ ਤਾਂ ਉਨ੍ਹਾਂ ਦੇ ਮੁਕਾਬਲੇ ਵਿਚ ਕੁਝ ਵੀ ਨਹੀਂ। ਬੜੇ ਹੀ ਹਿੰਮਤੀ ਤੇ ਖੂਬਸੂਰਤ ਮਨੁੱਖ। ਛੇ ਫੁੱਟ ਤੋਂ ਉੱਚਾ ਕੱਦ. ਕਣਕ ਵੰਨਾ ਰੰਗ, ਸਡੌਲ ਸਰੀਰ। ਸਿਆਲਕੋਟ ਦੀ ਤਹਿਸੀਲ ਨਾਰੋਵਾਲ ਦੇ ਇਕ ਛੋਟੇ ਜੇਹੇ ਪਿੰਡ ਕਾਲਾ ਕਾਦਰ ਵਿਖੇ ਇਕ ਗ਼ਰੀਬ ਘਰ ਵਿਚ ਉਨ੍ਹਾਂ ਦਾ ਜਨਮ ਹੋਇਆ ਸੀ। ਘਰ ਵਿਚ ਮਿੱਟੀ ਦਾ ਦੀਵਾ ਛੇਤੀ ਹੀ ਬੁਝਾ ਦਿੱਤਾ ਜਾਂਦਾਂ ਸੀ ਤਾਂ ਜੋ ਤੇਲ ਦੀ ਬੱਚਤ ਹੋ ਸਕੇ। ਪਿੰਡ ਦੇ ਬਾਹਰ ਇਕ ਪ੍ਰਾਇਮਰੀ ਸਕੂਲ ਸੀ। ਸਾਡੇ ਪਿੰਡ ਦੇ ਕੁਝ ਬੱਚੇ ਇਸ ਸਕੂਲ ਨੂੰ ਜਾਂਦੇ ਸਨ। ਦਾਦਾ ਜੀ ਸਾਹਿਬ-ਜ਼ਾਦਾ ਖ਼ਾਨ ਮਾਮੂਲੀ ਕਿਸਾਨ ਹੋਣ ਕਰਕੇ ਪਿਤਾ ਜੀ ਨੂੰ ਸਕੂਲ ਨਹੀਂ ਸੀ ਭੇਜ ਸਕਦੇ। ਪਿਤਾ ਜੀ ਅਨੁਸਾਰ ਸਕੂਲ ਜਾਂਦੇ ਮੁੰਡਿਆਂ ਤੇ ਉਨ੍ਹਾਂ ਨੂੰ ਰਸ਼ਕ ਆਉਂਦਾ ਸੀ। ਸਕੂਲ ਜਾਂਦੇ ਹਾਣੀਆਂ ਨੂੰ ਵੇਖ ਕੇ ਉਨ੍ਹਾਂ ਦੇ ਦਿਲ ਤੇ ਕਿਆਮਤ ਗੁਜ਼ਰਦੀ ਸੀ। ਪਰ ਉਹ ਕੁਝ ਨਹੀਂ ਸੀ ਕਰ ਸਕਦੇ। ਜਦੋਂ ਉਹ ਪੰਜ ਸਾਲਾਂ ਦੇ ਹੋਏ ਤਾਂ ਉਨ੍ਹਾਂ ਨੂੰ ਪੜ੍ਹਨ ਦੀ ਬਜਾਏ ਰੋਟੀ ਕਮਾਉਣ ਦਾ ਹੁਨਰ ਸਿਖਾਇਆ ਗਿਆ। ਪਿੰਡ ਵਾਲਿਆਂ ਨੇ ਉਨ੍ਹਾਂ ਨੂੰ ਡੰਗਰ ਚਾਰਨ ਤੇ ਰੱਖ ਲਿਆ। ਇਸ ਸੇਵਾ ਲਈ ਪਿੰਡ ਵਾਲੇ ਉਨ੍ਹਾਂ ਦੀ ਰੋਟੀ ਦਾ ਖਰਚ ਦਿੰਦੇ ਸਨ। ਉਹ ਹਰ ਸਵੇਰੇ ਡੰਗਰ-ਮਾਲ ਲੈ ਕੇ ਪਿੰਡ ਤੋਂ ਬਾਹਰ ਚਲੇ ਜਾਂਦੇ। ਡੰਗਰ ਘਾਹ ਚਰਦੇ ਤੇ ਪਿਤਾ ਜੀ ਕਿਸੇ ਰੁੱਖ ਥੱਲੇ ਬੈਠੇ ਸਕੂਲ ਤੇ ਇਸ ਵਿਚ ਪੜ੍ਹਦੇ ਵਿਦਿਆਰਥੀਆਂ ਨੂੰ ਹਸਰਤ ਦੀ ਨਜ਼ਰ ਨਾਲ ਵੇਖਦੇ। ਸ਼ਾਇਦ ਉਨ੍ਹਾਂ ਦੇ ਦਿਲ ਤੇ ਕੀ ਗੁਜ਼ਰਦੀ ਹੋਵੇਗੀ। ਇਕ ਦਿਨ ਉਹ ਡੰਗਰਾਂ ਨੂੰ ਚਰਦੇ ਛੱਡ ਕੇ ਸਕੂਲ ਜਾ ਪਹੁੰਚੇ। ਮਾਸਟਰ ਨੇ ਆਉਣ ਦਾ ਕਾਰਨ ਪੁੱਛਿਆ ਤਾਂ ਬੜੇ ਵਿਸ਼ਵਾਸ ਨਾਲ ਕਹਿਣ ਲਗੇ ਕਿ ਉਹ ਪੜ੍ਹਨਾ ਚਾਹੁੰਦੇ ਸਨ। ਮਾਸਟਰ ਨੇ ਕਿਹਾ ਕਿ ਉਹ ਆ ਜਾਇਆ ਕਰਨ। ਉਹ ਦੱਸਦੇ ਹੁੰਦੇ ਸਨ ਕਿ ਇਹ ਗੱਲ ਸੁਣਕੇ ਉਹ ਖੁਸ਼ੀ ਵਿਚ ਪਾਗਲ ਹੋ ਗਏ। ਉਸ ਦਿਨ ਸ਼ਾਮ ਨੂੰ ਜਦੋਂ ਉਹ ਡੰਗਰ ਲੈ ਕੇ ਪਿੰਡ ਤੇ ਘਰ ਪੁੱਜੇ ਤਾਂ ਘਰ ਦਾ ਹਰ ਜੀ ਉਨ੍ਹਾਂ ਨੂੰ ਪਹਿਲੋਂ ਨਾਲੋਂ ਵੱਖਰਾ ਵੇਖਦਾ ਸੀ। ਖੁਸ਼ੀ ਉਨ੍ਹਾਂ ਦੇ ਲੂੰ ਲੂੰ ਚੋਂ ਡੁਲ੍ਹਦੀ ਸੀ।

ਦੂਜੇ ਦਿਨ ਉਹ ਮਾਲ-ਡੰਗਰ ਨੂੰ ਲੈ ਕੇ ਨੱਚਦੇ, ਗਾਂਉਂਦੇ ਖੇਤਾਂ ਵਿਚ ਲੈ ਗਏ। ਡੰਗਰ ਖੇਤਾਂ ਵਿਚ ਤੇ ਉਹ ਸਕੂਲ ਵਿਚ ਆਪਣੀ ਭੁੱਖ ਮਿਟਾਉਣ ਲੱਗੇ। ਅਲਿਫ਼, ਬੇ ਉਨ੍ਹਾਂ ਲਈ ਇਉਂ ਸੀ ਜਿਵੇਂ ਕਿਸੇ ਨੰਗੇ ਬੱਚੇ ਲਈ ਖੂਬਸੂਰਤ ਪੋਸ਼ਾਕ, ਭੁੱਖੇ ਲਈ ਸੁਆਦੀ ਖਾਣਾ ਜਾਂ ਅੰਨ੍ਹੇ ਲਈ ਦੋ ਅੱਖਾਂ। ਮਾਸਟਰ ਜੀ ਨੇ ਉਨ੍ਹਾਂ ਨੂੰ ਪਹਿਲਾਂ ਸਬਕ ਪੜ੍ਹਾਇਆ। ਉਨ੍ਹਾਂ ਦੀ ਬੇਚੈਨੀ/ਬੇਧਿਆਨੀ ਵੱਲ ਵੇਖਦਿਆਂ ਮਾਸਟਰ ਜੀ ਨੇ ਪੁੱਛਿਆ : ਮੁੰਡਿਆ ਤੂੰ ਪੜ੍ਹਨਾ ਏਂ ਕਿ ਮੱਝਾਂ ਚਾਰਨੀਆਂ ਨੇ ? ਤਾਂ ਉਹ ਬੋਲੇ ਕਿ ਉਨ੍ਹਾਂ ਪੜ੍ਹਨਾ ਵੀ ਏਂ ਤੇ ਮੱਝਾਂ ਵੀ ਚਾਰਨੀਆਂ ਨੇ ! ਮਾਸਟਰ ਜੀ ਨੇ ਕਿਹਾ ਕਿ ਤਾਂ ਫਿਰ ਇਹ ਬਿਖੜਾ ਪੈਂਡਾ ਤੈਅ ਕਰਨ ਲਈ ਮਿਹਨਤ ਕਰਨੀ ਪਵੇਗੀ। ਇਹ ਗੱਲ ਉਨ੍ਹਾਂ ਨੇ ਪੱਲੇ ਬੰਨ੍ਹ ਲਈ। ਮੱਝਾਂ ਚਾਰਨ ਅਤੇ ਪੜ੍ਹਾਈ ਦਾ ਸਿਲਸਿਲਾ ਕਈ ਵਰ੍ਹੇ ਚਾਲੂ ਰਿਹਾ। ਜਮਾਤ ਵਿਚ ਪੜ੍ਹਿਆ ਸਬਕ ਉਹ ਡੰਗਰ ਚਾਰਦੇ ਚਾਰਦੇ ਚੇਤੇ ਕਰ ਲੈਂਦੇ। ਪ੍ਰਾਇਮਰੀ ਦੇ ਇਮਤਿਹਾਨ ਦਾ ਨਤੀਜਾ ਆਇਆ ਤਾਂ ਸਕੂਲ ਵਿਚੋਂ ਪਹਿਲੇ ਨੰਬਰ ਤੇ ਆਏ ਤਾਂ ਵਜ਼ੀਫ਼ਾ ਪ੍ਰਾਪਤ ਕੀਤਾ।

ਮੇਰੇ ਪੁੱਛਣ ਤੇ ਫ਼ੈਜ਼ ਸਾਹਿਬ ਨੇ ਦੱਸਿਆ ਕਿ ਉਸ ਵੇਲੇ ਵਜੀਫਾ ਦੋ ਕੁ ਰੁਪਏ ਹੁੰਦਾ ਸੀ। ਤੇ ਦੋ ਕੁ ਰੁਪਏ ਪਿੰਡ ਵਾਲੇ (ਮਹੀਨੇ ਦੇ) ਉਨ੍ਹਾਂ ਨੂੰ ਦਿੰਦੇ ਸਨ। ਪ੍ਰਾਇਮਰੀ ਵਿਚੋਂ ਚੰਗ ਨੰਬਰ ਲੈ ਕੇ ਉਨ੍ਹਾਂ ਦੀ ਇਲਮ ਲਈ ਪਿਆਸ ਤੇਜ਼ ਹੋ ਗਈ। ਮਿਡਲ ਸਕੂਲ ਦੂਰ ਦੇ ਪਿੰਡ ਮੱਦੋ ਵਿਚ ਸੀ। ਹੁਣ ਪੜ੍ਹਾਈ ਦੇ ਨਾਲ ਡੰਗਰ ਨਹੀਂ ਸੀ ਚਾਰੇ ਜਾ ਸਕਦੇ। ਇਸ ਤਰ੍ਹਾਂ ਘਰ ਨੂੰ ਪਿੰਡ ਵੱਲੋਂ ਮਿਲਦੇ ਦੋ ਰੁਪਏ (ਮਹੀਨੇ ਦੇ) ਦਾ ਘਾਟਾ ਪੈਣਾ ਸੀ। ਅੰਤ ਉਨ੍ਹਾਂ ਨੇ ਆਪਣੇ ਪਿਤਾ ਜੀ (ਫ਼ੈਜ਼ ਸਾਹਿਬ ਦੇ ਦਾਦਾ ਜੀ) ਨੂੰ ਮਨਾ ਲਿਆ ਕਿ ਉਹ ਵਜ਼ੀਫ਼ੇ ਦੇ ਦੋ ਰੁਪਏ ਘਰ ਦੇ ਖਰਚ ਲਈ ਦੇ ਦਿਆ ਕਰਨਗੇ ਤੇ ਮਿਡਲ ਸਕੂਲ ਵਿਚ ਦਾਖ਼ਲਾ ਲੈ ਲੈਣਗੇ। ਪਿੰਡ ਵਾਲੇ ਵੀ ਇਹ ਗੱਲ ਮੰਨ ਗਏ।

ਉਹ ਹਰ ਰੋਜ਼ ਤਿੰਨ ਚਾਰ ਮੀਲ ਪੈਦਲ ਮਿਡਲ ਸਕੂਲ ਪੜ੍ਹਨ ਜਾਂਦੇ। ਉਹ ਖੇਲਦੇ, ਕੁੱਦਦੇ ਖੁਸ਼-ਖੁਸ਼ ਸਕੂਲ ਜਾਂਦੇ। ਰਾਹ ਵਿਚ ਗਾਈਆਂ, ਮੱਝਾਂ ਉਨ੍ਹਾਂ ਨੂੰ ਵੇਖ ਕੇ ਘਾਹ ਚੁਗਣਾ ਛੱਡ ਦਿੰਦੀਆਂ। ਮਿਡਲ ਦੇ ਇਮਤਿਹਾਨ ਵਿਚੋਂ ਵੀ ਉਹ ਪਹਿਲੇ ਨੰਬਰ ਤੇ ਆਏ। ਉਸ ਵੇਲੇ ਇਲਾਕੇ ਵਿਚ ਕੋਈ ਹਾਈ ਸਕੂਲ ਨਹੀਂ ਸੀ। ਇਸ ਲਈ ਉਨ੍ਹਾਂ ਦੀ ਕਿਸਮਤ ਦੇ ਆਕਾਸ਼ ਤੇ ਫਿਰ ਕਾਲੇ ਬੱਦਲ ਛਾ ਗਏ। ਪਰ ਪਤਾ ਨਹੀਂ ਕਿਵੇਂ ਉਨ੍ਹਾਂ ਇਹ ਪਤਾ ਕਰ ਲਿਆ ਕਿ ਮੋਚੀ ਦਰਵਾਜ਼ਾ ਲਾਹੌਰ ਵਿਖੇ ਇਕ ਹਾਈ ਸਕੂਲ ਹੈ ਤੇ ਇਹਦੇ ਨੇੜੇ ਇਕ ਮਸਜਦ ਹੈ ਜਿਥੇ ਵਿਦਿਆਰਥੀਆਂ ਨੂੰ ਮੁਫ਼ਤ ਰੋਟੀ ਤੇ ਰਿਹਾਇਸ਼ ਮਿਲਦੀ ਹੈ। ਪੱਕਾ ਇਰਾਦਾ ਬਣਾਕੇ ਉਨ੍ਹਾਂ ਬਾਜਰੇ ਦੀ ਰੋਟੀ, ਗੁੜ ਤੇ ਕੁਝ ਕਿਤਾਬਾਂ ਪੱਲੇ ਬੰਨ੍ਹ ਕੇ ਚੀਨੀਆਂ ਵਾਲੀ ਮਸਜਦ ਵਿਚ ਜਾ ਡੇਰੇ ਲਾਏ। ਮਸਜਦ ਵਿਚ ਰਹਿਣ ਲਈ ਥਾ ਮਿਲ ਗਈ। ਮੁਹੱਲੇ ਵਾਲੇ ਹਰ ਮੁਸਾਫਰ (ਮਸਜਦ ਦੇ ਵਿਚ ਰਹਿਣ ਵਾਲੇ) ਲਈ ਹਰ ਰੋਜ਼ ਖਾਣਾ ਭੇਜ ਦਿੰਦੇ ਸੀ। ਉਹ ਪੱਕੇ ਮੁਸਾਫ਼ਰ ਵਜੋਂ ਮਸਜਦ ਵਿਖੇ ਟਿਕ ਗਏ। ਮਸਜਦ ਦੇ ਇਮਾਮ ਨੇ ਉਨ੍ਹਾਂ ਦੀ ਲਿਆਕਤ ਦੀ ਦਾਦ ਦਿੰਦਿਆਂ ਹੋਇਆਂ ਉਨ੍ਹਾਂ ਨੂੰ ਹਾਈ ਸਕੂਲੇ ਦਾਖਲਾ ਵੀ ਲੈ ਦਿੱਤਾ। ਉਹ ਸਕੂਲ ਵੀ ਜਾਂਦੇ, ਨਮਾਜ਼ ਰੋਜ਼ਾ ਵੀ ਕਰਦੇ, ਕੁਰਾਨ ਦੀ ਤਲਾਵਤ ਸੁਰੀਲੀ ਆਵਾਜ਼ ਵਿਚ ਕਰਦੇ ਤੇ..... ਸਾਰਾ ਮੁਹੱਲਾ ਉਨ੍ਹਾਂ ਤੋਂ ਸਦਕੇ ਜਾਂਦਾ, ਸਕੂਲ ਦਾ ਹਰ ਉਸਤਾਦ ਉਨ੍ਹਾਂ ਦਾ ਆਸ਼ਕ ਅਤੇ ਇਮਾਮ ਤਾਂ ਉਨ੍ਹਾਂ ਦੀ ਲਿਆਕਤ ਤੇ ਹਲੀਮੀ ਤੋਂ ਕੁਰਬਾਨ ਜਾਂਦਾ। ਹੁਣ ਉਹ ਦਿਨ ਨੂੰ ਸਕੂਲ ਜਾਂਦੇ, ਦੁਪਹਿਰੇ ਤੇ ਸ਼ਾਮ ਮਸਜਦ ਦਾ ਕੰਮ ਕਰਦੇ, ਖਾਣਾ ਮਹੱਲੇ ਤੋਂ ਆ ਜਾਂਦਾ ਤੇ ਫਿਰ ਰਾਤ ਦੀ ਨਮਾਜ਼ ਪਿਛੋਂ ਉਹ ਲਾਹੌਰ ਰੇਲਵੇ



ਸਟੇਸ਼ਨ ਤੇ ਰਾਤ-ਭਰ ਕੁਲੀਗੀਰੀ ਕਰਦੇ। ਇਸ ਤਰ੍ਹਾਂ ਜਿਹੜੀ ਰਕਮ ਜਮ੍ਹਾਂ ਹੁੰਦੀ, ਉਹ ਘਰ ਭੇਜ ਦਿੰਦੇ। ਇਕ ਦਿਨ ਅਫ਼ਗਾਨਿਸਤਾਨ ਦਾ ਕੌਂਸਲਰ ਸਰਦਾਰ ਅਮੀਰ ਮੁਹੰਮਦ ਖਾਂ ਜੁੰਮੇ ਦੀ ਨਮਾਜ਼ ਪੜ੍ਹਨ ਆਇਆ। ਉਨ੍ਹਾਂ ਦੀ ਮੁਲਾਕਾਤ ਕੌਂਸਲਰ ਨਾਲ ਹੋ ਗਈ। ਫ਼ੈਜ਼ ਸਾਹਿਬ ਦੇ ਪਿਤਾ ਜੀ ਅੰਗਰੇਜ਼ੀ ਤੇ ਫ਼ਾਰਸੀ ਚੰਗੀ ਬੋਲ ਲੈਂਦੇ ਸਨ। ਕੌਂਸਲਰ ਇਨ੍ਹਾਂ ਨੂੰ ਮਿਲਕੇ ਬਹੁਤ ਖੁਸ਼ ਹੋਇਆ ਤੇ ਉਹਨੇ ਇਨ੍ਹਾਂ ਤੋਂ ਅੰਗਰੇਜ਼ੀ ਪੜ੍ਹਨੀ ਸ਼ੁਰੂ ਕਰ ਦਿੱਤੀ ਅਤੇ ਫ਼ਾਰਸੀ ਤੇ ਅੰਗਰੇਜ਼ੀ ਦੇ ਤਰਜਮੇ ਵੀ ਉਨ੍ਹਾਂ ਤੋਂ ਕਰਵਾਉਣ ਲੱਗ ਪਏ।

ਅਫ਼ਗ਼ਾਨ ਕੌਂਸਲਰ ਸਰਹੰਦ ਸ਼ਰੀਫ ਵਾਲਿਆਂ ਦਾ ਸ਼ਰਧਾਲੂ ਸੀ। ਅਮੀਰ ਅਬਦੁਲ ਰਹਿਮਾਨ (ਅਫ਼ਗ਼ਾਨਿਸਤਾਨ ਦੇ ਮਾਲਿਕ) ਇਕ ਸਾਲ ਪੂਰਬ ਤੇ ਸਰਹੰਦ ਆਏ ਸਨ। ਇਕ ਚਨਿਓਟੀ ਅਬਦੁਲ ਹਲੀਮ ਚਮੜੇ ਵਾਲੇ ਨੇ ਉਥੇ ਇਕ ਅਫਗ਼ਾਨ ਮਹਿਲ ਵੀ ਬਣਵਾਇਆ ਸੀ। ਹੁਣ ਤੱਕ ਵੀ ਸ਼ਾਇਦ ਉਹ ਮਹੱਲ ਕਾਇਮ ਹੈ। ਇਕ ਵਾਰ ਉਹ ਪਿਤਾ ਜੀ ਨੂੰ ਨਾਲ ਲੈ ਕੇ ਸਰਹੰਦ ਗਏ। ਉਹ ਸਰਦਾਰ ਅਮੀਰ ਖਾਨ ਦੇ ਨਾਲ ਸਰਹੰਦ ਵਿਖੇ ਮਸਜਦ ਵਿਚ ਨਮਾਜ਼ ਪੜ੍ਹ ਰਹੇ ਸਨ। ਨਮਾਜ਼ ਪੜ੍ਹਦੇ ਹੋਏ ਉਹ ਬੇਹੋਸ਼ ਹੋ ਗਏ। ਸੁਪਨੇ ਵਰਗੀ ਹਾਲਤ ਵਿਚ ਸਰਹੰਦ ਵਾਲੇ ਉਨ੍ਹਾਂ ਨੂੰ ਕਹਿ ਰਹੇ ਸੀ ਕਿ ਇਕ ਦਿਨ ਉਹ ਅਫ਼ਗਾਨਿਸਤਾਨ ਦੇ ਵਜ਼ੀਰ ਬਨਣਗੇ। ਹੋਸ਼ ਪਰਤੀ ਤਾਂ ਉਹ ਆਪਣੀ ਕਿਸਮਤ 'ਤੇ ਮੁਸਕਰਾਏ ਅਤੇ ਉਨ੍ਹਾਂ ਨੂੰ ਚੀਨੀਆਂ ਵਾਲੀ ਮਸਜਦ ਵਿਚ ਰਿਹਾਇਸ਼ ਯਾਦ ਆ ਗਈ। ਪਾਣੀ ਪੀ ਕੇ ਉਹ ਫਿਰ ਇਬਾਦਤ ਵਿਚ ਰੁੱਝ ਗਏ।

ਅਚਾਨਕ ਕੌਂਸਲਰ ਨੂੰ ਅਫ਼ਗਾਨਿਸਤਾਨ ਵਾਪਸ ਜਾਣਾ ਪਿਆ ਅਤੇ ਉਹ ਪਿਤਾ ਜੀ ਨੂੰ ਵੀ ਨਾਲ ਲੈ ਗਏ। ਉਥੇ ਉਨ੍ਹਾਂ ਦੀ ਮੁਲਾਕਾਤ ਅਮੀਰ ਅਬਦੁਲ ਰਹਿਮਾਨ ਨਾਲ ਕਰਵਾਈ ਗਈ ਤੇ ਦਰਬਾਰ ਵਿਚ ਉਨ੍ਹਾਂ ਨੂੰ ਤਰਜਮਾਕਾਰ ਦੀ ਨੌਕਰੀ ਮਿਲ ਗਈ। ਅੰਗਰੇਜ਼ਾਂ ਦੀਆਂ ਚਿੱਠੀਆਂ ਦਾ ਫ਼ਾਰਸੀ ਵਿਚ ਤੇ ਅਮੀਰ ਦੀਆਂ ਫ਼ਾਰਸੀ ਚਿੱਠੀਆਂ ਦਾ ਤਰਜਮਾ ਕਰਨਾ ਉਨ੍ਹਾਂ ਦਾ ਕਿੱਤਾ ਸੀ। ਇਸ ਨਾਲ ਭਾਸ਼ਾਵਾਂ ਦੀ ਮੁਹਾਰਤ ਦੇ ਨਾਲ ਨਾਲ ਸਮੇਂ ਦੀ ਸਿਆਸਤ ਦਾ ਗਿਆਨ ਵੀ ਹੋ ਗਿਆ। ਅਮੀਰ ਉਨ੍ਹਾਂ ਤੇ ਖ਼ੁਸ਼ ਸੀ। ਕਈ ਪ੍ਰਕਾਰ ਦੇ ਇਨਾਮ ਪ੍ਰਾਪਤ ਕਰ ਕੇ ਹੁਣ ਉਹ ਹੀਰੇ-ਜਵਾਹਰਾਂ ਵਿਚ ਖੇਡਦੇ ਸਨ। ਇਕ ਦਿਨ ਅਮੀਰ ਨੇ ਉਹਨਾਂ ਨੂੰ ਦਰਬਾਰ ਦਾ ਮੀਰ-ਮੁਨਸ਼ੀ ਥਾਪ ਦਿੱਤਾ। ਹੁਣ ਉਨ੍ਹਾਂ ਦਾ ਕਾਫ਼ੀ ਦਬਦਬਾ ਸੀ। ਸਮਾਂ ਗੁਜ਼ਰਦਾ ਗਿਆ ਅਤੇ ਉਨ੍ਹਾਂ ਦੀ ਤਕਦੀਰ ਚਮਕਦੀ ਗਈ। ਉਨ੍ਹਾਂ ਦੀ ਸ਼ਾਦੀ ਅਮੀਰ ਅਬਦੁਲ ਰਹਿਮਾਨ ਦੀ ਭਾਣਜੀ ਸ਼ਹਿਰ ਜਾਨ ਨਾਲ ਹੋ ਗਈ ਤੇ ਉਹ ਗੱਦੀ ਦੇ ਵਾਰਿਸ ਹਬੀਬ ਉੱਲਾ ਦੇ ਉਸਤਾਦ ਥਾਪੇ ਗਏ। ਹਬੀਬ ਉੱਲਾ ਅਫ਼ਗਾਨਿਸਤਾਨ ਦੇ ਬਾਦਸ਼ਾਹ ਬਣ ਗਏ।

ਫ਼ੈਜ਼ ਸਾਹਿਬ ਨੂੰ ਮੈਂ ਪੁੱਛਿਆ ਕਿ ਉਨ੍ਹਾਂ ਦੇ ਪਿਤਾ ਦੀ ਚਰਵਾਹੇ ਤੋਂ ਲੈ ਕੇ, ਮਸਜਦ ਦੇ ਮੁਸਾਫਰ, ਕੁਲੀ ਤੇ ਅਮੀਰ ਦੇ ਤਰਜਮਾਕਾਰ ਬਣਨ ਦੀ ਗੱਲ ਤਾਂ ਸਮਝ ਪੈਂਦੀ ਹੈ ਪਰ ਉਨ੍ਹਾਂ ਦਾ ਮੀਰ-ਮੁਨਸ਼ੀ ਬਣਨਾ ਨਿਰੋਲ ਸਿਆਸੀ ਕਾਰਜ ਸੀ, ਤੇ ਇਕ ਗ਼ੈਰ-ਅਫਗ਼ਾਨ ਦਾ ਇਸ ਪਦਵੀ ਤੇ ਲੱਗਣਾ ਕਿਵੇਂ ਵਾਪਰਿਆ। ਫੈਜ਼ ਸਾਹਿਬ ਨੇ ਕਿਹਾ ਕਿ ਉਨ੍ਹਾਂ ਦੀ ਵਿਰੋਧਤਾ ਤਾਂ ਹੋਈ ਪਰ ਅਮੀਰ ਦੀ ਮਿਹਰਬਾਨੀ ਨੇ ਕਿਸੇ ਦੀ ਦਾਲ ਨਾ ਗਲਣ ਦਿੱਤੀ।

ਫ਼ੈਜ਼ ਸਾਹਿਬ ਨੂੰ ਮੈਂ ਮੋਚੀ ਦਰਵਾਜ਼ੇ ਦੀ ਸਿਆਸੀ ਮਹੱਤਤਾ ਬਾਰੇ ਪੁੱਛਿਆ ਤਾਂ ਬੋਲੇ : ਮੋਚੀ ਦਰਵਾਜ਼ਾ ਖਾਲਸ ਸੂਝਵਾਨ ਸਿਆਸੀ ਮੁਹੱਲਾ ਹੈ। ਸਮਾਜੀ ਤੌਰ ਤੇ ਵੀ ਉਥੋਂ ਦੇ ਲੋਕ ਵੱਡੇ

ਦਿਲ ਵਾਲੇ ਹਨ। ਹੁਣ ਵੀ ਵੇਖੋ ਸਮੁੱਚੇ ਤੌਰ ਤੇ ਮੁਹੱਲਾ ਗਰੀਬੀ ਦਾ ਸ਼ਿਕਾਰ ਹੈ ਪਰ ਅਜੇ ਵੀ ਮਸਜਦ 'ਚੋਂ ਸਵੇਰੇ ਸ਼ਾਮ ਰੋਟੀ ਭੇਜੀ ਜਾਂਦੀ ਹੈ।

ਫ਼ੈਜ਼ ਸਾਹਿਬ ਨੂੰ ਮੈਂ ਇਹ ਵੀ ਪੁੱਛਿਆ ਕਿ ਕੀ ਮੀਰ ਦੇ ਦਰਬਾਰ ਵਿਚ ਉਨ੍ਹਾਂ ਦੇ ਪਿਤਾ ਜੀ ਇਕੱਲੇ ਗੈਰ-ਅਫ਼ਗਾਨ ਸਨ? ਕਹਿਣ ਲਗੇ ਕਿ ਇਕ ਅੰਗਰੇਜ਼ ਔਰਤ ਲਿਲੀਜ਼ ਹੈਮਿਲਟਨ ਵੀ ਸੀ। ਕਾਫੀ ਪੜ੍ਹੀ ਲਿਖੀ ਸੀ ਤੇ ਉਹਦੀ ਉਨ੍ਹਾਂ ਦੇ ਪਿਤਾ ਜੀ ਨਾਲ ਕਾਫ਼ੀ ਬਣਦੀ ਸੀ। ਉਹ ਇਕ ਦੂਜੇ ਨਾਲ ਸਲਾਹ ਮਸ਼ਵਰਾ ਵੀ ਕਰ ਲੈਂਦੇ ਸਨ। ਇਕ ਦਿਨ ਉਹ ਔਰਤ ਕਹਿਣ ਲੱਗੀ ਕਿ ਇਨ੍ਹਾਂ ਬਾਦਸ਼ਾਹਾਂ ਦਾ ਕੋਈ ਭਰੋਸਾ ਨਹੀਂ। ਅੱਜ ਦਾ ਬਾਦਸ਼ਾਹ ਕੱਲ੍ਹ ਦਾ ਖਾਨਾਬਦੋਸ਼ ਕੰਗਾਲ ਵੀ ਹੋ ਸਕਦਾ ਹੈ। ਨਵਾਂ ਬਾਦਸ਼ਾਹ ਤੁਹਾਡੀ ਜਾਨ ਤਾਂ ਬਖਸ਼ ਸਕਦਾ ਹੈ ਪਰ ਉਹਦੀ ਮਿਹਰਬਾਨੀ ਤੁਹਾਨੂੰ ਕਦੀ ਨਹੀਂ ਮਿਲੇਗੀ। ਤੁਹਾਡਾ ਅੱਜ ਦਾ ਬਾਦਸ਼ਾਹ ਵੀ ਕੰਨਾਂ ਦਾ ਕੱਚਾ ਹੋ ਸਕਦਾ ਹੈ ਤੇ ਤੁਹਾਡੇ ਖਿਲਾਫ਼ ਸਾਜ਼ਸ਼ ਕਾਮਯਾਬ ਹੋ ਸਕਦੀ ਹੈ। ਉਹਨੇ ਸਲਾਹ ਦਿੱਤੀ ਕਿ ਪਿਤਾ ਜੀ ਨੂੰ ਭਵਿੱਖ ਬਾਰੇ ਫਿਕਰ ਕਰਨ ਦੀ ਲੋੜ ਹੈ। ਫੈਸਲਾ ਹੋਇਆ ਕਿ ਡਾ: ਹੈਮਿਲਟਨ ਹੁਣ ਤੱਕ ਜਮ੍ਹਾਂ ਹੋਈ ਪੂੰਜੀ ਆਪਣੇ ਨਾਂ ਤੇ ਲੰਡਨ ਦੇ ਬੈਂਕ ਵਿਚ ਜਮ੍ਹਾਂ ਕਰਵਾ ਦੇਵੇਗੀ ਤਾਂ ਜੋ ਲੋੜ ਸਮੇਂ ਕੰਮ ਆ ਸਕੇ। ਇਸ ਤਰ੍ਹਾਂ ਉਹ ਫ਼ੈਜ਼ ਸਾਹਿਬ ਦੇ ਪਿਤਾ ਜੀ ਦੀ ਖ਼ਜ਼ਾਨਾ ਮੰਤਰੀ ਬਣ ਗਈ।

ਫ਼ੈਜ਼ ਦੇ ਪਿਤਾ ਜੀ ਅਫ਼ਗਾਨਿਸਤਾਨ ਜਾਣ ਲੱਗਿਆਂ ਪਿੰਡ ਦੇ ਇਕ ਬੰਦੇ ਅਮਾਮ ਬਖਸ਼ ਨਾਲ ਗਏ—ਚੌਕੀਦਾਰ ਸੀ ਉਹ। ਉਹ ਉਨ੍ਹਾਂ ਦਾ ਵਿਸ਼ਵਾਸ ਪਾਤਰ ਤੇ ਹਮਦਰਦੀ ਸੀ। ਇਕ ਦਿਨ ਉਨ੍ਹਾਂ ਅਮਾਮ ਬਖਸ਼ ਨਾਲ ਸਲਾਹ ਕੀਤੀ ਕਿ ਅਮੀਰ ਦੇ ਰਿਸ਼ਤੇਦਾਰ ਤੇ ਹੋਰ ਦਰਬਾਰੀ ਉਨ੍ਹਾਂ ਦੇ ਖੂਨ ਦੇ ਪਿਆਸੇ ਹੁੰਦੇ ਜਾ ਰਹੇ ਹਨ ਤੇ ਹੁਣ ਉਨ੍ਹਾਂ ਦਾ ਵਾਪਸ ਹਿੰਦੁਸਤਾਨ ਚਲੇ ਜਾਣਾ ਹੀ ਚੰਗਾ ਹੈ। ਅਮਾਮ ਬਖ਼ਸ਼ ਨੇ ਹਾਂ ਵਿਚ ਹਾਂ ਮਿਲਾਈ।

ਇਕ ਹਨ੍ਹੇਰੀ ਰਾਤ ਨੂੰ ਉਹ ਭੇਸ ਬਦਲ ਕੇ ਦੋ ਘੋੜਿਆਂ ਤੇ ਕਾਬਲ ਤੋਂ ਭਾਰਤ ਨੂੰ ਚਲ ਪਏ। ਸਾਰੀ ਸਾਰੀ ਰਾਤ ਉਹ ਘੋੜੇ ਦੌੜਾਉਂਦੇ ਰਹਿੰਦੇ ਤੇ ਇਕ ਸਵੇਰ ਉਹ ਭਾਰਤ ਜਾ ਪੁੱਜੇ। ਲਾਹੌਰ ਪੁੱਜੇ ਤਾਂ ਅੰਗਰੇਜ਼ਾਂ ਨੇ ਅਫ਼ਗਾਨਿਸਤਾਨ ਦਾ ਜਾਸੂਸ ਸਮਝ ਕੇ ਜੇਲ੍ਹ ਵਿਚ ਭਿਜਵਾ ਦਿੱਤਾ। ਉਧਰ ਅਮੀਰ ਵੀ ਹੈਰਾਨ ਸੀ, ਪਰ ਲਾਚਾਰ। ਖਾਂ ਸਾਹਿਬ ਲਾਹੌਰ ਕਿਲ੍ਹੇ ਵਿਚ ਕੈਦ ਸਨ। ਫ਼ੈਜ਼ ਸਾਹਿਬ ਨੇ ਗੱਲ ਜਾਰੀ ਰੱਖੀ ਤੇ ਮੇਰੀ ਉਤਸੁਕਤਾ (ਫਿਰ ਕੀ ਹੋਇਆ?) ਪੂਰੀ ਕਰਨ ਲਈ ਕਹਿਣ ਲੱਗੇ ਕਿ ਖਾਂ ਸਾਹਿਬ ਕਮਾਲ ਦੇ ਹੌਂਸਲੇ ਵਾਲੇ ਅਤੇ ਜੁੱਰਤ ਵਾਲੇ ਸਨ। ਜਲ੍ਹ ਵਿਚੋਂ ਹੀ ਕਿਸੇ ਨਾ ਕਿਸੇ ਤਰ੍ਹਾਂ ਲੰਡਨ ਜਾ ਚੁੱਕੀ ਡਾ. ਹੈਮਿਲਟਨ ਨਾਲ ਸੰਪਰਕ ਪੈਦਾ ਕੀਤਾ। ਉਹਦੀ ਮਿਹਰਬਾਨੀ ਨਾਲ ਖਾਂ ਸਾਹਿਬ ਰਿਹਾ ਹੋ ਗਏ। ਡਾ. ਹੈਮਿਲਟਨ ਦੇ ਕਹਿਣ ਤੇ ਲੰਡਨ ਚਲੇ ਗਏ। ਉਹਨਾਂ ਦਿਨਾਂ ਵਿਚ ਪਾਸਪੋਰਟ ਜਾਂ ਵੀਜ਼ੇ ਦੀ ਲੋੜ ਨਹੀਂ ਸੀ ਹੁੰਦੀ। ਉੱਥੇ ਜਾ ਕੇ ਉਨ੍ਹਾਂ ਕੈਮਬ੍ਰਿਜ ਵਿਖੇ ਦਾਖਲਾ ਲੈ ਲਿਆ। ਪਿੱਛੋਂ ਉਹ ਫੈਲੋ ਆਫ਼ ਰਾਇਲ ਜਿਊਗ੍ਰਾਫ਼ੀਕਲ ਸੋਸਾਇਟੀ ਬਣ ਗਏ। ਰੁਪਿਆ ਪੈਸੇ ਦੀ ਘਾਟ ਨਹੀਂ ਸੀ। ਡਾ. ਹੈਮਿਲਟਨ ਨੇ ਸਾਰਾ ਪੈਸਾ ਉਨ੍ਹਾਂ ਨੂੰ ਵਾਪਸ ਕਰ ਦਿੱਤਾ। ਹੁਣ ਉਹ ਪੜ੍ਹਦੇ ਤੇ ਪੋਲੋ ਖੇਡਦੇ ਤੇ ਉਹਨਾਂ ਦੀ ਜਾਣ ਪਛਾਣ ਉੱਚੇ ਦਰਜੇ ਦੇ ਨਾਲ ਸੀ। ਇਸ ਵੇਲੇ ਅਮੀਰ ਅਫ਼ਗਾਨਿਸਤਾਨ ਨੂੰ ਪਤਾ ਲੱਗਾ। ਉਹ ਵਿਦਿਆ ਪ੍ਰਾਪਤ ਕਰ ਰਹੇ ਸਨ। ਅਮੀਰ ਨੇ ਖਾਂ ਸਾਹਿਬ ਨੂੰ ਅਫ਼ਗਾਨਿਸਤਾਨ ਦਾ ਸਫ਼ੀਰ ਬਣ ਜਾਣ ਲਈ ਲਿਖਤੀ ਸੰਦੇਸ਼ ਭੇਜਿਆ। ਉਹ ਸਫ਼ੀਰ ਬਣ ਗਏ। ਕੈਂਬ੍ਰਿਜ ਤੋਂ ਫ਼ਾਰਗ ਹੋ ਕੇ ਬੈਰਿਸਟਰੀ ਦਾ ਸ਼ੌਕ ਪੈਦਾ ਹੋਇਆ ਤੇ ਬੈਰਿਸ਼ਟਰੀ ਸ਼ੁਰੂ ਕਰ ਦਿੱਤੀ। ਇਸ ਵੇਲੇ ਅੱਲਾਮਾ-ਇਕਬਾਲ, ਸਰ ਸ਼ਫ਼ੀ,



ਸਰ ਫਜ਼ਲ ਹੁਸੈਨ ਅਤੇ ਸਰ ਅਬਦੁਲ ਕਾਦਰ ਸਾਰੇ ਬੈਰਿਸਟਰੀ ਕਰ ਰਹੇ ਸਨ। ਖਾਂ ਸਾਹਿਬ ਦੀ ਮੁਲਾਕਾਤ ਇਨ੍ਹਾਂ ਸਾਰਿਆਂ ਨਾਲ ਹੋਈ, ਪਰ ਖਾਂ ਸਾਹਿਬ ਦਾ ਠਾਠ ਹੀ ਕੁਝ ਵੱਖਰਾ ਸੀ। ਉਪਰੋਕਤ ਚਾਰੇ ਤਾਂ ਸਿਰਫ਼ ਵਿਦਿਆਰਥੀ ਹੀ ਸਨ ਤੇ ਖਰਚਾ ਕਰਨਾ ਵੀ ਉਨ੍ਹਾਂ ਲਈ ਮੁਸ਼ਕਿਲ ਸੀ। ਖਾਂ ਸਾਹਿਬ ਕੋਲ ਕਾਫ਼ੀ ਰਕਮ ਜਮ੍ਹਾਂ ਹੋ ਚੁੱਕੀ ਸੀ ਅਤੇ ਅਫ਼ਗਾਨ ਹਕੂਮਤ ਵਲੋਂ ਤਨਖਾਹ ਵੀ ਮਿਲਦੀ ਸੀ। ਉਹ ਤਾਂ ਡਿਊਕ ਆਫ਼ ਵਿੰਡਸਰ (ਜਿਹੜਾ ਪਿੱਛੋਂ ਐਡਵਰਡ ਸਤਵਾਂ ਬਾਦਸ਼ਾਹ ਬਣਿਆ) ਨਾਲ ਪੋਲੋ ਖੇਡਦੇ ਹੁੰਦੇ ਸਨ। ਉਨ੍ਹਾਂ ਬੈਰਿਸਟਰੀ ਬੜੇ ਆਰਾਮ ਨਾਲ ਪਾਸ ਕਰ ਲਈ। ਮੈਂ ਫ਼ੈਜ਼ ਸਾਹਿਬ ਨੂੰ ਕਿਹਾ ਕਿ ਕਮਾਲ ਦੀ ਗੱਲ ਹੈ ਕਿ ਕਾਲਾ ਕਾਦਰ ਪਿੰਡ ਦਾ ਚਰਵਾਹਾ ਭਵਿੱਖ ਦੇ ਬਾਦਸ਼ਾਹ ਨਾਲ ਪੋਲੋ ਖੇਡਣ ਲੱਗ ਪਿਆ। ਫ਼ੈਜ਼ ਸਾਹਿਬ ਨੇ ਉਨ੍ਹਾਂ ਦੀ ਹਿੰਮਤ ਅਤੇ ਠੀਕ ਮੌਕੇ ਤੇ ਫੈਸਲਾ ਕਰਨ ਦੀ ਲਿਆਕਤ ਦੀ ਸ਼ਲਾਘਾ ਕੀਤੀ। ਲੰਡਨ ਤੋਂ ਜਿਹਲਮ ਆ ਕੇ ਉਨ੍ਹਾਂ ਨੇ ਵਕਾਲਤ ਕਰਨੀ ਸ਼ੁਰੂ ਕਰ ਦਿੱਤੀ।

ਇਸ ਵੇਲੇ ਜਿਹਲਮ ਛੋਟਾ ਜੇਹਾ ਸ਼ਹਿਰ ਸੀ। ਭਾਵੇਂ ਇਸ ਸ਼ਹਿਰ ਵਿਖੇ ਸਿਕੰਦਰ ਤੇ ਪੋਰਸ ਦੀ ਲੜਾਈ ਹੋਈ ਸੀ ਤੇ ਇਹ ਤਾਰੀਖ਼ੀ ਸ਼ਹਿਰ ਹੈ ਫਿਰ ਵੀ ਇਹ ਪੁਰਾਣਾ ਸ਼ਹਿਰ ਰਿਹਾਇਸ਼ ਤੇ ਮਾਲੀ ਤੌਰ ਤੇ ਪਛੜਿਆ ਹੋਇਆ ਸੀ। ਹਮਲਾਆਵਰਾਂ ਦੇ ਰਾਹ ਵਿਚ ਹੋਣ ਕਰਕੇ ਇਹ ਸ਼ਹਿਰ ਏਨੀ ਤਰੱਕੀ ਨਾ ਕਰ ਸਕਿਆ। ਅੰਗਰੇਜ਼ਾਂ ਨੇ ਵੀ ਇਹਨੂੰ ਮਿਲਟਰੀ ਫੀਡਿੰਗ ਏਰੀਆ ਬਣਾ ਦਿੱਤਾ। ਖਾਂ ਸਾਹਿਬ ਹੁਣ ਚਾਰ ਘੋੜਿਆਂ ਦੀ ਬੱਘੀ ਤੇ ਕਚਹਿਰੀ ਜਾਂਦੇ। ਇਸ ਗਰੀਬ ਸ਼ਹਿਰ ਵਿਚ ਖਾਂ ਸਾਹਿਬ ਦਾ ਤਾਂ ਕੀ ਉਹਦੇ ਘੋੜਿਆਂ ਦਾ ਪੇਟ ਭਰਨ ਦੀ ਤਾਕਤ ਵੀ ਨਹੀਂ ਸੀ। ਜਿਹਲਮ ਤੋਂ ਸਿਆਲਕੋਟ ਪਹੁੰਚ ਗਏ। ਵਕਾਲਤ ਕਾਫ਼ੀ ਠਾਠ ਨਾਲ ਕਰਨ ਲੱਗੇ। ਫਿਰ ਉਨ੍ਹਾਂ ਨੇ ਆਪਣੇ ਜੱਦੀ ਪਿੰਡ ਦੇ ਕੋਲ ਇਕ ਪਿੰਡ ਦੀ ਰਈਸਜ਼ਾਦੀ ਨਾਲ ਵਿਆਹ ਕਰਵਾ ਲਿਆ। ਇਹ ਉਨ੍ਹਾਂ ਦੀ ਪੰਜਵੀਂ ਸ਼ਾਦੀ ਸੀ (ਬਾਕੀ ਬੀਵੀਆਂ ਮਰ ਖੱਪ ਚੁੱਕੀਆਂ ਸਨ)। ਫ਼ੈਜ਼ ਸਾਹਿਬ ਇਸੇ ਸ਼ਾਦੀ ਚੋਂ ਪੈਦਾ ਹੋਏ ਤੇ ਸਿਆਲਕੋਟ ਵਿਖੇ ਪਰਵਰਿਸ਼ ਪਾਈ ਤੇ ਵਿਦਿਆ ਪ੍ਰਾਪਤ ਕੀਤੀ।

ਖਾਂ ਸਾਹਿਬ ਨੇ ਸਿਆਲਕੋਟ ਅਤੇ ਮੋਚੀ ਦਰਵਾਜ਼ੇ ਵਿਖੇ ਕਾਫ਼ੀ ਜ਼ਾਇਦਾਦ ਖਰੀਦੀ। ਉਨ੍ਹਾਂ ਦਾ ਪਰਿਵਾਰ ਪੈਸੇ ਵਿਚ ਖੇਡਦਾ ਸੀ। ਮੇਰੇ ਇਹ ਪੁੱਛਣ ਤੇ ਕਿ ਖਾਂ ਸਾਹਿਬ ਨੇ ਲਾਹੌਰ ਵਿਖੇ ਪ੍ਰੈਕਟਿਸ ਕਿਉਂ ਨਾ ਸ਼ੁਰੂ ਕੀਤੀ ਤਾਂ ਉਹ ਕਹਿਣ ਲੱਗੇ ਕਿ ਸ਼ਾਇਦ ਇਸ ਲਈ ਕਿ ਇਲਾਕੇ ਨਾਲ ਉਨ੍ਹਾਂ ਨੂੰ ਮੋਹ ਸੀ। ਉਹ ਇਲਾਕੇ ਤੇ ਪਿੰਡ ਦੇ ਲੋਕਾਂ ਨੂੰ ਪਿਆਰ ਕਰਦੇ ਸਨ। ਕਈ ਵਾਰ ਉਨ੍ਹਾਂ ਨੂੰ ਸਰ ਸ਼ਫ਼ੀ ਅਤੇ ਸਰ ਅਬਦੁਲ ਕਾਦਰ ਨੇ ਲਾਹੌਰ ਪ੍ਰੈਕਟਿਸ ਲੈ ਜਾਣ ਲਈ ਕਿਹਾ ਪਰ ਉਹ ਨਾ ਮੰਨੇ।

ਮੈਂ ਕਿਹਾ ਸਿਆਲਕੋਟ ਦੀ ਮਿੱਟੀ ਵੀ ਕਮਾਲ ਦੀ ਹੈ। ਏਥੇ ਇਕਬਾਲ ਤੇ ਖਾਂ ਸਾਹਿਬ ਦਾ ਜਨਮ ਹੋਇਆ ਤੇ ਫ਼ੈਜ਼ ਸਾਹਿਬ ਦਾ ਵੀ। ਫ਼ੈਜ਼ ਸਾਹਿਬ ਕਹਿਣ ਲੱਗੇ ਕਿ ਉਹ ਆਪ ਤਾਂ ਕਿਸੇ ਗਿਣਤੀ ਵਿਚ ਨਹੀਂ, ਇਸ ਇਲਾਕੇ ਵਿਚ ਹੋਰ ਸਮਾਜੀ ਸ਼ਖਸੀਅਤਾਂ ਸੀ ਮੰਮੂ ਜੁਆਰੀਆ, ਅਸਲ ਨਾਂ ਮੁਹੰਮਦ ਬਖ਼ਸ਼। ਸਾਰਾ ਸ਼ਹਿਰ ਤੇ ਇਲਾਕਾ ਉਹਨੂੰ ਜਾਣਦਾ ਸੀ। ਰਾਬਿਨ ਹੁੱਡ ਵਰਗੀ ਸ਼ਖਸੀਅਤ। ਉਹ ਜੂਆ ਖਿਡਵਾਉਂਦਾ, ਸਮੱਗਲਿੰਗ ਕਰਦਾ। ਖੁਫ਼ੀਆ ਦੁਨੀਆਂ ਦਾ ਬਾਦਸ਼ਾਹ। ਪਰ ਸ਼ਹਿਰ ਦੀ ਹਰ ਇਕ ਭਲਾਈ ਕਮੇਟੀ ਤੇ ਮਿਓਂਸਪਲ ਕਮੇਟੀ ਦਾ ਮੈਂਬਰ ਤੇ ਫਰਾਖ ਦਿਲ। ਤੇ ਫਿਰ ਫ਼ੈਜ਼ ਸਾਹਿਬ ਦੇ ਉਸਤਾਦ ਮੌਲਵੀ ਇਬਰਾਹੀਮ ਵੀ ਰਾਈਸ ਸਨ। ਉਨ੍ਹਾਂ ਦੀ ਕਲਾਸ ਵਿਚ ਕੋਈ ਅਲਿਫ਼, ਬੇ ਪੜ੍ਹ ਰਿਹਾ ਹੁੰਦਾ, ਕੋਈ ਤੀਸਰੀ ਜਮਾਤ ਦਾ

ਵਿਦਿਆਰਥੀ ਆਪਣੇ ਸਬਕ ਸਿੱਖ ਰਿਹਾ ਹੁੰਦਾ, ਕੋਈ ਹਦੀਸ ਪੜ੍ਹ ਰਿਹਾ ਹੁੰਦਾ, ਬੜਾ ਦਬਦਬਾ ਸੀ ਉਨ੍ਹਾਂ ਦਾ। ਬੜੇ ਖ਼ੂਬਸੂਰਤ ਜੁਆਨ ਸਨ ਉਹ। ਬੇ-ਔਲਾਦ। ਬੜੇ ਮਿਹਰਬਾਨ। ਸੱਤ ਸਾਲ ਉਹ ਫ਼ੈਜ਼ ਸਾਹਿਬ ਨੂੰ ਤਰਜਮੇ ਸਹਿਤ ਕੁਰਾਨ ਸ਼ਰੀਫ਼ ਪੜ੍ਹਾਉਂਦੇ ਰਹੇ। ਤੇ ਅੱਲਾਮਾ ਇਕਬਾਲ ਦੇ ਉਸਤਾਦ ਮੀਰ ਹਸਨ ਤੇ ਬਾਬਾ ਖੜਕ ਸਿੰਘ ਵੀ ਸਿਆਲਕੋਟੀ ਹੀ ਸਨ। ਅਕਾਲੀ ਲਹਿਰ ਦੇ ਬਾਨੀ। ਉਹਨਾਂ ਅੰਗਰੇਜ਼ਾਂ ਦੇ ਥਾਪੇ ਮਹੰਤਾਂ ਤੋਂ ਗੁਰਦੁਆਰੇ ਛੁਡਾਉਣ ਲਈ ਤਹਿਰੀਕ ਚਲਾਈ। ਗੋਲੀਆਂ ਚੱਲੀਆਂ। ਇਕ ਸਾਮਰਾਜ ਵਿਰੋਧੀ ਲਹਿਰ ਸੀ ਉਹ। ਫਿਰ ਉਨ੍ਹਾਂ ਖਲਾਫਤ ਤਹਿਰੀਕ ਨਾਲ ਰਲ ਕੇ ਅੰਗਰੇਜ਼ਾਂ ਵਿਰੁੱਧ ਸਾਂਝਾ ਮੋਰਚਾ ਲਾਇਆ। ਬਾਬਾ ਖੜਕ ਸਿੰਘ ਸਿੱਖ ਨੈਸ਼ਨਲ ਕਾਲਜ ਦੇ ਮੋਹਰੀ ਸਨ। ਮੈਂ ਕਿਹਾ ਅੰਮ੍ਰਿਤਸਰ ਤੇ ਲਾਹੌਰ ਪਹਿਲਵਾਨੀ ਵਿਚ ਸਿਆਲਕੋਟ ਦੀ ਪਿੱਠ ਲਾ ਗਿਆ, ਇਹ ਕਿਉਂ ? ਫ਼ੈਜ਼ ਸਾਹਿਬ ਦੀਆਂ ਅੱਖਾਂ ਵਿਚ ਚਮਕ ਆਈ ਤੇ ਬੋਲੇ ਕਿ ਗੂੰਗਾ ਪਹਿਲਵਾਨ ਕਿਥੋਂ ਦਾ ਸੀ ? ਸਿਆਲਕੋਟੀ ਗੂੰਗੇ ਪਹਿਲਵਾਨ ਨੇ ਰੁਸਤਮੇ ਜ਼ਮਾ ਤੇ ਉਹਦੇ ਖਾਨਦਾਨ ਦੀਆਂ ਨੱਕ ਨਾਲ ਲਕੀਰਾਂ ਕੱਢਵਾਈਆਂ। ਫਿਰ ਮੈਨੂੰ ਨੂਰ ਜਹਾਂ ਦੇ ਗਾਏ ਗਾਣੇ (ਤੇਰੇ ਮੁੱਖੜੇ ਤੇ ਕਾਲਾ ਕਾਲਾ ਤਿਲ ਵੇ) ਦੀ ਯਾਦ ਆਈ। ਮੈਂ ਖਾਂ ਸਾਹਿਬ ਦੇ ਚਿਹਰੇ ਤੇ ਤਿਲ ਦੀ ਗੱਲ ਕੀਤੀ ਤਾਂ ਬੋਲੇ ਕਿ ਉਹ ਬੜੇ ਖ਼ੂਬਸੂਰਤ ਤੇ ਡੀਲ ਡੌਲ ਵਾਲੇ ਸਨ। ਉਨ੍ਹਾਂ ਦਾ ਅੰਦਾਜ਼ਾ ਫ਼ੈਜ਼ ਹਰਾਂ ਦੇ ਕਦ ਤੋਂ ਨਹੀਂ ਲਾਇਆ ਜਾ ਸਕਦਾ। ਈਦ ਵੇਲੇ ਮਰਾਸੀ ਬੱਕਰਾ ਜ਼ਿਬ੍ਹਾ ਕਰਨ ਲਈ ਦੇਰ ਨਾਲ ਪੁੱਜਾ। ਖਾਂ ਸਾਹਿਬ ਨੇ ਕਾਰਨ ਪੁੱਛਿਆ। ਉਨ੍ਹਾਂ ਦਾ ਰੁਅਬ ਵੇਖ ਕੇ ਮਰਾਸੀ ਗ਼ਸ਼ ਖਾ ਕੇ ਡਿੱਗ ਪਿਆ। ਉਹ ਆਪਣੀ ਅਕਲ, ਕੱਦ ਅਤੇ ਆਵਾਜ਼ ਦੀ ਗੂੰਜ ਨਾਲ ਸਭ ਤੇ ਛਾ ਜਾਂਦੇ। ਮੇਰੇ ਪੁੱਛਣ ਤੇ ਕਿ ਉਨ੍ਹਾਂ ਕਦੀ ਖਾਂ ਸਾਹਿਬ ਤੋਂ ਕੁੱਟ ਵੀ ਖਾਧੀ ਸੀ, ਕਹਿਣ ਲੱਗੇ ਨਹੀਂ। ਉਨ੍ਹਾਂ ਦਾ ਦਬਦਬਾ ਵੇਖ ਕੇ ਸ਼ਰਾਰਤ ਨੂੰ ਜੀ ਹੀ ਨਹੀਂ ਸੀ ਕਰਦਾ। ਇਕ ਵਾਰ ਕਹਿਣ ਲੱਗੇ : "ਸ਼ਾਇਰੀ ਕਰਕੇ ਤੂੰ ਮੇਰਾ ਨਾਮ ਵੱਡਾ ਕਰੇਂਗਾ। ਬਸ I. C. S. ਹੋ ਜਾ।" ਫ਼ੈਜ਼ ਸਾਹਿਬ ਉਸ ਵੇਲੇ ਥਰਡ ਯੀਅਰ ਵਿਚ ਸਨ।

ਫ਼ੈਜ਼ ਸਾਹਿਬ ਕਾਲਿਜ ਵਿਚ ਪੜ੍ਹਦੇ ਸਨ ਜਦੋਂ ਖਾਂ ਸਾਹਿਬ ਅੱਲਾ ਨੂੰ ਪਿਆਰੇ ਹੋ ਗਏ। ਜਨਾਜ਼ੇ ਤੋਂ ਵਿਹਲੇ ਹੋਏ ਤਾਂ ਕਰਜ਼ ਲੈਣ ਵਾਲੇ ਆ ਟਪਕੇ। ਮਹਾਜਨਾਂ ਨੇ ਦੱਸਿਆ ਕਿ ਖਾਂ ਸਾਹਿਬ ਦੀ ਫ਼ਰਾਖ਼ਦਿਲੀ ਕਰ ਕੇ ਉਹ 80 ਹਜ਼ਾਰ ਰੁਪਏ ਦੇ ਕਰਜ਼ਾਈ ਸਨ। ਉਹ ਸਾਰੇ ਹੈਰਾਨ ਸਨ। ਦੋਵਾਂ ਭਰਾਵਾਂ ਨੇ ਕਰਜ਼ਾ ਲਾਹੁਣ ਦਾ ਪ੍ਰਣ ਕੀਤਾ। ਫਿਰ ਜਾਇਦਾਦ ਵਿਕਣੀ ਸ਼ੁਰੂ ਹੋਈ ਤੇ ਕਰਜ਼ ਉਤਰਨਾ ਸ਼ੁਰੂ ਹੋਇਆ। ਕਰਜ਼ ਤਾਂ ਉਤਰ ਗਿਆ, ਪਰ ਘਰ ਤੇ ਗਰੀਬੀ ਆ ਗਈ।

ਫ਼ੈਜ਼ ਸਾਹਿਬ ਚੁੱਪ ਹੋ ਗਏ। ਸਿਗਰਟ ਦਾ ਲੰਮਾ ਸੂਟਾ ਲਿਆ ਤੇ ਕਹਿਣ ਲੱਗੇ ਕਿ ਖਾਂ ਸਾਹਿਬ ਕਮਾਲ ਦੇ ਬੰਦੇ ਹਨ। ਮੈਂ ਕਿਹਾ, 'ਕਿਸੇ ਨਾਵਲ ਦੇ ਹੀਰੋ'। ਕਹਿਣ ਲੱਗੇ ਉਸ ਅੰਗਰੇਜ਼ ਔਰਤ ਨੇ ਉਨ੍ਹਾਂ ਤੇ ਨਾਵਲ ਲਿਖਿਆ ਜੋ ਛਪ ਚੁੱਕਾ ਸੀ। ਨਾਵਲ ਦਾ ਨਾਂ 'The Wazir's Daughter' ਸੀ। ਮੈਂ ਸੋਚ ਰਿਹਾ ਸਾਂ ਕਿ ਫ਼ੈਜ਼ ਸਾਹਿਬ ਦੀ ਸ਼ਾਇਰਾਨਾ ਤਬੀਅਤ ਵਿਚ ਚਰਵਾਹੇ ਤੋਂ ਲੈ ਕੇ ਖਾਨ ਬਹਾਦਰ ਤੇ ਸ਼ਹਿਰ ਦੇ ਮਕਰੂਜ਼ ਰਈਸ ਤੱਕ ਦੀਆਂ ਸਾਰੀਆਂ ਦਿਲਚਸਪੀਆਂ ਸ਼ਾਮਲ ਸਨ। ਉਹ ਚਰਵਾਹਾ ਬੱਚਾ ਬੈਰਿਸਟਰ ਬਣ ਕੇ ਆਪਣੇ ਪਿੰਡ ਆ ਗਿਆ। ਉਹਨੂੰ ਆਪਣੇ ਵਤਨ ਤੇ ਕਾਲਾ ਕਾਦਰ ਪਿੰਡ ਨਾਲ ਕੇਡਾ ਮੋਹ ਸੀ। ਸਾਰੀ ਦੁਨੀਆਂ ਘੁੰਮ ਕੇ ਅੰਤ ਉਹ ਤਹਿਮਤ ਬੰਨ੍ਹਣ ਵਾਲੇ ਨੰਗੇ-ਧੜੰਗੇ ਭਰਾਵਾਂ ਕੋਲ ਪਰਤ ਆਇਆ। ਖਾਂ ਸਾਹਿਬ, ਬਿਲਾ ਸ਼ੱਕ, ਫ਼ੈਜ਼ ਸਾਹਿਬ ਵਾਸਤੇ ਦੇਸ਼ ਪਿਆਰ ਦਾ ਬਹੁਤ ਵੱਡਾ ਸਰੋਤ ਤੇ ਚਸ਼ਮਾ ਸਨ।

ਪੰਜਾਬੀ ਅਨੁਵਾਦ : ਨਰਿੰਜਨ ਸਿੰਘ ਨੂਰ



## ਤਿੰਨ ਕਵਿਤਾਵਾਂ/ਸ਼ਬਦੀਸ਼

(1) ਕਿੱਕਲੀ ਡੱਬ-ਖੜੱਬੀ ਧੁੱਪ ਦੀ
ਪੈਰਾਂ 'ਚ ਘੁੰਮਣ ਘੇਰੀ ਏ
ਸਫ਼ਰ ਨਹੀਂ
ਬਸ, ਆਪਣੀ ਹੀ ਹਰਿਆਵਲ 'ਤੇ ਚਿਪਕੀ
ਬਿਰਖਾਂ ਦੀ ਬਹਿਸ ਸੁਣ ਰਿਹਾਂ।

—ਸੁਣਦਾ ਹਾਂ
ਹਰ ਇਕ ਬਿਰਖ ਤੋਂ ਡਿੱਗਦੇ ਕਿਸੇ ਫੁੱਲ ਦਾ ਖੜਾਕ
ਤੇ ਉਸ ਦੇ ਸਿਖ਼ਰ ਤੋਂ ਕਿਰ ਕੇ
ਕੁਛ ਟਾਹਣਾਂ 'ਤੇ ਆ ਅਟਕੀ
ਮੁਸਕਾਨ ਦੀ ਭਿਆਨਕ ਗੂੰਜ ਵੀ।

—ਧੁਰ ਅੰਦਰੋਂ ਖ਼ਾਮੋਸ਼ੀ ਚੀਖ਼ਦੀ ਏ
ਤੇ ਉਹ ਕੱਲ੍ਹ ਦੀ ਆਵਾਜ਼ ਵੀ
ਜੋ ਮਾਂ-ਮਿੱਟੀ ਦੇ ਵੱਲ
ਬੜੀ ਬੇ-ਦਰਦੀ ਨਾ 'ਪਰਤਾਈ ਸੀ ਮੈਂ
ਤੇ ਉਹ ਵੰਝਲੀ ਦੀ ਹੂਕ ਵੀ
ਹੁਣ ਜੋ ਹਸਤਨਾਪੁਰ ਦੇ ਮੁਜਰੇ 'ਚੋਂ ਪਰਤ ਆਈ ਏ

—ਮੇਰੇ ਅੰਦਰੋਂ ਇਕ ਆਲ੍ਹਣਾ ਕਿਰਦੈ
ਤੇ ਸੋਚਦੈ ਉਦ੍ਹੇ ਬਾਰੇ
ਸ਼ਹਿਰਾਂ ਵਿਚ ਭਟਕਦੇ ਹੋਏ ਮੁਸਾਫ਼ਿਰ ਦੀ ਤਲੀ 'ਤੇ ਜੋ
ਇਕ ਅਰਸੇ ਤੋਂ ਨੱਚੀ ਜਾ ਰਿਹੈ।

—ਸਿਰ ਉਠਾਉਂਦਾ ਹਾਂ
ਉਤਾਂਹ ਤੱਕਦਾਂ
ਸੂਰਜ ਹਾਲੇ ਵੀ ਉਵੇਂ ਹੀ ਬਲ ਰਿਹੈ
ਤੇ ਬਿਰਖਾਂ ਦੇ ਹੇਠਾਂ
ਬਸ ਡੱਬ-ਖੜੱਬੀ ਧੁੱਪ ਕਿੱਕਲੀ ਪਾ ਰਹੀ ਏ।

(28-6-1995)

**(2) ਮਰੀਆਂ ਅੱਖਾਂ ਦੀ ਮੁਸਕਾਨ**

ਚਿਰਾਂ ਤੋਂ ਸੀ ਜਿਦ੍ਹਾ ਖ਼ਦਸ਼ਾ
ਹਾਦਸਾ ਹੋ ਗਿਆ ਏ
ਮੇਰੀ ਆਵਾਜ਼ ਹੈ ਗੁੰਮ ਹੋ ਗਈ ।

ਉਹ ਸਾਗਰ 'ਚੋਂ ਗੁਜ਼ਰਦੀ
ਰੇਤਲੇ ਰਾਹਾਂ 'ਚ ਕਿਧਰੇ ਕਿਰ ਗਈ ਏ
ਤੇ ਆਵਾਜ਼ਾਂ ਦੇ ਜੰਗਲ 'ਚੋਂ
ਮੈਂ ਉਸ ਨੂੰ ਢੂੰਡਦਾ ਫਿਰਦਾਂ ।

ਮੈਂ ਜਿਸ ਵੀ ਬਿਰਖ ਕੋਲੇ ਜਾ
ਉਦ੍ਹੀ ਪੜਤਾਲ ਕੀਤੀ ਏ
ਉਸੇ ਦੀਆਂ ਹੀ ਅੱਖਾਂ ਨੇ
ਆਪਣੀ ਹੀ ਰੂਹ ਸਾਹਵੇਂ
ਆਪਣੇ ਹੀ ਕੰਬਣ ਦਾ ਕਿੱਸਾ ਸੁਣਾਇਆ ਏ
ਤੇ ਧਰਵਾਸਾ ਪੱਤਝੜੀ ਮੁਸਕਾਨ ਦਾ
ਮੇਰੇ ਮੋਢੇ ਟਿਕਾ ਕੇ ਆਖਿਆ ਏ—
'ਸ਼ੁਕਰ ਕਰ !
ਆਵਾਜ਼ ਹੀ ਤਾਂ ਸੀ
ਤੇਰੀਆਂ, ਅੱਖਾਂ ਤਾਂ ਨਹੀਂ ਮਰੀਆਂ ?' (12-12-1995)

**(3) ਹਵਾ ਦੀ ਤਲਾਸ਼ ਵਿਚ**

ਯੁੱਗਾਂ ਤੋਂ ਸੌਂ ਰਿਹਾ ਸਾਂ ਮੈਂ
ਹੋਇਆ ਜਾਂ ਤਪਸ਼ ਦਾ ਅਹਿਸਾਸ ਨੀਂਦਰ ਟੁੱਟ ਗਈ
ਤੇ ਘਰੋਂ ਨਿਕਲ ਆਇਆ ਹਾਂ
ਹਵਾ ਦੀ ਤਾਲਾਸ਼ ਵਿਚ ।

ਇੰਤਜ਼ਾਰ ਦੀ ਵਾਦੀ 'ਚ ਆ ਕੀ ਵੇਖਦਾਂ—
ਹਵਾ ਨੇ ਰੁਖ਼ ਬਦਲਿਆ ਹੈ
ਸਰਦ ਪਾਸੇ ਨੂੰ ਜਾਂਦੀ ਏ
ਤੇ ਅਗਨ ਦੀ ਵਾੜ ਇਹਦੇ ਪਹਿਰੇ 'ਤੇ ਤੁਰਦੀ ਏ ।

ਸੋਚਦਾਂ—
ਪਰਤ ਜਾਵਾਂ
ਸੌਂ ਜਾਵਾਂ
ਤੇ ਟੁੱਟੀ ਨੀਂਦਰ ਹੈ ਕਿ ਸੌਣ ਨਹੀਂ ਦਿੰਦੀ... (20 ਫਰਵਰੀ, 1996)



## ਜੁਝਾਰ ਕਾਵਿ-ਧਾਰਾ : ਪੁਨਰ ਵਿਚਾਰ—2

(ਲੜੀ ਜੋੜਨ ਲਈ ਅੰਕ ਨੰ: 5 ਵੇਖੋ)

—ਡਾ ਸੁਖਦੇਵ ਸਿੰਘ

ਬੁਰਜ਼ੂਆ ਰਾਂਜਨੀਤੀ, ਸਭਿਆਚਾਰਕ ਮੁੱਲਾਂ ਅਤੇ ਵਿਸਵਾਸ਼ਾਂ ਵਾਂਗ ਜੁਝਾਰ ਕਵੀਆਂ ਨੇ ਬੁਰਜ਼ੂਆ ਸੁਹਜ-ਸ਼ਾਸ਼ਤਰ ਨੂੰ ਵੀ ਗੰਭੀਰ ਚੁਣੌਤੀ ਦਿੱਤੀ। ਰਾਜਨੀਤਕ ਮਨੋਰਥ ਵਾਂਗ ਜੁਝਾਰ ਕਵੀ ਆਪਣੇ ਰਚਨਾਤਮਿਕ ਕਾਰਜ ਪ੍ਰਤੀ ਵੀ ਬੇਹੱਦ ਚੇਤੰਨ ਸਨ ! ਸਮਕਾਲੀ ਰਾਜਨੀਤੀ ਅਤੇ ਸਾਹਿਤ-ਸਿਰਜਣਾ ਦੇ ਖੇਤਰ ਵਿਚ ਉਹਨਾਂ ਨੇ ਆਪਣੇ ਵਿਚਾਰਧਾਰਕ ਵਿਰੋਧੀਆਂ ਨਾਲ ਗੰਭੀਰ ਸੰਵਾਦ ਛੇੜਿਆ ਅਤੇ ਦੋਹਾਂ ਹੀ ਖੇਤਰਾਂ ਵਿਚ ਨਵੇਂ ਮਾਨਦੰਡ ਸਿਰਜਣ ਦੀ ਮਹੱਤਵਪੂਰਨ ਭੂਮਿਕਾ ਨਿਭਾਈ। ਕਾਵਿ-ਸਿਰਜਣਾ ਦੇ ਖੇਤਰ ਵਿਚ ਜੁਝਾਰ ਕਵੀਆਂ ਦਾ ਮੂਲ ਵਿਰੋਧ ਇਹਨਾਂ ਪੰਜ ਕਾਵਿ-ਪ੍ਰਵਿਰਤੀਆਂ ਨਾਲ ਸੀ : ਰੁਮਾਂਟਿਕ ਪ੍ਰਗਤੀਵਾਦੀ ਕਾਵਿ-ਧਾਰਾ, ਪ੍ਰਯੋਗਵਾਦੀ/ਅਧੁਨਿਕਤਾਵਾਦੀ ਕਾਵਿ-ਧਾਰਾ, ਹਰਿਭਜਨ ਸਿੰਘ ਦੀ ਸੁਹਜਵਾਦੀ ਕਵਿਤਾ, ਰੁਮਾਂਟਿਕ/ਸ਼ਿਵ-ਕਾਵਿ ਅਤੇ ਤਥਾ-ਕਥਿਤ ਲੋਕ-ਕਵਿਤਾ/ਲੋਕ-ਗਾਇਕੀ। ਰੁਮਾਂਟਿਕ ਪ੍ਰਗਤੀਵਾਦੀ ਕਵਿਤਾ ਦੇ ਮੱਧ ਸ਼੍ਰੇਣਿਕ ਵਿਅਕਤੀਵਾਦ, ਪ੍ਰਯੋਗਵਾਦੀ ਕਵਿਤਾ ਦੀ ਅਰਥ-ਵਿਹੂਣੀ ਸ਼ਬਦ-ਘਾੜਤ, ਸਿਧਾਂਤਹੀਣ ਰੈਡੀਕਲਤਾ ਤੇ ਕਲਾਕਾਰ ਦੀ ਅਖੌਤੀ ਸੁਤੰਤਰਤਾ, ਸ਼ਿਵ ਅਤੇ ਸਮਕਾਲੀ ਰੁਮਾਂਟਿਕ ਕਵਿਤਾ ਦੇ ਰੋਗੀ ਰੁਮਾਂਸਵਾਦ, ਡਾ: ਹਰਿਭਜਨ ਸਿੰਘ ਦੀ ਸ਼ੁਧ-ਕਾਵਿ ਦੀ ਰੂਪਵਾਦੀ ਧਾਰਨਾ ਅਤੇ ਅਖੌਤੀ ਲੋਕ-ਗਾਇਕੀ ਦੇ ਲੱਚਰ ਤੇ ਹਿੰਸਕ ਰੁਝਾਨ ਦਾ ਸੁਚੇਤ ਨਕਾਰਣ ਜੁਝਾਰ ਕਵਿਤਾ ਵਿਚ ਮੁਖਰ ਰੂਪ ਵਿਚ ਹੋਇਆ ਹੈ। ਜੁਝਾਰ ਕਵੀਆਂ ਨੇ ਆਪਣੀ ਕਾਵਿ-ਯਾਤਰਾ ਦੇ ਉਦੇ-ਕਾਲ ਵਿਚ ਹੀ ਸਮਕਾਲੀ ਕਾਵਿ-ਧਾਰਾਵਾਂ ਤੋਂ ਆਪਣਾ ਰਾਹ ਨਿਖੇੜ ਲੈਣ ਦਾ ਐਲਾਨ ਕਰ ਦਿੱਤਾ ਸੀ :

—ਮੈਂ ਚਾਨਣ ਦੇ ਪਰਾਏ/ਪੈਰ ਨਹੀਂ ਚਾਹੁੰਦਾ
ਮੈਂ ਆਪਣੇ ਪੈਰਾਂ ਸੰਗ ਚਾਹੁੰਦਾ ਹਾਂ
ਸਫ਼ਰ ਦਾ ਗੀਤ ਗਾਉਣਾ/ਕੌਣ ਸੁਣਨਾ ਲੋਚਦਾ ਰਾਹਾਂ ਦਾ ਮਿਹਣਾ
ਪਰਾਏ ਪੈਰਾਂ 'ਚੋਂ ਆਪਣੇ ਸਫ਼ਰ ਦੀ ਮਹਿਕ ਨਹੀਂ ਆਉਂਦੀ।

(ਪ੍ਰਮਿੰਦਰਜੀਤ)

—ਅੰਨ੍ਹੀ, ਬੋਲੀ, ਗੁੰਗੀ ਪ੍ਰੰਪਰਾ/ਨਾ ਸਾਨੂੰ ਰੋਕ ਸਕਦੀ ਹੈ
ਅੱਜ ਅਸਾਂ ਕੀਤੀ ਬਗਾਵਤ ਹੈ /ਕਿਉਂਕਿ ਹੈ ਉਰੇ ਹੀ ਸੀਮਾ
ਹੈ ਘੇਰਾ ਬਹੁਤ ਹੀ ਛੋਟਾ/ਪਰ੍ਹੇ ਸੱਚ ਹੈ ਇਸ ਸੀਮਾ ਤੋਂ
ਕੱਲ ਕੋਈ ਵਾਹੇਗਾ ਜੋ ਦਾਇਰੇ/ਉਰ੍ਹਾਂ ਹੀ ਕੱਲ ਦੇ ਸੱਚ ਤੋਂ
ਬਗਾਵਤ ਫੇਰ ਵੀ ਕਰਨੀ/ਬਗਾਵਤ ਫੇਰ ਨਾ ਟਲਣੀ।
ਬਗਾਵਤ ਜੀਂਦੀਆਂ ਜਾਨਾਂ ਦਾ ਲੱਛਣ ਹੈ ..

(ਦਰਸ਼ਨ ਖਟਕੜ)

ਜੁਝਾਰ ਕਵਿਤਾ ਦਾ ਵਿਰੋਧ ਸਿਰਜਨਾਤਮਕ ਕਾਰਜ ਲਈ 'ਬੰਧਨ' ਬਣੀ 'ਅੰਨ੍ਹੀ, ਬੋਲੀ' ਪਰੰਪਰਾ ਨਾਲ ਵੀ ਹੈ ਅਤੇ ਉਸ ਸਨਾਤਨੀ ਕਾਵਿ-ਸ਼ਾਸਤਰ ਨਾਲ ਵੀ ਜੋ ਮਨੁੱਖੀ ਅਨੁਭਵ ਦੀ

ਬਾਂ ਪ੍ਰਚਲਿਤ ਪਰੰਪਰਾ ਦੀ ਅੰਧਾ ਧੁੰਦ ਨਕਲ ਨੂੰ ਕਾਵਿ-ਸਿਰਜਨਾ ਦਾ ਮੂਲ ਪ੍ਰੇਰਕ ਮੰਨਦਾ ਹੈ। ਇਸੇ ਲਈ ਜੁਝਾਰ ਕਵੀਆਂ ਨੇ 'ਕਾਗਜ਼ਾਂ ਤੇ ਉਕਰੇ ਕਿਸੇ ਵੀ ਸੱਚ ਨੂੰ ਪ੍ਰਵਾਨ ਕਰਨ ਤੋਂ ਇਨਕਾਰ' ਕੀਤਾ। (ਗੁਰਦੀਪ ਗਰੇਵਾਲ) ਸਮਕਾਲੀ ਇਤਿਹਾਸਕ ਵੇਗ ਦੇ ਸੱਚ ਨੂੰ ਨਜ਼ਰ-ਅੰਦਾਜ਼ ਕਰਕੇ ਸ਼ਬਦ-ਸੁਹਜ ਤੇ ਰੂਪਕ ਭੁੱਲ-ਭੁਲਾਈਆਂ ਦੇ ਗੇੜ 'ਚ ਉਲਝ ਕੇ ਅਸਿੱਧੇ ਢੰਗ ਨਾਲ ਸਥਾਪਤੀ ਦੀ ਸੇਵਾ ਕਰਨ ਵਾਲੀ ਸਮਕਾਲੀ ਕਵਿਤਾ ਤੋਂ ਤੋੜ-ਵਿਛੋੜਾ ਕਰ ਲੈਣ ਦਾ ਫੈਸਲਾ ਜੁਝਾਰ ਕਵੀਆਂ ਦੀ ਇਤਿਹਾਸ ਮੁੱਖ ਚੇਤੰਨਤਾ, ਰਾਜਨੀਤਕ-ਸਾਂਸਕ੍ਰਿਤਕ ਮਨੋਰਥ ਅਤੇ ਕਲਾ ਦੇ ਸਮਾਜਕ ਦਾਇਤਵ ਬਾਰੇ ਸਮਝ ਦਾ ਸਿੱਟਾ ਹੈ। ਆਪਣੇ ਯੁੱਗ ਅਨੁਕੂਲ ਨਵਾਂ ਕਾਵਿਕ ਮੁਹਾਵਰਾ ਸਿਰਜਣ ਦੇ ਨਾਲ ਨਾਲ ਜੁਝਾਰ ਕਵੀ ਸੁਹਜ ਜਾਂ ਕਵਿਤਾ ਦੇ ਨਵੇਂ ਮਾਨਦੰਡ ਸਿਰਜਣ ਬਾਰੇ ਵੀ ਸਜੱਗ ਸਨ। ਸਮਕਾਲੀ ਕਵਿਤਾ ਅਤੇ ਕਾਵਿ-ਚਿੰਤਨ ਵਿਚ ਭਾਰੂ ਬੁਰਜ਼ੂਆ ਸੁਹਜ-ਸੰਕਲਪਾਂ ਨੂੰ ਪਾਸ਼, ਸੰਤ ਸੰਧੂ, ਅਮਰਜੀਤ ਚੰਦਨ, ਦੇਵ, ਸੰਤ ਰਾਮ ਉਦਾਸੀ, ਹਲਵਾਰਵੀ ਅਤੇ ਮੋਹਨਜੀਤ ਆਦਿ ਕਵੀਆਂ ਨੇ ਕਰੜੇ ਹੱਥੀਂ ਲਿਆ। ਪਾਸ਼ ਨੇ ਬੁਰਜ਼ੂਆ ਕਾਵਿ-ਸ਼ਾਸਤਰ ਅਤੇ ਸੁਹਜ-ਸੰਕਲਪਾਂ ਤੋਂ ਵਿਦਰੋਹ ਕਰਦਿਆਂ ਸੁਰਜੀਤ ਪਾਤਰ ਨੂੰ ਇਕ ਖ਼ਤ ਵਿਚ ਲਿਖਿਆ ਸੀ, "ਮੇਰੇ ਉੱਤੇ ਅਤੇ ਸਾਡੇ ਸਾਰੇ ਚੌੜ ਚਾਣਨਾਂ ਉਤੇ ਸੁਹਜ-ਸੰਕਲਪ ਦੇ ਬੁਰਜ਼ੂਆ ਤੰਤੂ-ਪ੍ਰਬੰਧ ਦੀ ਪ੍ਰੇਤ ਸਾਇਆ ਮੰਡਰਾ ਰਹੀ ਹੈ। ਸਾਡੇ ਕੋਲ ਨਾ ਅੱਗ ਹੈ ਨਾ ਲੋਹਾ। ਇਕੋ ਰਾਹ ਹੈ ਕਲਾ ਵਿਚ ਅਰਾਜਕਤਾ ਫੈਲਾ ਦੇਈਏ, ਪ੍ਰੰਪਰਾਗਤ ਸੰਕਲਪਾਂ ਨੂੰ ਢਾਹ ਢੇਰੀ ਕਰਨ ਦਾ ਤਾਣ ਲਾਈਏ।" (**ਪਾਸ਼ ਦੀ ਯਾਦ ਵਿਚ**, ਸੰਪ: ਸੁਰਜੀਤ ਪਾਤਰ ਤੇ ਹੋਰ, ਪੰਨਾ 10) ਇਤਿਹਾਸਕ ਤੌਰ ਤੇ ਉਭਰ ਰਹੀ ਜਮਾਤ ਦੇ ਜਮਾਤੀ ਹਿਤਾਂ ਅਨੁਕੂਲ ਕਲਾ/ਸੁਹਜ ਦੇ ਨਵੇਂ ਮਾਨਦੰਡ ਸਿਰਜਣ ਦੀ ਲੋੜ ਉਪਰ ਜ਼ੋਰ ਦਿੰਦਿਆਂ ਪਾਸ਼ ਨੇ ਇਕ ਨਿਬੰਧ—'ਕਲਾ ਤੇ ਸਭਿਆਚਾਰ—ਇਤਿਹਾਸ ਦੀ ਪਗਡੰਡੀ ਤੋਂ' ਵਿਚ ਲਿਖਿਆ ਕਿ 'ਕਲਾ ਬਾਰੇ ਪਹਿਲੀਆਂ ਘੜੀਆਂ ਸੀਮਾਵਾਂ ਹੁਣ ਤੋੜਨੀਆਂ ਪੈਣਗੀਆਂ।......ਅਗਾਂਹ ਜੋ ਕਲਾ ਪੈਦਾ ਹੋਵੇਗੀ ਉਹ ਕੁਝ ਬੁਧੀਜੀਵੀਆਂ ਜਾਂ ਲੇਖਕਾਂ ਦੀ ਕਲਾ ਨਹੀਂ ਹੋਵੇਗੀ ਸਗੋਂ ਲੋਕਾਂ ਦੀ ਆਪਣੀ ਕਲਾ ਹੋਵੇਗੀ ਅਤੇ ਕਲਾ ਦੀ ਪ੍ਰੀਭਾਸ਼ਾ ਵੀ ਲੋਕ ਆਪ ਹੀ ਘੜਨਗੇ।......ਪਿਛਲੀਆਂ ਪੀੜ੍ਹੀਆ ਦੀ ਕਲਾ ਨੂੰ ਅਸੀਂ ਬੇਅਰਥ ਜਾਂ ਕਲਾ ਬਾਰੇ ਉਹਨਾਂ ਦੇ ਸੰਕਲਪ ਨੂੰ ਐਵੇਂ ਬਕਵਾਸ ਨਹੀਂ ਕਹਿੰਦੇ, ਪਰ ਅਸੀਂ ਉਹਨਾਂ ਦੀ ਨਕਲ ਨਹੀਂ ਕਰਾਂਗੇ।' ਜੁਝਾਰ ਕਵੀਆਂ ਨੇ ਬੁਰਜ਼ੂਆ ਸਾਰ ਵਾਲੇ ਪਰੰਪਰਾਗਤ ਸੁਹਜ/ਕਲਾ ਸੰਕਲਪਾਂ ਨੂੰ ਰੱਦ ਕਰਨ ਲਈ ਰੌਦਰ ਮੁਦਰਾ ਤੇ ਤਨਜ਼ੀਆ ਅੰਦਾਜ਼ ਦੀ ਵਿਧੀ ਅਪਣਾਈ। ਪ੍ਰਮਾਣ ਵਜੋਂ ਇਹ ਸਤਰਾਂ ਦੇਖੀਆਂ ਜਾ ਸਕਦੀਆਂ ਹਨ। ਜਿਵੇਂ :—

—ਤਬੇਲਿਆਂ ਤੇ ਲਾਲ ਝੰਡੇ ਲਹਿਰਾ ਕੇ
ਬਹਿਣ ਨਾਲ ਕੁਝ ਨਹੀਂ ਸੌਰਨਾ
ਇਸਨੂੰ ਆਪਣੇ ਲਹੂ ਦੀ ਰੰਗਤ ਦਿਓ।

(ਸ਼ਮਸ਼ੇਰ ਨਿਰਮਲ)

—ਮਾਸ਼ੂਕਾਂ ਨੂੰ ਖੱਤ ਲਿਖਣ ਵਾਲਿਓ
ਜੇ ਤੁਹਾਡੀ ਕਲਮ ਦੀ ਨੋਕ ਬਾਂਝ ਹੈ
ਤਾਂ ਕਾਗਜ਼ਾਂ ਦਾ ਗਰਭਪਾਤ ਨਾ ਕਰੋ।



ਤਾਰਿਆਂ ਵਲ ਤੱਕ ਕੇ ਕ੍ਰਾਂਤੀ ਲਿਆਉਣ ਦੀ
ਨਸੀਹਤ ਦੇਣ ਵਾਲਿਓ/ਕ੍ਰਾਂਤੀ ਜਦ ਆਈ ਤਾਂ
ਤੁਹਾਨੂੰ ਵੀ ਤਾਰੇ ਦਿਖਾ ਦੇਵੇਗੀ......
ਕ੍ਰਾਂਤੀ ਕੋਈ ਦਾਹਵਤ ਨਹੀਂ, ਨੁਮਾਇਸ਼ ਨਹੀਂ
ਮੈਦਾਨ ਵਿਚ ਵਗਦਾ ਦਰਿਆ ਨਹੀਂ
ਵਰਗਾਂ ਦਾ, ਰੁਚੀਆਂ ਦਾ ਦਰਿੰਦਾਨਾ ਭਿੜਨਾ ਹੈ
ਮਰਨਾ ਹੈ, ਮਾਰਨਾ ਹੈ/ਤੇ ਮੌਤ ਨੂੰ ਖ਼ਤਮ ਕਰਨਾ ਹੈ
ਅੱਜ ਵਾਰਸਸ਼ਾਹ ਦੀ ਲਾਸ਼/ਕੰਡਿਆਲੀ ਥੋਹਰ ਬਣਕੇ
ਸਮਾਜ ਦੇ ਪਿੰਡੇ ਤੇ ਉਗ ਆਈ ਹੈ। (ਪਾਸ਼)

'ਲੋਹ ਕਥਾ' ਦੇ ਮੁੱਖ ਬੰਦ ਵਿਚ ਸੰਤ ਸੰਧੂ ਨੇ ਸਮਕਾਲੀ ਕਵਿਤਾ ਦੇ ਬੌਧਿਕ ਸੰਕਟ, ਪਰਾਏ ਅਨੁਭਵਾਂ ਤੇ ਮਾਂਗਵੇਂ ਵਿਚਾਰਾਂ ਦੇ ਰੀਤੀਵਾਦੀ ਦੁਹਰਾਉ ਅਤੇ ਅਖੌਤੀ ਕ੍ਰਾਂਤੀਸ਼ੀਲਤਾ ਪ੍ਰਤੀ ਆਪਣੇ ਗੁੱਸੇ ਅਤੇ ਤ੍ਰਿਸਕਾਰ ਦਾ ਪ੍ਰਗਟਾਵਾ ਇੰਜ ਕੀਤਾ ਸੀ, "ਸਾਡਾ ਵੀਹਵੀਂ ਸਦੀ ਦਾ ਪੰਜਾਬੀ ਸਾਹਿਤਕ ਵਿਰਸਾ ਪਰੰਪਰਾਈ, ਬੌਧਿਕ, ਪ੍ਰਯੋਗੀ, ਪ੍ਰਗਤੀਵਾਦੀ, ਸਮਾਜਵਾਦੀ ਤੇ ਹੋਰ ਲੱਲੂ ਪੰਜੂ ਅਖੰਤੀ ਡੋਗਾਂ ਹੀ ਸੀ, ਜੋ ਗੁਮਰਾਹ ਤੇ ਰੰਗੇ ਹੋਏ ਗਿੱਦੜਾ ਦੀਆਂ ਹੂਕਾਂ ਸਨ। ਅੱਠੇ ਪਹਿਰ ਜੁਗਾਲੀ ਕਰਨਾ ਜਾਂ ਮਾਸ ਦੀਆ ਪੀਂਘਾ ਝੂਟਣੀਆਂ ਇਹਨਾਂ ਦਾ ਸ਼ੁਗਲ ਹੁੰਦਾ ਹੈ।' ਜੁਝਾਰ ਕਵੀਆਂ ਦੀਆ ਉਪਰੋਕਤ ਟਿੱਪਣੀਆਂ ਕਾਰਨ ਪ੍ਰੀਤਮ ਸਿੰਘ (ਪੀ.ਸੀ.ਐਸ.) ਵਰਗੇ ਕੁਝ ਆਲੋਚਕ ਇਹ ਨਿਰਣਾ ਕਰ ਲੈਂਦੇ ਹਨ ਕਿ 'ਨਕਸਲਵਾਦੀ ਕਵੀਆਂ ਨੇ ਇਨਕਲਾਬ ਪੈਦਾ ਕਰਨ ਦੇ ਜੋਸ਼ ਵਿਚ ਆਪਣੇ ਸਾਰੇ ਸਾਹਿਤਕ ਵਿਰਸੇ ਉਤੇ ਇਕ ਸਿਰੇ ਤੋਂ ਸੀ ਲੀਕ ਫੇਰ ਦਿੱਤੀ।' ਦਰਅਸਲ ਜੁਝਾਰ ਕਵੀਆ ਦਾ ਵਿਰੋਧ ਸਮਕਾਲੀ ਕਵਿਤਾ ਵਿਚ ਪ੍ਰਚਲਿਤ ਅਖੌਤੀ ਕ੍ਰਾਂਤੀਸ਼ੀਲਤਾ, ਸਿਧਾਂਤਹੀਣ ਰੈਡੀਕਲਤਾ, ਅਰਥ-ਵਿਹੂਣੇ ਸ਼ਬਦ-ਪ੍ਰਯੋਗ ਅਤੇ ਸ਼ੁਧ-ਕਾਵਿ ਦੀ ਰੂਪਵਾਦੀ ਧਾਰਨਾ ਨਾਲ ਸੀ, ਸਮੁੱਚ ਸਾਹਿਤ-ਸਭਿਆਚਾਰਕ ਵਿਰਸੇ ਨਾਲ ਨਹੀਂ। ਆਪਣੀ ਸਾਹਿਤਕ ਪਰੰਪਰਾ ਦੇ ਪ੍ਰਗਤੀਸ਼ੀਲ ਪੱਖਾਂ ਪ੍ਰਤੀ ਜੁਝਾਰ ਕਵੀ ਸੁਚੇਤ ਸਨ, ਇਸ ਲਈ ਉਹਨਾਂ ਨੇ ਆਪਣੇ ਸਾਹਿਤਕ ਅਤੇ ਸਭਿਆਚਾਰਕ ਵਿਰਸੇ ਦੇ ਕ੍ਰਾਂਤੀਕਾਰੀ ਤੱਤਾਂ ਨੂੰ ਮੁੜ ਸੁਰਜੀਤ ਕਰਨ ਦਾ ਐਲਾਨ ਕੀਤਾ। ਇਸ ਗੱਲ ਦੀ ਪੁਸ਼ਟੀ ਨਵੰਬਰ 1970 ਦੇ 'ਹੇਮ ਜਯੋਤੀ' ਦੇ ਸੰਪਾਦਕੀ ਲੇਖ ਦੀਆਂ ਇਹਨਾਂ ਸਤਰਾਂ ਤੋਂ ਹੋ ਜਾਂਦੀ ਹੈ :

> ਪ੍ਰਯੋਗਵਾਦ, ਆਧੁਨਿਕਵਾਦ ਤੇ ਅਖੌਤੀ ਪ੍ਰਗਤੀਵਾਦ ਦੀ ਧੁੰਦ ਨੌਜਵਾਨ ਲੇਖਕਾਂ ਦੀਆਂ ਅੱਖਾਂ ਤੋਂ ਲਹਿ ਗਈ ਹੈ। ਉਹਨਾਂ ਨੇ ਆਪਣੇ ਫ਼ਰਜ਼ ਨੂੰ ਪਛਾਣ ਲਿਆ ਹੈ ਅਤੇ ਅਮਲੀ ਤੌਰ ਤੇ ਲੋਕ-ਹਿੱਤ ਲਈ ਮੈਦਾਨ ਵਿਚ ਨਿੱਤਰ ਆਏ ਹਨ।
> ਸਾਨੂੰ ਗੁਰਬਖਸ਼ ਸਿੰਘ, ਅੰਮ੍ਰਿਤਾ ਪ੍ਰੀਤਮ, ਮੋਹਨ ਸਿੰਘ, ਰੰਧਾਵਾ, ਸੇਖੋਂ, ਜਸਵੰਤ ਸਿੰਘ ਕੰਵਲ ਆਦਿ ਨਾਲ ਕੋਈ ਨਿੱਜੀ ਦੁਸ਼ਮਣੀ ਨਹੀਂ। ਜਦੋਂ ਇਹਨਾਂ ਨੇ ਲੋਕ-ਹਿੱਤਾਂ ਦੀ ਗੱਲ ਕੀਤੀ, ਲੋਕਾਂ ਨੇ ਇਹਨਾਂ ਨੂੰ ਪ੍ਰਵਾਨ ਕੀਤਾ, ਸਨਮਾਨਿਆ। ਪਰ ਕਦਮ ਕਦਮ ਤੇ ਇਹਨਾਂ ਨੇ ਲੋਕਾਂ ਦੀਆਂ ਭਾਵਨਾਵਾਂ ਨਾਲ ਖੇਡਿਆ,

ਲੋਕ-ਸੰਘਰਸ਼ ਵਿਚ ਜੁੱਟਣ ਦੀ ਥਾਂ ਆਪਣੀ ਸ਼ਖ਼ਸ਼ੀ ਪੂਜਾ ਤੇ ਸਥਾਪਤੀ ਦੇ ਗੇੜਾਂ ਵਿਚ ਪੈ ਗਏ ।......ਸੱਭਿਆਚਾਰਕ ਫਰੰਟ ਨੂੰ ਕ੍ਰਾਂਤੀਕਾਰੀ ਲੀਹਾਂ ਤੇ ਤੋਰਦੇ ਹੋਏ ਸਾਨੂੰ ਇਹਨਾਂ ਸਾਹਿਤਕ ਮਸੰਦਾਂ ਦੇ ਲੋਕ-ਵਿਰੋਧੀ ਕਿਰਦਾਰ ਨੂੰ ਉਘੇੜਨ ਲਈ ਮਜ਼ਬੂਰ ਹੋਣਾ ਪਿਆ ਹੈ ਤਾਂ ਕਿ ਇਹ ਆਪਣੀ ਵਿਅਕਤੀ ਪੂਜਾ ਰਾਹੀਂ ਨੌਜਵਾਨ ਲੇਖਕਾਂ ਨੂੰ ਗੁਮਰਾਹ ਨਾ ਕਰਦੇ ਰਹਿਣ ।

ਅਸੀਂ ਆਪਣੀਆਂ ਸਾਹਿਤਕ ਸਰਗਰਮੀਆਂ ਨੂੰ ਆਪਣੇ ਹੱਥਾਂ ਵਿਚ ਲੈਣਾ ਹੈ । ਕਵੀ ਦਰਬਾਰਾਂ ਨੂੰ, ਸਾਹਿਤਕ ਮੀਟਿੰਗਾਂ ਨੂੰ ਅਸੀਂ ਹੋਰ ਸਿਗਰਟਾਂ ਦੇ ਧੂੰਏਂ ਤੇ ਸ਼ਰਾਬ ਦੀ ਬਦਬੂ ਵਿਚ ਨਹੀਂ ਡੋਬਣਾ ।...ਸਾਡੇ ਸਾਹਿਤ ਨੇ ਹੁਣ ਜਮਾਤੀ ਘੋਲ ਦੀ ਸਿਆਸੀ ਸੂਝ ਵਿਚੋਂ ਪੈਦਾ ਹੋਣਾ ਹੈ ਨਾ ਕਿ ਕਾਫ਼ੀ ਹਾਊਸਾਂ ਦੇ ਧੂੰਏਂ ਵਿਚ ਡੁੱਬ ਕੇ ਦਮ ਤੋੜਨਾ ਹੈ । ਸਾਡੇ ਕੋਲ ਲੋਕ-ਸਾਹਿਤ ਅਤੇ ਲੋਕ-ਸੰਗਰਾਮ ਦਾ ਭਰਪੂਰ ਵਿਰਸਾ ਹੈ। ਗੁਰੂ ਗੋਬਿੰਦ ਸਿੰਘ ਨੇ ਇਸ ਦੀ ਪਿਰਤ ਪਾਈ ਹੈ । ਲੋਕ-ਯੁੱਧ ਹਮੇਸ਼ਾ ਕਲਮ ਤੇ ਹਥਿਆਰ ਨਾਲ ਲੜੇ ਜਾਂਦੇ ਹਨ ।...... "ਲੜਨ ਵਾਲੀਆਂ ਫੌਜਾਂ ਦਾ ਸੱਭਿਆਚਾਰ ਹੋਣਾ ਜ਼ਰੂਰੀ ਹੈ ।" ਗੁਰੂ ਗੋਬਿੰਦ ਸਿੰਘ ਤੋਂ ਬਾਅਦ ਗਦਰ ਪਾਰਟੀ ਤੇ ਗੁਰੀਲਾ ਲੜਾਕਿਆਂ ਨੇ ਫੇਰ ਭਗਤ ਸਿੰਘ ਤੇ ਉਸ ਦੇ ਸਾਥੀਆਂ ਨੇ ਇਸ ਲੜੀ ਨੂੰ ਕਾਇਮ ਰੱਖਿਆ ਹੈ । ਇਹਨਾ ਭਰਪੂਰ ਵਿਰਸਿਆਂ ਵਾਲੇ ਸੱਭਿਆਚਾਰਕ ਲੋਕ-ਯੁੱਧ ਨੂੰ ਅਸੀਂ ਅੱਗੇ ਲਿਜਾਣਾ ਹੈ ।

ਕਵੀ ਦੀ ਰਾਜਨੀਤਕ ਭੂਮਿਕਾ ਅਤੇ ਕਲਾ ਦੇ ਸਮਾਜਕ ਦਾਇਤਵ ਦਾ ਪ੍ਰਸ਼ਨ ਨਾ ਕੇਵਲ ਜੁਝਾਰ ਕਵਿਤਾ ਸਗੋਂ ਸਮੁੱਚੀ ਪ੍ਰਗਤੀਵਾਦੀ ਸਾਹਿਤਕ ਲਹਿਰ ਦੇ ਕਾਵਿ-ਸ਼ਾਸਤਰੀ ਚਿੰਤਨ ਦਾ ਕੇਂਦਰੀ ਨੁਕਤਾ ਰਿਹਾ ਹੈ । ਕਵੀ ਨੂੰ ਸਿਆਸੀ ਫਿਲਾਸਫਰ, ਕਵਿਤਾ ਨੂੰ ਮਨੁੱਖੀ ਕਿਰਤ ਦਾ ਵਿਸ਼ੇਸ਼ੀਕ੍ਰਿਤ ਰੂਪ, ਕਾਵਿ-ਸਿਰਜਨ ਪ੍ਰਕਿਰਿਆਂ ਨੂੰ ਸੁਚੇਤ ਮਨੁੱਖੀ ਕਰਮ ਅਤੇ ਕਾਵਿ ਦੇ ਨੈਤਿਕ-ਸਮਾਜਕ ਪ੍ਰਯੋਜਨ ਨੂੰ ਪ੍ਰਵਾਨ ਕਰਨਾ ਪ੍ਰਗਤੀਵਾਦੀ ਅਤੇ ਜੁਝਾਰ ਕਵਿਤਾ ਦੇ ਕਾਵਿ-ਚਿੰਤਨ ਦਾ ਸਾਂਝਾ ਸੂਤਰ ਹੈ । ਇਹਨਾਂ ਲਈ ਕਵੀ ਨਾ ਪਰੰਪਰਕ ਅਰਥਾਂ ਵਿਚ 'ਪੈਗੰਬਰ' ਹੈ, ਨਾ 'ਧੁਰ ਕੀ ਬਾਣੀ' ਦਾ ਸੰਚਾਰਕ 'ਧਰਮ-ਗੁਰੂ' ਅਤੇ ਨਾ ਮਹਿਜ਼ ਆਨੰਦ ਦਾ ਸਿਰਜਨਹਾਰਾ 'ਸ਼ਬਦ-ਸ਼ਿਲਪੀ' ਸਗੋਂ ਸਿਆਸੀ ਫ਼ਿਲਾਸਫਰ ਹੈ, ਜਿਸ ਦੇ ਸਰੋਕਾਰ ਇਕੋ ਵੇਲੇ ਰਾਜਨੀਤਕ ਅਤੇ ਸਾਂਸਕ੍ਰਿਤਕ ਹਨ । ਉਸ ਦੀ ਰਚਨਾ ਦਾ ਮਨੋਰਥ ਮਹਿਜ਼ ਆਤਮ-ਪ੍ਰਗਟਾ, ਭਾਵ-ਵਿਰੇਚਨ ਜਾਂ ਸੁਹਜ-ਸਿਰਜਣਾ ਨਹੀਂ ਸਗੋਂ ਕ੍ਰਾਂਤੀਕਾਰੀ ਪਰਿਵਰਤਨ ਲਈ ਮਨੁੱਖੀ ਚੇਤਨਾ ਅਤੇ ਲੋਕ-ਲਹਿਰ ਨੂੰ ਪ੍ਰਚੰਡ ਕਰਨਾ ਹੈ । ਸਿਆਸੀ ਸੰਗਰਾਮੀਆਂ ਹੋਣ ਕਾਰਨ ਉਹ ਕਾਵਿ-ਸਿਰਜਣਾ ਦੁਆਰਾ ਇਕ ਵਿਸ਼ੇਸ਼ ਰਾਜਨੀਤਕ ਅਤੇ ਵਿਚਾਰਧਾਰਕ ਭੂਮਿਕਾ ਨਿਭਾਉਂਦਾ ਹੈ । ਉਹ ਆਪਣੇ ਸਮਾਜਕ ਚੌਗਿਰਦੇ ਤੋਂ ਸੁਤੰਤਰ ਜਾਂ ਨਿਰਪੱਖ ਨਹੀਂ ਰਹਿ ਸਕਦਾ । ਉਹ ਕਿਸੇ ਨਾ ਕਿਸੇ ਵਰਗ, ਉਸ ਦੇ ਜਮਾਤੀ-ਹਿੱਤਾਂ ਅਤੇ ਉਸ ਦੇ ਅਨੁਸਾਰੀ ਵਿਚਾਰਧਾਰਾ ਨਾਲ ਪ੍ਰਤਿਬੱਧ ਹੁੰਦਾ ਹੈ, ਇੰਜ ਉਸ ਦੀ ਕਵਿਤਾ ਜਮਾਤੀ ਪੱਖ-ਪਾਤ ਤੋਂ ਮੁਕਤ ਨਹੀਂ ਹੁੰਦੀ । ਸੋ ਜਮਾਤੀ ਸਮਾਜ ਵਿਚ ਫਲਸਫੇ ਵਾਂਗ ਕਲਾ ਦਾ ਖ਼ਾਸਾ ਵੀ ਜਮਾਤੀ ਹੁੰਦਾ ਹੈ ਅਤੇ ਇਹ ਮਨੁੱਖੀ ਕਿਰਤ ਦਾ ਅਤਿ ਸੂਖਮ ਰੂਪ ਹੁੰਦੀ ਹੋਈ ਵੀ ਇਕ ਵਿਸ਼ੇਸ਼ ਰਾਜਨੀਤਕ ਅਤੇ



ਸਾਂਸਕ੍ਰਿਤਕ ਭੂਮਿਕਾ ਨਿਭਾਉਂਦੀ ਹੈ । ਕਲਾ ਦੇ ਜਮਾਤੀ ਸੁਭਾਅ ਅਤੇ ਕਵੀ ਦੀ ਸਿਆਸੀ ਭੂਮਿਕਾ ਬਾਰੇ ਜੁਝਾਰ ਕਵੀਆਂ ਦੀ ਸੁਚੇਤਨਾ ਦਾ ਪ੍ਰਮਾਣ ਸੰਤ ਰਾਮ ਉਦਾਸੀ ਦਾ ਇਹ ਕਥਨ ਹੈ, "ਜਿੱਥੇ ਹਰ ਗਲ ਸਿਆਸਤ ਵਿਚ ਹੋਵੇ, ਉੱਥੇ ਸਾਹਿਤ ਸਿਆਸਤ ਤੋਂ ਮੁਕਤ ਕਿਵੇਂ ਹੋ ਸਕਦਾ ਹੈ ? ਜੋ ਸਾਹਿਤਕਾਰ ਸਿਆਸਤ ਤੋਂ ਬਚਣਾ ਚਾਹੁੰਦਾ ਹੈ ਉਹ ਸਰਮਾਏਦਾਰ ਦਾ ਪੂਰਾ ਹੱਥਕੰਡਾ ਹੈ ।" (ਕਿੰਤੂ ਅਕਤੂਬਰ-ਨਵੰਬਰ 1972)

ਜੁਝਾਰ ਕਵੀਆਂ ਦਾ ਵਿਰੋਧ ਕਲਾਕਾਰ ਦੀ ਵਿਚਾਰਧਾਰਕ ਪ੍ਰਤਿਬੱਧਤਾ ਅਤੇ ਕਲਾ ਦੀ ਰਾਜਨੀਤਕ ਭੂਮਿਕਾ ਨੂੰ ਨਜ਼ਰ ਅੰਦਾਜ਼ ਕਰਨ ਵਾਲੇ ਪ੍ਰਯੋਗਵਾਦੀ ਅਤੇ ਸੁਹਜਵਾਦੀ ਕਾਵਿ-ਚਿੰਤਨ ਨਾਲ ਹੈ, ਜੋ ਕਲਾਕਾਰ ਦੀ ਤਥਾਕਥਿਤ 'ਰਚਨਾਤਮਿਕ ਸੁਤੰਤਰਤਾ' ਅਤੇ ਸ਼ੁਧ-ਕਾਵਿ ਦੀ ਰੂਪਵਾਦੀ ਧਾਰਨਾ ਦੁਆਰਾ 'ਕਲਾ ਕਲਾ ਲਈ' ਦੇ ਬਰਜ਼ੂਆ ਕਾਵਿ-ਸ਼ਾਸਤਰ ਦਾ ਸਮਰਥਨ ਕਰਦੇ ਹਨ । ਕਾਵਿ-ਸਿਰਜਣਾ ਜਿਨ੍ਹਾਂ ਲਈ ਯਥਾਰਥ ਨਾਲ ਜੂਝਣ, ਉਸ ਨੂੰ ਇੱਛਤ ਦਿਸ਼ਾ ਦੇਣ ਜਾਂ ਬਦਲਣ ਦਾ ਵਿਚਾਰਧਾਰਕ ਕਾਰਜ ਨਹੀਂ, ਸਗੋਂ ਉਨ੍ਹਾਂ ਦੀ ਆਸਥਾ ਇਸ ਗੱਲ ਵਿਚ ਹੈ ਕਿ ਕਲਾ ਅਤੇ ਯਥਾਰਥ ਦਾ ਕੋਈ ਰਿਸ਼ਤਾ ਹੁੰਦਾ ਹੀ ਨਹੀਂ । ਲੇਖਕ ਦੀ ਰਚਨਾਤਮਿਕ ਸੁਤੰਤਰਤਾ ਅਤੇ 'ਵਾਦ-ਮੁਕਤੀ' ਦੇ ਬਹਾਨੇ ਉਹ ਆਪਣੇ ਯੁੱਧ ਦੇ ਅਹਿਮ ਸਮਾਜਿਕ ਮਸਲਿਆਂ ਨੂੰ ਨਜ਼ਰ-ਅੰਦਾਜ਼ ਕਰਦੇ ਹੋਏ ਸ਼ੁਧ-ਕਾਵਿ ਜਾਂ ਨਵੇਂ ਪ੍ਰਯੋਗਾਂ ਦੀ ਮਸ਼ਕ ਉਪਰ ਬਲ ਦਿੰਦੇ ਹਨ । ਹਰਿਭਜਨ ਹਲਵਾਰਵੀ ਨੇ ਆਪਣੀ ਕਵਿਤਾ 'ਸੋਲਜ਼ੇ ਨਿਤਸਨ ਤੇ ਬੁੱਧੀਜੀਵੀ' ਵਿਚ ਕਲਾ ਦੇ ਸਮਾਜਕ ਸਰੋਕਾਰਾਂ ਤੋਂ ਸੰਨਿਆਸ ਦੀ ਗੱਲ ਕਰਨ ਵਾਲੇ ਸਮਕਾਲੀ ਕਵੀਆਂ ਉਪਰ ਵਿਅੰਗ ਕੀਤਾ ਹੈ :

ਨਾ ਛੇੜੋ ਭੁੱਲ ਕੇ ਵੀ/ਗਰੀਬੀ, ਭੁੱਖ ਤੇ ਰੋਟੀ ਜਿਹੀਆਂ
ਘਸੀਆਂ ਪਿਟੀਆਂ ਗੱਲਾਂ ਦਾ ਜ਼ਿਕਰ/ਕਿਉਂ ਨਹੀਂ ਸਮਝਣ ਦਾ ਯਤਨ ਕਰਦੇ
ਕਿੰਨਾ ਅਹਿਮ ਹੈ, ਕਿਨਾ ਸੂਖਮ ਹੈ/ਨਿਜੀ ਸੁਤੰਤਰਤਾ ਦਾ ਸੰਕਲਪ
ਜਿਸ ਦੀ ਖੋਜ ਵਿਚ ਉਹ/ਸਭ ਵਾਦਾਂ ਦੇ ਘੇਰੇ ਤੋੜ ਚੁੱਕੇ ਨੇ ।

ਪ੍ਰਗਤੀਵਾਦੀ ਕਾਵਿ-ਚਿੰਤਨ ਵਿਚ ਕਵੀ ਦੀ ਵਿਚਾਰਧਾਰਕ ਪ੍ਰਤਿਬੱਧਤਾ ਅਤੇ ਇਤਿਹਾਸਕ ਤੌਰ ਤੇ ਉਭਰ ਰਹੀ ਮਜ਼ਦੂਰ ਜਮਾਤ ਦੇ ਸੰਘਰਸ਼ ਨਾਲ ਸਮੱਬਧਤਾ ਨੂੰ ਸਿਧਾਂਤਕ ਤੌਰ ਤੇ ਤਾਂ ਪ੍ਰਵਾਨ ਕੀਤਾ ਗਿਆ ਸੀ, ਪਰ ਮੱਧ ਸ਼੍ਰੇਣਿਕ ਵਿਅਕਤੀਵਾਦੀ ਮਾਨਿਸਕਤਾ ਕਾਰਨ ਰੁਮਾਂਟਿਕ ਪ੍ਰਗਤੀਵਾਦੀ ਕਵੀ ਅਮਲੀ ਤੌਰ ਤੇ ਮਜ਼ਦੂਰ ਜਮਾਤ ਦੀ ਲਹਿਰ ਨਾਲ ਇਕਸੁਰ ਨਾ ਹੋ ਸਕੇ ਜਿਸ ਕਾਰਨ ਉਹਨਾਂ ਨੂੰ ਜੁਝਾਰ ਕਵੀਆਂ ਤੇ ਰੋਹ ਅਤੇ ਤ੍ਰਿਸਕਾਰ ਦਾ ਭਾਗੀ ਬਣਨਾ ਪਿਆ । ਤੱਤਫਟ ਸੱਤਾ ਪਰਿਵਰਤਨ ਦੁਆਰਾ ਸਮਾਜਵਾਦੀ ਇਨਕਲਾਬ ਦੇ ਉਦੇਸ਼ ਨੂੰ ਸਮਰਪਿਤ ਹੋਣ ਕਾਰਨ ਜੁਝਾਰ ਕਵੀਆਂ ਨੇ ਕਵੀ ਦੀ 'ਲੋਕ-ਯੁੱਧ' ਵਿਚ ਸਿੱਧੀ ਅਤੇ ਸਰਗਰਮ ਭਾਗੀਦਾਰੀ ਉਪਰ ਜ਼ੋਰ ਦਿੱਤਾ । ਨਕਸਲਵਾੜੀ ਲਹਿਰ ਦੇ ਸਰਗਰਮ ਕਾਰਕੁਨ ਹੋਣ ਕਾਰਨ ਕੁਝ ਜੁਝਾਰ ਕਵੀਆਂ ਨੇ ਖ਼ੁਦ ਕਵੀ ਤੇ ਗੁਰੀਲੇ ਦੀ ਭੂਮਿਕਾ ਵੀ ਨਿਭਾਈ । ਇਹੀ ਕਾਰਨ ਹੈ ਕਿ ਜੁਝਾਰ ਕਵਿਤਾ ਵਿਚ ਸਿਧਾਂਤਕ ਤੌਰ ਤੇ ਕਲਮ ਨੂੰ ਤਲਵਾਰ (ਹਥਿਆਰ) ਅਤੇ ਕਵੀ ਨੂੰ ਗੁਰੀਲੇ ਨਾਇਕ ਦਾ ਬਦਲ ਮੰਨ ਲਿਆ ਗਿਆ । ਜੁਝਾਰ ਕਵਿਤਾ ਵਿਚ ਜਿਵੇਂ ਸਮਕਾਲੀ ਯਥਾਰਥ ਨੂੰ ਗੁਰੀਲੇ ਦੀ ਦ੍ਰਿਸ਼ਟੀ

ਤੋਂ ਦੇਖਿਆ ਗਿਆ ਹੈ ਉਸੇ ਤਰ੍ਹਾਂ ਕਵੀ-ਕਰਮ ਅਤੇ ਕਾਵਿ ਦੇ ਪ੍ਰਕਾਰਜ ਨੂੰ ਗੁਰੀਲੇ ਦੇ ਸਿਆਸੀ ਮਨੋਰਥ ਨਾਲ ਅਭੇਦ ਕਰ ਦਿੱਤਾ ਗਿਆ ਹੈ। ਜਿਵੇਂ ;

—ਜਦੋਂ ਤੱਕ ਲਹੂ ਦੇ ਹਰਫ ਸੱਚੇ ਹਨ
ਹੱਕਾਂ ਦੀ ਸਿਆਹੀ ਸੁੱਚੀ ਹੈ
ਉਦੋਂ ਤੱਕ ਕਲਮ ਤੇ ਬੇਨਟ ਵਿਚ ਅੰਤਰ ਕੁਝ ਨਹੀਂ। (ਅਮਰਜੀਤ ਚੰਦਨ)

—ਸਾਰੇ ਤੰਤਰਾਂ ਦੇ ਖਿਲਾਫ ਜੂਝਣ ਲਈ
ਸਿਰਫ ਰਚਨਾ-ਤੰਤਰ 'ਚ ਵੜ ਜਾਣਾ ਹੀ ਕਾਫੀ ਨਹੀਂ
ਮੀਰਾ ਜੀ ਦੇ ਹੱਥਾਂ 'ਚ ਫੜੇ ਗੋਲੇ
ਹੁਣ ਗਰਨੇਡਾਂ ਦੀ ਤਰ੍ਹਾਂ ਵਰਤੇ ਜਾਣਗੇ। (ਸੁਜਾਤਾ ਸੰਧੂ)

ਕ੍ਰਾਂਤੀਕਾਰੀ ਪਰਿਵਰਤਨ ਲਈ ਜਿਸ 'ਲੋਕ-ਯੁੱਧ' ਦਾ ਐਲਾਨ ਜੁਝਾਰ ਕਵੀਆਂ ਨੇ ਕੀਤਾ ਉਹ ਕੇਵਲ ਹਥਿਆਰਬੰਦ ਸੰਘਰਸ਼ ਹੀ ਨਹੀਂ ਸੀ, ਸਗੋਂ ਚੇਤਨਤਾ ਦਾ ਸੰਗਰਾਮ ਵੀ ਸੀ ਜੋ ਰਾਜਨੀਤਕ ਤੇ ਸੱਭਿਆਚਾਰਕ ਮੁਹਾਜ਼ ਦੋਹਾ ਉਪਰ ਲੜਿਆ ਜਾ ਰਿਹਾ ਸੀ ਅਤੇ ਜਿਸ ਵਿਚ ਕਵੀ ਤੇ ਗੁਰੀਲੇ ਅਰਥਾਤ ਕਲਮ ਤੇ ਹਥਿਆਰ ਦੀ ਸਾਂਝੀ ਭਾਗੀਦਾਰੀ ਸੀ। ਇਤਿਹਾਸਕ ਪਰਸਥਿਤੀਆਂ ਕਲਮ ਤੇ ਹਥਿਆਰ ਦੀ ਇਕਸੁਰਤਾ ਦੀ ਮੰਗ ਕਰਦੀਆਂ ਸਨ। ਸਾਹਿਤਕਾਰ ਦੀ ਸਿਆਸੀ ਅਤੇ ਹੋਰ ਸੱਭਿਆਚਾਰਕ ਸਰਗਰਮੀਆਂ ਨਾਲ ਪੂਰਨ ਸਮਬੱਧਤਾ ਦੀ ਇਤਿਹਾਸਕ ਲੋੜ ਨੂੰ ਮਹਿਸੂਸ ਕਰਦਿਆਂ ਜੁਝਾਰ ਕਵੀ ਦਰਸ਼ਨ ਖਟਕੜ ਨੇ ਸਮਕਾਲੀ ਕਵੀਆਂ ਨੂੰ ਇਹ ਸੁਨੇਹਾ ਦਿੱਤਾ—"ਕੋਈ ਵੀ ਇਕੱਲਾ ਨਹੀਂ ਤੁਰ ਸਕਦਾ। ਕਲਾ ਸਰਗਰਮੀ ਨੂੰ ਹੋਰ ਮਨੁੱਖੀ ਸਰਗਰਮੀਆਂ ਨਾਲ ਪੱਕੀ ਤੇ ਸਿਦਕੀ ਦੋਸਤੀ ਪਾਉਣੀ ਚਾਹੀਦੀ ਹੈ। ਕੁਝ ਮਨੁੱਖੀ ਸਰਗਰਮੀਆ ਉਹ ਹਨ ਜੋ ਕਲਾ ਲਈ ਹਵਾ ਪਾਣੀ ਦਾ ਕੰਮ ਦਿੰਦੀਆ ਹਨ।...ਜੇ ਇਹ ਸਰਗਰਮੀਆਂ ਮਰਨਊ ਹਨ ਤਾਂ ਕਲਾਕਾਰ ਲਈ ਘੁਰਨੇ 'ਚ ਰਹਿਣਾ ਸਮਾਜਕ ਗੁਨਾਹ ਹੈ ਤੇ ਕਲਾ ਨਾਲ ਧਰੋਹ। ਘੁਰਨੇ 'ਚੋਂ ਨਿਕਲ ਕੇ ਕਿੰਨੀ ਦੂਰ ਮਾਰ ਕਰਨੀ ਏ, ਇਹ ਆਪੋ ਆਪਣੀ ਤੜਫ ਤੇ ਸਥਿਤੀ ਤੇ ਨਿਰਭਰ ਕਰਦਾ ਹੈ। ਮਾਰ ਕਰਨ ਦਾ ਇਕ ਅਮਲ ਇਹ ਹੈ: ਗੱਲ ਕੀ ਘੁਰਨੇ ਤੋਂ ਬਾਹਰ ਕੁੱਦਿਆ ਜਾਵ, ਸਾਥ ਤਲਵਾਰ ਦਾ : ਟਿਕਾਣਾ ਕਤਲਗਾਹ।" (ਭੂਮਿਕਾ **ਸੰਗੀ ਸਾਥੀ**) ਜੁਝਾਰ ਕਵਿਤਾ ਦੇ ਕਾਵਿ-ਸ਼ਾਸਤਰ ਦਾ ਕੇਂਦਰੀ ਸੂਤਰ ਤੇ ਵਿਲੱਖਣਤਾ ਹੀ ਇਹ ਹੈ ਕਿ ਇਸ ਵਿਚ ਕਵੀ ਉਪਰ ਲੋਕ-ਸੰਗਰਾਮ ਵਿਚ ਸਿੱਧੇ ਕੁੱਦਣ ਦੇ ਨਾਲ ਨਾਲ ਸੱਭਿਆਚਾਰਕ ਮੁਹਾਜ਼ ਉਪਰ ਲੋਕਾਂ ਤੇ ਗੁਰੀਲਿਆਂ ਵਿਚਕਾਰ 'ਵਿਚਾਰਧਾਰਕ ਪੁਲ' ਬਣਨ ਦੀ ਜ਼ਿੰਮੇਵਾਰੀ ਅਹਿਦ ਕੀਤੀ ਗਈ ਹੈ ਅਤੇ ਕਵਿਤਾ ਨੂੰ ਕੋਰੀ ਸ਼ਬਦ-ਕਲੋਲ ਦੀ ਥਾਂ 'ਸ਼ਾਸਤਰ' ਅਤੇ 'ਸ਼ਸਤਰ' ਦੀ ਅਹਿਮ ਭੂਮਿਕਾ ਨਿਭਾਉਣ ਦੇ ਵਡੇਰੇ ਮਾਨਵਕਾਰੀ ਕਾਰਜ ਨਾਲ ਅਭੇਦ ਕਰ ਦਿੱਤਾ ਗਿਆ।

ਮਨੁੱਖੀ ਚੇਤਨਾ ਨੂੰ ਪ੍ਰਚੰਡ ਕਰਕੇ ਕ੍ਰਾਂਤੀਕਾਰੀ ਸਮਾਜਕ ਅਮਲ ਨੂੰ ਗਰਮਾਉਣ ਲਈ ਕਵਿਤਾ ਇਕ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ। ਸੱਤਾ ਤੇ ਕਾਬਜ਼ ਜਮਾਤ ਦੁਆਰਾ ਲੋਕਾਂ ਦੀ ਵਿਚਾਰਧਾਰਾ ਵਲੋਂ ਪ੍ਰਚਾਰੀ ਜਾਂਦੀ ਕਾਬਜ਼ ਜਮਾਤ ਦੀ ਜਮਾਤੀ ਚੇਤਨਾ ਦੇ ਵਿਸਫੋਟ ਲਈ ਕਲਾ ਇਕ ਕਾਰਗਰ ਸਾਧਨ ਹੁੰਦੀ ਹੈ, ਇਸ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ, ਪਰ ਕਵਿਤਾ ਦਾ



ਕ੍ਰਾਂਤੀਕਾਰੀ ਰੋਲ ਸੀਮਤ ਹੀ ਹੁੰਦਾ ਹੈ। ਇਕੱਲੀ ਕਵਿਤਾ ਕ੍ਰਾਂਤੀ ਦਾ ਕਾਰਗਰ ਸਾਧਨ ਨਹੀਂ ਹੋ ਸਕਦੀ। ਇਸੇ ਲਈ ਮਾਰਕਸਵਾਦੀ ਕਾਵਿ-ਸ਼ਾਸਤਰ ਵਿਚ ਕਲਾ ਦੇ ਕ੍ਰਾਂਤੀਕਾਰੀ ਰੋਲ ਨੂੰ 'ਨਿਰਣਾਇਕ' ਵਾਲਾ ਨਹੀਂ, ਸਗੋਂ 'ਸਹਾਇਕ' ਵਾਲਾ ਮੰਨਿਆ ਗਿਆ ਹੈ। ਜੁਝਾਰ ਕਵੀਆਂ ਨੇ ਭਾਵੇਂ ਕਵਿਤਾ ਨੂੰ ਸੁਹਜ-ਸੰਚਾਰ ਦੇ ਸੀਮਤ ਅਰਥਾਂ ਦੀ ਥਾਂ ਸਮਾਜ-ਨਿਰਮਾਣ ਦੇ ਵਡੇਰੇ ਮਾਨਵਕਾਰੀ ਕਾਰਜ ਵਜੋਂ ਪਰਿਭਾਸ਼ਤ ਕੀਤਾ, ਪਰ ਉਹ ਕਵਿਤਾ ਦੀ ਸੀਮਤ ਸਮਰੱਥਾ ਤੋਂ ਸੁਚੇਤ ਸਨ। ਇਸੇ ਲਈ ਉਹਨਾਂ ਨੇ ਕਵੀ ਦੇ 'ਰਚਨਾਤਮਿਕ ਅਮਲ ਦੀ ਸਿਆਸੀ ਸੱਭਿਆਚਾਰਕ ਸਰਗਰਮੀ ਨਾਲ ਸਮਬੱਧਤਾ ਅਤੇ ਕਲਮ ਤੇ ਹਥਿਆਰ ਦੀ ਇਕਸੁਰਤਾ' ਉਪਰ ਜ਼ੋਰ ਦਿੱਤਾ। ਜਗਤਾਰ ਅਤੇ ਪਾਸ਼ ਦੀਆਂ ਇਹ ਸਤਰਾਂ ਇਸੇ ਤੱਥ ਦੀ ਪੁਸ਼ਟੀ ਕਰਦੀਆਂ ਹਨ :

—ਇਸ ਵੇਲੇ ਕੇਵਲ ਸ਼ਬਦਾਂ ਦੀ ਸ਼ਕਤੀ
ਮਿੱਤਰੋ ਅਰਥਹੀਣ ਹੈ
ਹੁਣ ਸ਼ਸਤਰ ਦੀ ਸ਼ਕਤੀ ਪੁੱਗੇ। (ਜਗਤਾਰ)

—ਮੇਰੀ ਦੋਸਤ, ਕਵਿਤਾ ਬਹੁਤ ਹੀ ਨਿਸੱਤੀ ਹੋ ਗਈ ਹੈ
ਜਦ ਕਿ ਹਥਿਆਰਾਂ ਦੇ ਨੌਂਹ ਭੈੜੀ ਤਰ੍ਹਾਂ ਵਧ ਗਏ ਹਨ
ਤੇ ਹੁਣ ਹਰ ਤਰ੍ਹਾਂ ਦੀ ਕਵਿਤਾ ਤੋਂ ਪਹਿਲਾਂ
ਹਥਿਆਰਾਂ ਨਾਲ ਯੁੱਧ ਕਰਨਾ ਜ਼ਰੂਰੀ ਹੋ ਗਿਆ ਹੈ। (ਪਾਸ਼)

ਪੂੰਜੀਵਾਦੀ ਯੁੱਗ ਵਿਚ ਕਵਿਤਾ 'ਨਿਸੱਤੀ' ਕਿਉਂ ਹੋ ਜਾਂਦੀ ਹੈ? 'ਜ਼ਫ਼ਰਨਾਮਾ' ਲਿਖਣ ਦਾ ਪ੍ਰਣ ਕਰਕੇ ਤੁਰਿਆ' ਕਵੀ (ਪਾਸ਼) 'ਹਨੇਰੇ ਦੀ ਚੁੰਬਲੀ ਅੱਖ' ਕਿਉਂ ਬਣ ਜਾਂਦਾ ਹੈ? ਕਵਿਤਾ ਅਤੇ ਕਵੀ ਦੀ ਹਸਤੀ ਦਾ ਇਹ ਪ੍ਰਸ਼ਨ ਜੁਝਾਰ ਕਵਿਤਾ ਵਿਚ ਗੰਭੀਰਤਾ ਨਾਲ ਵਿਚਾਰਿਆ ਗਿਆ। ਪੂੰਜੀਵਾਦੀ ਵਿਵਸਥਾ ਦੀ ਫਿਤਰਤ ਹੀ ਐਸੀ ਹੈ ਕਿ ਇਸ ਵਿਚ ਮਨੁੱਖ ਮੰਡੀ ਦੀ ਵਸਤ ਜਾਂ ਵਸਤਾਂ ਪੈਦਾ ਕਰਨ ਵਾਲਾ ਸੰਦ ਬਣ ਕੇ ਰਹਿ ਜਾਂਦਾ ਹੈ। ਆਰਥਿਕ ਗੁਲਾਮੀ ਕਾਰਨ ਕਿਰਤ ਮਨੁੱਖ ਦੀ ਕੁਦਰਤੀ ਯੋਗਤਾ ਨਾ ਰਹਿ ਕੇ 'ਵਗਾਰ' ਵਿਚ ਵਟ ਜਾਂਦੀ ਹੈ। ਮਨੁੱਖ ਨੂੰ ਆਪਣੀ ਕਿਰਤ ਤੋਂ ਮਿਲਣ ਵਾਲਾ ਆਨੰਦ ਮੰਡੀ ਅਤੇ ਮਾਇਆ ਦੀ ਬਲੀ ਚੜ੍ਹ ਜਾਂਦਾ ਹੈ। ਆਪਣੀ ਕਿਰਤ ਉਪਰ ਅਧਿਕਾਰ ਨਾ ਹੋਣ ਕਾਰਨ ਮਨੁੱਖ ਆਪਣ ਸਿਰਜਨਾਤਮਿਕ-ਆਪੇ (Creative-self) ਤੋਂ ਵਿਯੋਗਿਆ ਜਾਂਦਾ ਹੈ। ਮਨੁੱਖ ਅਤੇ ਉਸ ਦੇ ਸਿਰਜਕ-ਆਪੇ ਵਿਚਕਾਰ ਮੰਡੀ ਜਾਂ ਮਾਇਆ ਆ ਬਿਰਾਜਦੀ ਹੈ। ਮਨੁੱਖ ਦੀ ਆਪਣੀ ਕਿਰਤ ਅਤੇ ਉਸ ਦੇ ਭੋਗਣਹਾਰੇ ਨਾਲ ਉਹ ਸਿੱਧਾ ਸੰਬੰਧ ਨਹੀਂ ਰਹਿੰਦਾ ਜਿਹੜਾ ਪੂਰਵ ਪੂੰਜੀਵਾਦੀ ਯੁੱਗ ਵਿਚ ਹੁੰਦਾ ਸੀ। ਮਨੁੱਖ ਅਤੇ ਉਸ ਦੀ ਸਿਰਜਣਾ ਨੂੰ ਖੁੱਲੇ ਮੁਕਾਬਲੇ ਵਾਲੇ ਬਾਜ਼ਾਰ ਵਿਚ ਅਗਿਆਤ ਉਪਭੋਗੀ ਦੀ ਪਸੰਦ-ਨਾ-ਪਸੰਦ ਤੇ ਨਿਰਭਰ ਕਰਨਾ ਪੈਂਦਾ ਹੈ। ਇੰਜ ਪੂੰਜੀਵਾਦੀ ਵਿਵਸਥਾ ਵਿਚ ਮਨੁੱਖ ਤੇ ਉਸ ਦੀ ਸਿਰਜਣਾ ਵਸਤਾਂ ਦੇ ਢੇਰ ਅਤੇ ਮੰਡੀ ਦੀ ਭੀੜ ਦੇ ਹਵਾਲੇ ਹੋ ਜਾਂਦੇ ਹਨ। ਅਰਨਿਸਟ ਫਿਸ਼ਰ ਦੇ ਸ਼ਬਦਾਂ ਵਿਚ ਪੂੰਜੀਵਾਦੀ ਅਰਥਚਾਰਾ ਹਰ ਤਰ੍ਹਾਂ ਦੀ ਸਿਰਜਣਾ ਨੂੰ ਉਪਭੋਗ ਦੀ ਵਸਤੂ ਬਣਾ ਦਿੰਦਾ ਹੈ। ਪੂੰਜੀਵਾਦੀ ਵਿਵਸਥਾ ਵਿਚ ਇਹੋ ਹੋਣੀ ਕਲਾਕਾਰ ਦੀ ਹੁੰਦੀ ਹੈ, ਉਹ ਉਤਪਾਦਕ ਬਣ ਜਾਂਦਾ ਹੈ ਅਤੇ ਉਸ ਦੀ ਕਲਾ ਮੰਡੀ ਦਾ ਮਾਲ, ਜਿਸ ਨੂੰ ਪਾਠਕ ਦੇ ਸੁਹਜ-ਸੁਆਦ ਦਾ ਮੁਥਾਜ ਬਣਨਾ

ਪੈਂਦਾ ਹੈ । ਇਸੇ ਕਰਕੇ ਕਾਰਲ ਮਾਰਕਸ ਨੇ ਪੂੰਜੀਵਾਦੀ ਉਪਜ-ਪ੍ਰਣਾਲੀ ਨੂੰ ਕਲਾ/ਕਵਿਤਾ ਦੀ ਵੈਰਨ ਕਿਹਾ ਹੈ। ਜਦੋਂ ਕਵੀ ਦੀ ਸਿਰਜਨਾਤਮਿਕ ਕਿਰਤ ਨੂੰ ਉਜਰਤੀ-ਕਿਰਤ (Wage-labour) ਵਿਚ ਤਬਦੀਲ ਹੋਣ ਲਈ ਮਜ਼ਬੂਰ ਹੋਣਾ ਪੈਂਦਾ ਹੈ ਤਾਂ ਉਸ ਕੋਲ ਦੋ ਰਸਤੇ ਹੀ ਬਚਦੇ ਹਨ, ਜਾਂ ਤਾਂ ਉਹ ਪੂੰਜੀਵਾਦੀ ਵਰਗ ਦੀ ਚੇਤਨਾ ਦਾ ਪ੍ਰਚਾਰਕ ਬਣ ਕੇ ਆਪਣੀ ਕਲਾ ਦਾ ਮੁੱਲ ਵੱਟ ਲਵੇ ਜਾਂ ਉਸ ਨਾਲ ਵਿਰੋਧ ਸਹੇੜ ਕੇ ਦਮਨ ਦਾ ਸ਼ਿਕਾਰ ਬਣਨ ਲਈ ਤਿਆਰ ਰਹੇ। ਜਿਹੜੇ ਕਵੀ ਪੂੰਜੀਵਾਦ ਦੀ ਮੰਡੀ ਵਿਚ ਵਸਤ ਬਣ ਕੇ ਵਿਕਣ ਜਾਂ ਕਾਬਜ਼ ਜਮਾਤ ਦੀ ਵਿਚਾਰਧਾਰਾ ਦੇ ਪ੍ਰਚਾਰ ਨਾਲ ਲੋਕ-ਚੇਤਨਾ ਨੂੰ,ਧੁੰਦਲਾ ਕਰਨ ਤੋਂ ਇਨਕਾਰੀ ਹੁੰਦੇ ਹਨ, ਉਹਨਾਂ ਨੂੰ ਭਰਮਾਉਣ ਤੇ ਧਮਕਾਉਣ ਲਈ ਪੂੰਜੀਪਤੀ ਵਰਗ ਕਈ ਤਰ੍ਹਾਂ ਦੇ ਹਰਬੇ ਵਰਤਦਾ ਹੈ। ਲੋਕ-ਪੱਖੀ ਕਲਾਕਾਰਾਂ ਦੀ ਚੇਤਨਾ ਅਤੇ ਵਫ਼ਾਦਾਰੀ ਹੀ ਉਹਨਾਂ ਲਈ ਸਰਾਪ ਬਣ ਨਿਬੜਦੀ ਹੈ, ਇਸ ਦਾ ਵਿਅੰਗ-ਚਿੱਤਰ ਸੰਤ ਰਾਮ ਉਦਾਸੀ ਨੇ ਇਉਂ ਚਿਤਰਿਆ ਹੈ :—

ਲੋਕ ਪਿਆਰ ਦੀ ਗੁੱਥੀ ਜੇ ਖੋਹਲਦਾ ਨਾ
ਕਵਿਤਾ ਕਰਦੀ ਨਾ ਕਦੇ ਖੁਆਰ ਮੈਨੂੰ
ਨਾਲੇ ਪਿੰਡ ਦੇ ਚੌਧਰੀ ਖੁਸ਼ ਰਹਿੰਦੇ
ਕੀ ਕਹਿਣਾ ਸੀ ਨਾਲੇ ਸਰਕਾਰ ਮੈਨੂੰ
ਤਿੰਨ ਬਾਂਦਰਾਂ ਤੇ ਮਹਾਂ-ਕਾਵਿ ਲਿਖ ਕੇ
ਹੁਣ ਨੂੰ ਕੋਈ ਕਿਤਾਬ ਛਪਵਾਈ ਹੁੰਦੀ
ਜਿਹੜੀ ਆਪ ਵਿਕਦੀ ਆਪੇ ਵੇਚ ਲੈਂਦੇ
ਰਹਿੰਦੀ ਵਿਚ ਸਕੂਲਾਂ ਲਗਵਾਈ ਹੁੰਦੀ
ਪੱਠੇ ਬਲਦਾਂ ਨੂੰ ਜਦੋਂ ਕੋਈ ਕੁੜੀ ਪਾਉਂਦੀ
ਤਵਾ ਸਾਡਾ ਸਪੀਕਰ ਤੇ ਲੱਗ ਜਾਂਦਾ
ਟੈਲੀਵੀਯਨ ਤੇ ਕਿਸੇ ਮੁਟਿਆਰ ਦੇ ਸੰਗ
ਸਾਡਾ ਗਾਉਣ ਦਾ ਸਮਾਂ ਵੀ ਬੱਝ ਜਾਂਦਾ ।......
ਲੋਕ-ਪਿਆਰ ਦਾ ਕੇਹਾ ਤੂੰ ਵਰ ਦਿੱਤਾ
ਕਿ ਸਾਡੇ ਲੱਗੀ ਸਰਾਪਾਂ ਦੀ ਝੜੀ ਰਹਿੰਦੀ
ਲੈ ਕੇ ਕਫਨ ਸਿਰਾਣੇ ਹਾਂ ਨਿੱਤ ਸੌਂਦੇ
ਚੱਤੋ-ਪਹਿਰ ਖਿਆਲਾਂ ਵਿਚ ਮੜ੍ਹੀ ਰਹਿੰਦੀ ।

ਸੱਤਾਧਾਰੀ ਪੂੰਜੀਪਤੀ ਵਰਗ ਲੋਕ-ਪੱਖੀ ਕਲਾ ਨੂੰ ਦਬਾਉਣ ਲਈ ਸਰਕਾਰੀ ਦਮਨ ਅਤੇ ਲੋਕ-ਚੇਤਨਾ ਨੂੰ ਖੁੰਢਾ ਕਰਨ ਲਈ ਸਮੂਹਿਕ ਸੰਚਾਰ-ਸਾਧਨਾਂ ਦੀ ਦੁਰਵਰਤੋਂ ਕਰਦਾ ਹੈ। ਫਿਲਮ, ਟੀ. ਵੀ., ਰੇਡੀਓ ਅਤੇ ਪ੍ਰੈਸ ਦੀ ਵਰਤੋਂ ਸੱਤਾਧਾਰੀ ਵਰਗ ਦੀ ਵਿਚਾਰਧਾਰਾ ਅਤੇ ਬੁਰਜ਼ੂਆ ਸੁਹਜ-ਸੁਆਦ ਦੇ ਪ੍ਰਚਾਰ ਹਿੱਤ ਕੀਤੀ ਜਾਂਦੀ ਹੈ। ਲੋਕ-ਸੱਭਿਆਚਾਰ (Mass-culture) ਦੇ ਪਰਦੇ ਹੇਠ ਪੂੰਜੀਪਤੀ ਵਰਗ ਨੂੰ ਰਾਸ ਆਉਂਦੀ ਫੂਹੜ ਕਲਾ ਨੂੰ ਲੋਕ-ਕਲਾ ਵਜੋਂ ਪੇਸ਼ ਕੀਤਾ ਜਾਂਦਾ ਹੈ। ਬੁਰਜ਼ੂਆ ਸੁਹਜ-ਸੁਆਦ ਦੀ ਚਾਟ ਤੇ ਲੱਗੇ ਸਧਾਰਨ ਲੋਕ ਅਚੇਤ ਹੀ ਪੂੰਜੀਪਤੀ ਵਰਗ ਦੁਆਰਾ ਪ੍ਰਚਾਰੀ ਜਾਂਦੀ ਵਿਚਾਰਧਾਰਾ ਅਤੇ ਕਲਾ ਨੂੰ 'ਆਪਣੀ' ਸਮਝ ਕੇ ਪ੍ਰਵਾਨ ਕਰ



ਲੈਂਦੇ ਹਨ। ਨਤੀਜੇ ਵਜੋਂ ਲੋਕ-ਪੱਖੀ ਸਾਹਿਤਕਾਰਾਂ ਦੁਆਰਾ ਰਚਿਆ ਸਾਹਿਤ ਉਹਨਾਂ ਤੱਕ ਨਹੀਂ ਪਹੁੰਚਦਾ ਜਾਂ ਉਹ ਅਗਿਆਨਤਾ ਵੱਸ ਉਸ ਨੂੰ ਹੁੰਗਾਰਾ ਨਹੀਂ ਦਿੰਦੇ। ਜੁਝਾਰ ਕਵੀ ਇਸ ਤੱਥ ਤੋਂ ਸੁਚੇਤ ਹਨ ਕਿ ਉਨ੍ਹਾਂ ਦੀ ਕਵਿਤਾ ਦੀ ਸੰਚਾਰ-ਸਮਰੱਥਾ ਤਥਾਕਥਿਤ ਲੋਕ-ਗਾਇਕੀ ਦੇ ਮੁਕਾਬਲੇ ਬਹੁਤ ਸੀਮਤ ਹੈ। ਸਥਿਤੀ ਦੀ ਇਹ ਚੇਤਨਤਾ ਜੁਝਾਰ ਕਵੀਆਂ ਨੂੰ ਇਸ ਭੁਲੇਖੇ ਤੋਂ ਤਾਂ ਮੁਕਤ ਕਰਦੀ ਹੀ ਹੈ ਕਿ ਕੇਵਲ ਕਵਿਤਾ ਨਾਲ ਇਨਕਲਾਬ ਲਿਆਂਦਾ ਜਾ ਸਕਦਾ ਹੈ, ਸਗੋਂ ਇਹ ਪੂੰਜੀਵਾਦੀ ਵਿਵਸਥਾ ਵਿਚ ਕਵਿਤਾ ਤੇ ਕਵੀ ਦੀ ਇਤਿਹਾਸਕ ਹੋਣੀ ਦਾ ਬੋਧ ਵੀ ਕਰਵਾਉਂਦੀ ਹੈ। ਇਸ ਪ੍ਰਸੰਗ ਵਿਚ ਸੰਤ ਰਾਮ ਉਦਾਸੀ ਤੇ ਪਾਸ਼ ਦੀਆਂ ਇਹ ਸਤਰਾਂ ਵਿਚਾਰਨ-ਯੋਗ ਹਨ :

ਹੇ ! ਕਿਰਤ ਦੇ ਸੰਦਾਂ ਨਾਲ ਲਿਖੀ ਗਈ ਮਹਾਨ ਕਵਿਤਾ
ਮੇਰੀ ਕਵਿਤਾ ਤੈਥੋਂ ਕਿੰਨੀ ਦੂਰ ਹੈ
ਮੇਰੀ ਕਵਿਤਾ ਉਹਨਾਂ ਤੋਂ ਕਿੰਨੀ ਦੂਰ ਹੈ
ਜਿਨ੍ਹਾਂ ਲਈ ਇਹ ਲਿਖੀ ਗਈ ਹੈ। (ਸੰਤ ਰਾਮ ਉਦਾਸੀ)

—ਮੈਂ, ਮੁੰਡਿਓ ਹੁਣ ਤੁਹਾਡੇ 'ਚੋਂ ਨਹੀਂ ਹਾਂ......
ਘੁਸਮੁਸੇ ਦੀ ਚੁੰਭਲੀ ਹੋਈ ਅੱਖ ਹਾਂ
ਇਤਿਹਾਸ ਦੇ ਤਾਲਾ ਲੱਗੇ ਹੋਏ ਬੂਹੇ ਤੇ ਬੈਠਾ ਪ੍ਰਾਹੁਣਾ ਹਾਂ
ਕਵਿਤਾ ਨਹੀਂ, ਮੇਰੀ ਆਵਾਜ਼ ਕੇਵਲ ਗੰਦ ਤੇ ਵਰ੍ਹਦਾ ਮੀਂਹ ਹੈ
ਤੁਹਾਡੇ ਲਈ ਅਸੀਸ ਨਾਂ ਨਸੀਹਤ
ਮੇਰੇ ਸ਼ਬਦ ਧੁਲਾਈ ਕਰਦੇ ਹੋਏ ਵੀ ਬਦਬੂ ਖਿੰਡਾ ਰਹੇ ਹਨ। (ਪਾਸ਼)

ਪੂੰਜੀਵਾਦੀ ਵਿਵਸਥਾ ਵਿਚ ਆਪਣੀ ਕਿਰਤ ਅਤੇ ਸਮੂਹਿਕ ਕਰਮ ਤੋਂ ਟੁੱਟ ਕੇ ਜਿਵੇਂ ਮਨੁੱਖ ਜ਼ਿੰਦਗੀ ਦਾ ਨਾਇਕ ਨਹੀਂ ਰਹਿੰਦਾ, ਉਵੇਂ ਕਵੀ ਪਰੰਪਰਕ ਅਰਥਾਂ ਵਿਚ 'ਪੈਗੰਬਰ' ਨਹੀਂ ਰਹਿੰਦਾ। ਆਪਣੀ ਸਿਰਜਣਾ ਤੇ ਪਾਠਕ-ਸਮੂਹ ਤੋਂ ਵਿਯੋਗਿਆ ਕਵੀ ਆਪਣਾ ਮਨੁੱਖੀ ਗੌਰਵ ਹੀ ਨਹੀਂ ਆਪਣਾ ਭਾਈਚਾਰਕ ਗੌਰਵ ਵੀ ਗੁਆ ਲੈਂਦਾ ਹੈ। ਉਹ ਇਤਿਹਾਸ ਦਾ ਸਿਰਜਕ ਨਹੀਂ, ਕਰਤਾਰੀ ਸੰਭਾਵਨਾਵਾਂ ਹੰਢਾ ਚੁੱਕੀ ਜ਼ਿੰਦਗੀ ਦਾ ਮੂਕ ਦਰਸ਼ਕ ਹੁੰਦਾ ਹੈ। ਜੀਵਨ ਦੇ ਨਿਰਮਾਣ ਦੀ ਥਾਂ ਉਸ ਦੀ ਕਵਿਤਾ 'ਗੰਦ ਤੇ ਵਰ੍ਹਦੇ ਮੀਂਹ ਵਾਂਗ ਬਦਬੂ' ਫੈਲਾਉਂਦੀ ਹੈ। ਕਵਿਤਾ ਨਾ ਕਵੀ ਲਈ 'ਸਿਰਜਣਾ ਦਾ ਆਨੰਦ' ਰਹਿੰਦੀ ਹੈ ਨਾ ਪਾਠਕ ਲਈ ਅਸੀਸ। ਮੰਡੀ ਦੇ ਸ਼ੋਰ ਵਿਚ ਕਵੀ ਜਿਨਸ ਬਣ ਜਾਂਦਾ ਹੈ ਅਤੇ ਕਵਿਤਾ ਦਲਾਲ :

ਜੀਵਨ ਵੇਚੇ ਮੌਤ ਖਰੀਦੇ ਮੰਡੀ ਮੱਚਿਆ ਸ਼ੋਰ
ਉਮਰ ਮੇਰੀ ਦਾ ਸੌਦਾ ਕਰਦੀ ਕਵਿਤਾ ਵਿਚ ਦਲਾਲ। (ਸੁਰਜੀਤ ਪਾਤਰ)

ਲੋਕ-ਪੱਖੀ ਕਲਾ ਅਤੇ ਵਿਚਾਰਧਾਰਾ ਨੂੰ ਗੰਧਲਾ ਕਰਨ ਲਈ ਪੰਜਾਬੀ ਦੀ ਅਖੌਤੀ ਲੋਕ-ਕਵਿਤਾ ਅਤੇ ਲੋਕ-ਗਾਇਕੀ ਦੁਆਰਾ ਪ੍ਰਚਾਰੇ ਜਾਂਦੇ ਲੱਚਰ, ਹਿੰਸਕ ਭਾਵਾਂ, ਅੰਨ੍ਹੀ ਧਾਰਮਿਕਤਾ ਅਤੇ ਸੌੜੀ ਦੇਸ਼-ਭਗਤੀ ਦੀ ਭਾਵਨਾ ਦਾ ਸੁਚੇਤ ਵਿਰੋਧ ਜੁਝਾਰ ਕਵਿਤਾ ਦਾ ਉਦੇਸ਼ ਰਿਹਾ ਹੈ। ਇਸ ਅਖੌਤੀ ਲੋਕ-ਕਵਿਤਾ ਅਤੇ ਲੋਕ-ਗਾਇਕੀ ਦੀ ਲੋਕ-ਪ੍ਰਿਯਤਾ, ਸੰਚਾਰ-ਸਮਰੱਥਾ, ਬੌਧਿਕ

ਸੀਮਾ ਅਤੇ ਬੁਰਜ਼ੁਆ ਜ਼ਹਿਨੀਅਤ ਬਾਰੇ ਪਾਸ਼ ਨੇ ਸ਼ਮਸ਼ੇਰ ਸੰਧੂ ਨੂੰ ਇਕ ਖ਼ਤ ਵਿਚ ਲਿਖਿਆ ਸੀ, "ਇਹਨਾਂ ਦੇ ਤੀਖਣ ਪ੍ਰਭਾਵ ਦਾ ਸਬੱਬ ਇਹਨਾਂ ਦੀ ਪੇਸ਼ਕਾਰੀ ਨਹੀਂ, ਮਾਧਿਅਮ ਦੀ ਅਸੀਮ ਸਮਰੱਥਾ ਹੈ। ਇਕ ਤਾਂ ਇਹ ਕਿਸੇ ਨੂੰ ਪੜ੍ਹਨਾ ਨਹੀਂ ਪੈਂਦਾ ਤੇ ਸੁਣਨ ਵਿਚ ਕੋਈ ਮਿਹਨਤ ਨਹੀਂ ਲਗਦੀ, ਦੂਜਾ ਇਹ ਸਾਡੀ ਇਨਸਾਨੀ ਪ੍ਰਵਿਰਤੀ ਦੇ ਇਰਦ-ਗਿਰਦ ਘੁੰਮਦਾ ਹੈ।......ਇਹ ਲੋਕ ਜ਼ਿੰਦਗੀ ਦੇ ਵੈਰੀ ਨਹੀਂ, ਜ਼ਿੰਦਗੀ ਨੂੰ ਰੰਗੀਨ ਦੇਖਣਾ ਚਾਹੁੰਦੇ ਹਨ। ਪਰ ਕੀ ਇਹ ਸੱਚ ਹੈ ਕਿ ਇਹ ਸੱਚੀ ਮੁੱਚੀਂ ਇੰਜ ਚਾਹੁੰਦੇ ਹਨ? ਹਕੀਕਤ ਤਾਂ ਇਹ ਹੈ ਕਿ ਇਹ ਕੁਝ ਵੀ ਨਹੀਂ ਚਾਹੁੰਦੇ ਆਪਣੇ ਮਨਹੂਸ ਨਾਵਾਂ ਦੇ ਪ੍ਰਚਾਰ ਅਤੇ ਪੈਸੇ ਤੋਂ ਬਿਨਾਂ। ਇਹ ਕਿਸੇ ਚੀਜ਼ ਲਈ ਜ਼ਿੰਮੇਵਾਰੀ ਨਹੀਂ ਲੈਣਾ ਚਾਹੁੰਦੇ......ਆਪਣੇ ਟੱਬਰ ਤੇ ਢਿੱਡ ਪਾਲਣ ਦੀ ਜ਼ਿੰਮੇਵਾਰੀ ਤੋਂ ਬਿਨਾਂ। ਇਹਨਾਂ ਨੂੰ ਵਹਿਮ ਹੈ ਕਿ ਲੋਕ ਇਹਨਾਂ ਨੂੰ ਪਸੰਦ ਕਰਦੇ ਹਨ।" **(ਪਾਸ਼ ਦੀ ਯਾਦ ਵਿਚ,** ਪੰਨਾ 47) ਸੰਤ ਰਾਮ ਉਦਾਸੀ ਅਜੇਹੇ ਤਥਾਕਥਿਤ ਲੋਕ-ਸਾਹਿਤ ਨੂੰ 'ਲੋਕਾਂ ਦੀ ਸੋਚ ਨੂੰ ਖੱਸੀ ਕਰਨ ਵਾਲਾ, ਇਕ ਵਧੀਆ ਮਾਰਫੀਏ ਦਾ ਟੀਕਾ' ਕਹਿ ਕੇ ਦੁਰਕਾਰਦਾ ਹੈ। ਜੁਝਾਰ ਕਵਿਤਾ ਵਿਚ ਅਜੇਹੇ ਲੱਚਰ ਸਾਹਿਤ ਦੀ ਆਲੋਚਨਾ ਬਹੁਤ ਤਿੱਖੀ ਸੁਰ ਅਤੇ 'ਰੋਂਦਰ ਭਾਸ਼ਾ' ਵਿਚ ਹੋਈ ਹੈ :

ਬਈ ਮਾਨ ਮਰਾੜਾਂ ਵਾਲੇ/ਤੇਰੇ ਗੀਤਾਂ ਦੀ ਲੈਅ ਤੇ  
ਹੁਣ ਤਾਂ ਬਾਲ ਸਕੂਲੀਂ ਪੜ੍ਹਦੇ ਨੇ ਪਹਾੜੇ  
ਬਈ ਮਾਨ ਮਰਾੜਾਂ ਵਾਲੇ/ਤੇਰੇ ਗੀਤਾਂ ਦੀ ਲੈਅ ਨੇ ਹੀ  
ਮੇਰੇ ਪਿੰਡ ਦੀਆਂ ਕੰਜਕਾਂ ਦੇ/ਕੀਤੇ ਪੈਰ ਨੇ ਭਾਰੇ  
ਤੇਰੇ ਗੀਤਾਂ ਦੀ ਲੈਅ ਨੇ ਹੀ/ਪਿੰਡ ਮੇਰੇ ਦੀ ਤੰਦਰੁਸਤ ਹਵਾ  
ਬੀਮਾਰ ਕਰ ਦਿੱਤੀ/ਤੇਰੇ ਗੀਤਾਂ ਦੀ ਲੈਅ ਨੇ ਹੀ  
ਉਬਲਦੇ ਲਹੂਆਂ ਨੂੰ/ਠੰਢੇ ਠਾਰ ਹੈ ਕੀਤਾ......  
ਬਈ ਮਾਨ ਮਰਾੜਾਂ ਵਾਲੇ/ਤੇਰੀ ਹੀ ਕਲਮ ਦੇ ਵਾਂਗੂ  
ਹੋ ਤਾਂ ਸਕਦੀ ਹੈ ਹਲਕੀ/ਮੇਰੀ ਧਰਤੀ ਦੀ ਕਾਨੀ  
ਪਰ ਨਹੀਂ ਹੌਲੀ, ਮੇਰੀ ਧਰਤੀ ਦੀ ਔਰਤ  
ਏਸ ਤੋਂ ਪਹਿਲਾਂ/ਮਰਾੜਾਂ ਵਿਚ ਸੁਲਘਦੀ ਸਾਜ਼ਿਸ਼  
ਆਪਣੇ ਸਿਖਰ ਤੇ ਪਹੁੰਚੇ/ਜਾਹ ਦੂਰ ਕਿਤੇ ਤੁਰ ਜਾ।

(ਸੰਤ ਸੰਧੂ, ਹੇਮ ਜਯੋਤੀ, ਸਤੰਬਰ 1974)

ਲੱਚਰ ਗੀਤਾਂ ਦੁਆਰਾ ਪੰਜਾਬੀ ਸਾਹਿਤ-ਸਭਿਆਚਾਰ ਦੇ ਇਨਕਲਾਬੀ ਵਿਰਸੇ ਅਤੇ ਲੋਕ-ਪੱਖੀ ਵਿਚਾਰਧਾਰਾਵਾਂ ਨੂੰ ਭ੍ਰਿਸ਼ਟ ਕਰਕੇ ਬੁਰਜ਼ੁਆ ਜਮਾਤ ਦੀ ਸਭਿਆਚਾਰਕ ਸਰਦਾਰੀ ਨੂੰ ਕਾਇਮ ਰੱਖਣ ਦੀ ਸਾਜ਼ਿਸ਼ ਨੂੰ ਨਾਕਾਮ ਕਰਨ ਲਈ ਜੁਝਾਰ ਕਵੀਆਂ ਕਿਰਤੀ ਵਰਗ ਦੇ ਜਮਾਤੀ ਹਿੱਤਾਂ ਅਨੁਕੂਲ ਨਵੇਂ ਸਭਿਆਚਾਰਕ ਮੁੱਲਾਂ ਦੀ ਸਿਰਜਣਾ ਉਪਰ ਜ਼ੋਰ ਦਿੱਤਾ। ਗੁਰਦਾਸ ਰਾਮ ਆਲਮ ਦੇ ਸ਼ਬਦਾਂ ਵਿਚ—"ਸਾਨੂੰ ਦੱਬੇ-ਕੁਚਲੇ ਲੋਕਾਂ ਨੂੰ ਆਪਣਾ ਸਭਿਆਚਾਰਕ ਵਿਧਾਨ ਬਣਾਉਣਾ ਚਾਹੀਦਾ ਹੈ। ਆਖਰ ਕਦੋਂ ਤੱਕ ਇਹ ਲੰਬੜ, ਚੌਧਰੀ, ਪਟਵਾਰੀ ਤੇ ਜ਼ੈਲਦਾਰ ਗੀਤਾਂ ਬੋਲੀਆਂ ਵਿਚ ਵੀ ਸਾਡੇ ਉੱਪਰ ਚੜ੍ਹੇ ਰਹਿਣਗੇ? ਜੇ ਕਿਸੇ ਗੀਤ ਵਿਚ ਜ਼ਿਕਰ ਹੋਊ



ਤਾਂ ਹੋਏਗਾ ਕਿ ਤੇਰੀਆਂ ਗੋਰੀਆਂ ਗੱਲਾਂ, ਤੇਰਾ ਨਿਛੋਹ ਪਿੰਡਾਂ, ਤੇਰਾ ਰੇਸ਼ਮੀ ਸੂਟ, ਤੇਰਾ ਵਲਾਣ, ਤੇਰਾ ਢੀਂਗ। ਮਿੱਟੀ ਨਾਲ ਭਰੇ ਵਾਲ, ਮੁੜਕੋ-ਮੁੜਕੀ ਹੋਏ ਮਜ਼ਬੂਤ ਸੀਨੇ ਤੇ ਕਾਲੇ ਰੰਗ ਦੇ ਜਵਾਨ ਮੌਢਿਆਂ ਦਾ ਕਦੇ ਜ਼ਿਕਰ ਨਹੀਂ ਆਇਆ।" **(ਪਾਸ਼ ਦੀ ਯਾਦ,** ਪੰਨਾ 74) ਜੁਝਾਰ ਲਹਿਰ ਤੋਂ ਮਿਲੀ ਇਸ ਸਿਧਾਂਤਕ ਅਗਵਾਈ ਕਾਰਨ ਹੀ ਸੰਤਰਾਮ ਉਦਾਸੀ ਅਤੇ ਲਾਲ ਸਿੰਘ ਦਿਲ ਆਦਿ ਕਵੀਆਂ ਨੇ ਪੰਜਾਬੀ ਕਵਿਤਾ ਵਿਚ ਹੁਣ ਤੱਕ ਅਣਗੌਲੇ ਰਹੇ ਪੇਂਡੂ ਖੇਤ-ਮਜ਼ਦੂਰਾਂ ਅਤੇ ਦਲਿਤ ਵਰਗ ਦੇ ਜੀਵਨ ਦਾ ਭਰਪੂਰ ਚਿਤਰ ਆਪਣੀ ਕਵਿਤਾ ਵਿਚ ਪੇਸ਼ ਕੀਤਾ। 'ਕੰਮੀਆਂ ਦੇ ਵਿਹੜਿਆਂ 'ਚ ਮਘਦੇ ਸੂਰਜਾਂ' ਅਤੇ ਮਜ਼ੂਰਾਂ ਦੀਆਂ ਬਸਤੀਆਂ 'ਚ ਭਾਰੇ-ਭਾਰੇ ਟੋਕਰੇ ਢੋਂਹਦੀਆਂ ਭੁੱਖੀਆਂ ਕਤੂੰਬਲਾਂ ਦੇ ਦਰਦ ਦੀ ਗਾਥਾ ਦਾ ਬਿਆਨ ਜੁਝਾਰ ਕਵਿਤਾ ਦਾ 'ਹਾਸਿਲ' ਹੈ।

ਤਥਾਕਥਿਤ ਲੋਕ-ਕਵਿਤਾ ਅਤੇ ਲੋਕ-ਗਾਇਕੀ ਵਲੋਂ ਪੰਜਾਬੀ ਸਭਿਆਚਾਰ ਨੂੰ ਦਰਪੇਸ਼ ਚਣੌਤੀ ਨਾਲ ਨਜਿਠਣ ਲਈ ਕ੍ਰਾਂਤੀਕਾਰੀ ਕਵਿਤਾ ਨੂੰ ਵਧੇਰੇ ਸੰਚਾਰ-ਯੁਕਤ ਬਣਾਉਣਾ ਜ਼ਰੂਰੀ ਸੀ। ਇਸ ਲਈ ਜੁਝਾਰ ਕਵੀਆਂ ਨੇ ਖੁੱਲੀ ਕਵਿਤਾ ਦੀ ਥਾਂ ਸਰੋਦੀ ਕਵਿਤਾ ਅਤੇ ਵਿਸ਼ਿਸ਼ਟ-ਸ਼ੈਲੀ ਦੀ ਥਾਂ ਲੋਕ-ਕਾਵਿਕ ਸ਼ੈਲੀ ਨੂੰ ਅਪਣਾਉਣ ਉੱਤੇ ਜ਼ੋਰ ਦਿੱਤਾ। ਸਮਕਾਲੀ ਕਵਿਤਾ ਨੂੰ ਵਧੇਰੇ ਸੰਚਾਰ-ਯੁਕਤ ਅਤੇ ਸਾਰਥਕ ਬਣਾਉਣ ਲਈ ਇਸਦੇ ਪ੍ਰਚਲਤ ਰੂਪ-ਵਿਧਾਨ ਨੂੰ ਬਦਲਣ ਦੀ ਲੋੜ ਬਾਰੇ ਪਾਸ਼ ਨੇ ਆਪਣੇ ਸਮਕਾਲੀਆਂ ਨੂੰ ਖ਼ਬਰਦਾਰ ਕਰਦਿਆਂ ਰੋਹਲੇ ਬਾਣ' (ਜਨਵਰੀ 1975) 'ਚ ਲਿਖਿਆ ਸੀ, "ਕ੍ਰਾਂਤੀਕਾਰੀ ਕਵਿਤਾ ਦਾ ਪ੍ਰਚਲਤ ਰੂਪ ਜੇ ਹੁਣ ਨਾ ਬਦਲਿਆ ਗਿਆ ਤਾਂ ਇਹ ਕੇਵਲ ਦਿਮਾਗੀ ਹਥਰਸੀ ਬਣਕੇ ਰਹਿ ਜਾਵੇਗੀ। ਕ੍ਰਾਂਤੀਕਾਰੀ ਸਾਹਿਤ ਨੂੰ ਹੁਣ ਆਮ ਮਨੁੱਖ ਦੇ ਪ੍ਰਚਲਤ ਮਾਪਦੰਡਾਂ ਵੱਲ ਪ੍ਰੇਰਨ ਦੀ ਲੋੜ ਹੈ। ਅੱਜ ਦੀ ਕ੍ਰਾਂਤੀਕਾਰੀ ਕਵਿਤਾ ਕੇਵਲ ਮੁੱਠੀਭਰ ਬੁੱਧੀਜੀਵੀਆਂ, ਵਿਦਿਆਰਥੀਆਂ, ਅਧਿਆਪਕਾਂ ਤੇ ਪੜ੍ਹੇ-ਲਿਖੇ ਮੁਲਾਜ਼ਮਾਂ ਦਾ ਜੀਅ ਪ੍ਰਚਾਵਾ ਹੀ ਕਰ ਰਹੀ ਹੈ, ਜਿਨ੍ਹਾਂ ਦੇ ਹਿੱਤਾ ਦੀ ਇਹ ਗੱਲ ਕਰਦੀ ਹੈ, ਉਹਨਾਂ ਨਾਲ ਇਹਦਾ ਦੂਰ ਦਾ ਵੀ ਵਾਸਤਾ ਨਹੀਂ ਹੈ।" ਪੰਜਾਬੀ ਦੀ ਪ੍ਰਗਤੀਵਾਦੀ ਕਵਿਤਾ ਦੀ ਇਕ ਮੁੱਖ ਕਮਜ਼ੋਰੀ ਇਹ ਰਹੀ ਕਿ ਇਹ ਲੋਕਾਂ ਦੇ ਦੁੱਖ-ਸੁੱਖ ਦੀ ਗੱਲ ਉਹਨਾਂ ਦੇ ਕਲਚਰ ਅਤੇ ਮੁਹਾਵਰੇ ਵਿਚ ਕਰਨ ਦੀ ਥਾਂ ਅੰਤਰ-ਰਾਸ਼ਟਰੀ ਕਮਿਊਨਿਸਟ ਲਹਿਰ ਦੇ ਪ੍ਰਸੰਗ ਵਿਚ ਕਰਦੀ ਰਹੀ ਹੈ। ਪੰਜਾਬ ਦੀ ਧਰਤੀ ਅਤੇ ਲੋਕ-ਮਾਨਸਿਕਤਾ ਨੂੰ ਆਪਣੇ ਖਮੀਰ ਦਾ ਹਿੱਸਾ ਨਾ ਬਣਾ ਸਕਣ ਕਾਰਨ ਇਹ ਵਿਸ਼ਾਲ ਜਨ-ਸਮੂਹ ਦੀ ਚੇਤਨਾ ਨੂੰ ਇਨਕਲਾਬੀ ਪੈਂਤੜੇ ਤੇ ਭੁਗਤਾਉਣ ਤੋਂ ਅਸਮਰਥ ਰਹੀ। ਭਾਰਤ ਵਿਚ ਕਮਿਊਨਿਸਟ ਲਹਿਰ ਦੀ ਅਸਫਲਤਾ ਦਾ ਕਾਰਨ ਵੀ ਇਹੋ ਮੰਨਿਆ ਜਾਂਦਾ ਹੈ ਕਿ ਇਸ ਨੇ ਮਾਰਕਸਵਾਦ ਨੂੰ ਆਪਣੀ ਕਲਚਰਲ ਸਥਿਤੀ ਦੇ ਪ੍ਰਸੰਗ ਵਿਚ ਨਹੀਂ ਦੇਖਿਆ। ਜੁਝਾਰ ਕਵੀ ਇਸ ਗਲੋਂ ਸੁਚੇਤ ਸਨ ਕਿ ਆਪਣੀ ਸਭਿਆਚਾਰਕ ਧਰਾਤਲ ਵਿਚ ਡੂੰਘੀਆਂ ਜੜ੍ਹਾਂ ਲਾ ਕੇ ਹੀ ਲੋਕਾਂ ਤੱਕ ਪਹੁੰਚਿਆ ਜਾ ਸਕਦਾ ਹੈ। ਜੁਝਾਰ ਕਵੀਆਂ ਦੀ ਇਸ ਸਭਿਆਚਾਰਕ ਸੁਚੇਤਨਾ ਦਾ ਪ੍ਰਮਾਣ ਜੋਗਾ ਸਿੰਘ ਦੀ ਕਵਿਤਾ (ਖਾਸ ਕਰਕੇ 'ਆਪਣੀ ਮਿੱਟੀ' ਸੰਗ੍ਰਿਹ) ਅਤੇ ਉਸਦਾ ਇਹ ਕਥਨ ਹੈ :

ਲੋਕਾਂ ਨੂੰ ਗੱਲ ਸਿਧਾਂਤਾਂ ਨਾਲ ਨਹੀਂ, ਉਹਨਾਂ ਦੀ ਕਲਚਰ, ਉਹਨਾਂ ਦੇ ਰਿਸ਼ਤਿਆਂ, ਉਹਨਾਂ ਦੀ ਬੋਲੀ ਮੁਹਾਵਰਿਆਂ ਨਾਲ, ਉਹਨਾਂ ਵਿਚ ਰਚਮਿਚ ਕੇ ਤੇ ਲੜ-ਭਿੜ ਕੇ

ਸਮਝਾਈ ਜਾ ਸਕਦੀ ਹੈ।......ਸਾਨੂੰ ਲੋਕ-ਕਵਿਤਾ ਵੱਲ ਮੁੜ ਜਾਣਾ ਚਾਹੀਦਾ ਹੈ। ਤਦੇ ਹੀ ਉਹਨਾਂ ਦੀ ਗੱਲ ਦੀ ਤਹਿ ਉਹਨਾਂ ਅੱਗੇ ਫਰੋਲ ਸਕਾਂਗੇ (ਭੂਮਿਕਾ, (ਜਦੋਂ ਪਿੰਡ ਬੋਲਦਾ ਹੈ, ਪੰਨਾ 10-11)

ਆਪਣੀ ਮਿੱਟੀ ਤੇ ਆਪਣੇ ਲੋਕਾਂ ਵਿਚ ਰਚ-ਮਿਚ ਜਾਣ ਲਈ ਜੁਝਾਰ ਕਵੀਆਂ ਨੇ ਪੰਜਾਬ ਦੇ ਇਤਿਹਾਸ ਅਤੇ ਗੌਰਵਮਈ ਸਭਿਆਚਾਰਕ ਵਿਰਸੇ ਨੂੰ ਆਪਣੀ ਰਚਨਾਤਮਿਕ ਟੇਕ ਬਣਾਇਆ। ਭਾਵੇਂ ਜੁਝਾਰ ਕਵੀਆਂ ਨੇ ਪੰਜਾਬ ਦੇ ਗੌਰਵਮਈ ਸਭਿਆਚਾਰਕ ਵਿਰਸੇ, ਕੌਮੀ ਸੁਤੰਤਰਤਾ ਸੰਗਰਾਮ ਦੇ ਇਨਕਲਾਬੀ ਸ਼ਹੀਦਾਂ ਅਤੇ ਅੰਤਰ-ਰਾਸ਼ਟਰੀ ਕਮਿਊਨਿਸਟ ਲਹਿਰ ਦੇ ਸੰਗਰਾਮੀ ਯੋਧਿਆਂ ਨੂੰ ਆਪਣਾ ਆਦਰਸ਼ ਬਣਾਇਆ, ਪਰ ਸਮੁੱਚੀ ਜੁਝਾਰ ਕਵਿਤਾ ਵਿਚ ਅੱਠਾਰਵੀਂ ਸਦੀ ਦੇ ਸਿੱਖ ਵਿਰਸੇ ਦਾ ਚਿਤਰਣ ਵਧੇਰੇ ਮੋਹ ਅਤੇ ਉਤਸ਼ਾਹ ਨਾਲ ਹੋਇਆ ਹੈ। ਡਾ: ਕੇਸਰ ਸਿੰਘ ਕੇਸਰ ਅਨੁਸਾਰ 'ਇਸਦਾ ਕਾਰਨ ਇਹ ਸੀ ਕਿ ਜਿਸ ਰਾਜਨੀਤਕ ਅੰਦੋਲਨ ਨਾਲ ਇਹ ਕਵਿਤਾ ਸਿੱਧੀ ਸੰਬੰਧਤ ਸੀ ਉਸਦਾ ਮੁੱਖ ਉਦੇਸ਼ ਪੰਜਾਬ ਦੀ ਛੋਟੀ ਕਿਸਾਨੀ ਤੇ ਖੇਤ ਮਜ਼ਦੂਰ ਨੂੰ ਸੰਗਠਿਤ ਕਰਨਾ ਸੀ ਤੇ ਇਹ ਵਰਗ ਸਭਿਆਚਾਰਕ ਤੌਰ ਤੇ ਸਿੱਖ ਵਿਰਸੇ ਦੇ ਨੇੜੇ ਹਨ। ਇਹਨਾਂ ਤੱਕ ਆਪਣੀ ਗੱਲ ਨੂੰ ਸੰਚਾਰਣ ਵਾਲੀ ਕਵਿਤਾ ਲਈ ਜ਼ਰੂਰੀ ਸੀ ਕਿ ਉਹ ਸਿੱਖ ਵਿਰਸੇ ਦਾ ਉਚੇਚਾ ਪ੍ਰਯੋਗ ਕਰਦੀ।' (**ਪ੍ਰਗਤੀਵਾਦੀ ਵਿਚਾਰਧਾਰਾ ਤੇ ਪੰਜਾਬੀ ਕਵਿਤਾ,** ਪੰਨਾ 237) ਜੁਝਾਰ ਕਵਿਤਾ ਦੇ ਇਸ ਰੁਝਾਨ ਨੂੰ 'ਅਤੀਤ ਪ੍ਰਤੀ ਮੋਹ' ਜਾਂ 'ਨਾਇਕ ਪੂਜਾ ਦਾ ਸਾਮੰਤੀ ਰੁਝਾਨ' ਕਹਿਣਾ ਉਚਿਤ ਨਹੀਂ। ਜੁਝਾਰ ਕਵੀਆਂ ਨੇ ਸਿੱਖ ਵਿਰਸੇ ਦੇ ਉਹਨਾਂ ਉਸਾਰੂ ਚਿੰਨ੍ਹਕਾਂ ਨੂੰ ਗ੍ਰਹਿਣ ਕੀਤਾ ਹੈ ਜੋ ਸਮਕਾਲੀ ਪ੍ਰਸੰਗ ਵਿਚ ਸਾਰਥਕ ਸਨ। ਸਿੱਖ ਵਿਰਸੇ ਤੋਂ ਪ੍ਰੇਰਣਾ ਦੇ ਪ੍ਰਮਾਣ ਵਜੋਂ ਇਹ ਸਤਰਾਂ ਪੜ੍ਹੀਆਂ ਜਾ ਸਕਦੀਆਂ ਹਨ :

ਗੋਬਿੰਦ ਸਿੰਘ ਥਾਪਨਾ ਦੇ
ਕੱਚੀ-ਗੜੀ ਚਮਕੌਰ ਨੂੰ ਜਾਣ ਦੀ ਹਿੰਮਤ ਵੀ
ਸਾਡੀ ਇਹ ਮਿੱਟੀ ਇਹ ਵਰਦਾਨ ਮੰਗਦੀ ਹੈ
ਕਿ ਸਾਡੇ ਵਿਚ ਤੂੰ ਸਲਾਮਤ ਰਹੇ......
ਯਾਰ ਸਾਡੇ ਦੀਪ ਸਿੰਘ
ਆਪਣਾ ਕੁਝ ਵੀ ਵੰਡਿਆ ਨਹੀਂ
ਜਾਚ ਤਾਂ ਦੱਸ ਸਿਰ ਤਲੀ 'ਤੇ ਕਿਵੇਂ ਟਿਕਦਾ ਹੈ।

(ਦਰਸ਼ਨ ਖਟਕੜ)

ਗੁਰੂ ਅੱਜ ਤੋਂ ਮੈਂ ਤੇਰਾ ਸਿਖ ਹਾਂ
ਆਪਣਾ ਇਕ ਹੱਥ ਡੋਬ
ਇਸ ਸੀਤ ਵਗਦੀ ਗੁਦਾਵਰੀ ਦੇ ਪਾਣੀ ਵਿਚ
ਦੂਜਾ ਹੱਥ ਮੇਰੇ ਸਿਰ ਤੇ ਰੱਖ ਦੇ



ਤਾਂ ਕਿ ਨਦੀ ਦੇ ਪਾਣੀ ਤੇ ਮੇਰੇ ਲਹੂ ਵਿਚ
ਕੋਈ ਗਰਮੀ ਜਿਹੀ ਆ ਜਾਵੇ......
ਮੇਰਾ ਅੱਗ ਦਾ ਦਰਿਆ ਤਰਨ ਨੂੰ ਜੀਅ ਕਰਦਾ ਹੈ......

(ਰਵਿੰਦਰ ਭੱਠਲ)

ਜੁਝਾਰ ਕਵਿਤਾ ਦੁਆਰਾ ਸਿੱਖ ਵਿਰਸੇ ਦੇ ਧਾਰਮਿਕ ਨਾਇਕਾਂ-ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਬਾਬਾ ਦੀਪ ਸਿੰਘ, ਬੰਦਾ ਬਹਾਦਰ, ਭਾਈ ਮਨੀ ਸਿੰਘ, ਭਾਈ ਦਿਆਲਾ, ਭਾਈ ਤਾਰੂ ਸਿੰਘ ਆਦਿ ਤੋਂ ਪ੍ਰੇਰਨਾ ਲੈਣ ਦੀ ਰੁਚੀ ਕਾਰਨ ਇਹ ਨਿਰਣਾ ਕਰ ਲਿਆ ਜਾਂਦਾ ਹੈ ਕਿ 'ਇਹ ਕਵਿਤਾ ਸੁਚੇਤ ਤੌਰ ਤੇ ਧਾਰਮਿਕ ਨਾਇਕਾਂ ਨੂੰ ਆਪਣਾ ਨਾਇਕ ਬਣਾਉਂਦੀ ਹੈ। ਉਹਨਾਂ ਦੇ ਇਤਿਹਾਸ ਨੂੰ ਆਲੋਚਨਾਤਮਿਕ ਦ੍ਰਿਸ਼ਟੀ ਨਾਲ ਨਹੀਂ, ਪੂਰਨ ਸਵੀਕ੍ਰਿਤੀ ਤੇ ਸ਼ਰਧਾ ਦੀ ਦ੍ਰਿਸ਼ਟੀ ਨਾਲ ਦੇਖਦੀ ਹੈ, ਕਿਉਂਕਿ ਇਹ ਇਤਿਹਾਸ ਲੋਕ-ਪ੍ਰਵਾਹ ਦਾ ਅਚੇਤ-ਸੁਚੇਤ ਹਿੱਸਾ ਬਣ ਚੁੱਕਾ ਹੈ।' ਡਾ. ਸੁਤਿੰਦਰ ਸਿੰਘ ਨੂਰ ਦਾ ਇਹ ਤਰਕ ਇਸ ਕਰਕੇ ਉੱਚਿਤ ਨਹੀਂ ਕਿ ਇਕ ਤਾਂ ਜੁਝਾਰ ਕਵਿਤਾ ਵਿਚ ਸਿੱਖ ਵਿਰਸੇ ਦੇ ਧਾਰਮਿਕ ਨਾਇਕਾਂ ਦੇ ਨਾਲ ਨਾਲ ਕੌਮੀ ਸੁਤੰਤਰਤਾ ਸੰਗਰਾਮ ਦੇ ਇਨਕਲਾਬੀ ਸ਼ਹੀਦਾਂ-ਭਗਤ ਸਿੰਘ, ਕਰਤਾਰ ਸਿੰਘ ਸਰਾਭਾ, ਊਧਮ ਸਿੰਘ ਆਦਿ ਅਤੇ ਸੰਸਾਰ ਕਮਿਊਨਿਸਟ ਲਹਿਰ ਦੇ ਸੰਗਰਾਮੀਆਂ-ਕਾਰਲ ਮਾਰਕਸ, ਲੈਨਿਨ, ਮਾਉ, ਸਟਾਲਿਨ, ਹੋਚੀਮਿੰਨ, ਚੀ ਗਵੇਰਾ, ਜੂਲੀਅਸ ਫਿਊਚਕ ਤੇ ਪੀਟਰਸ ਲੰਮੂਬਾ ਆਦਿ ਨੂੰ ਆਪਣਾ ਪ੍ਰੇਰਣਾ ਸਰੋਤ ਬਣਾਇਆ ਗਿਆ, ਦੂਜਾ ਇਸ ਵਿਚ ਸਿੱਖ ਲਹਿਰ ਦੇ ਨਾਂਹ-ਮੁੱਖੀ ਪੱਖਾਂ ਤੇ ਸਿੱਖੀ ਦੇ ਅਜੋਕੇ ਰੂਪ ਵਿਚ ਭਾਰੂ ਹੋ ਰਹੇ ਰੂੜ੍ਹੀਵਾਦੀ ਰੁਝਾਨ ਅਤੇ ਵਿਰਸੇ ਬਾਰੇ ਰੁਮਾਂਟਿਕ ਪਹੁੰਚ ਦੀ ਬਹੁਤ ਖੁੱਲ ਕੇ ਆਲੋਚਨਾ ਹੋਈ ਹੈ। ਧਿਆਨਯੋਗ ਤੱਥ ਇਹ ਹੈ ਕੇਵਲ ਉਹੀ ਇਤਿਹਾਸ-ਨਾਇਕ ਜੁਝਾਰ ਕਵੀਆਂ ਦਾ ਪ੍ਰੇਰਣਾ ਬਿੰਬ ਬਣੇ ਹਨ, ਜਿਹਨਾਂ ਨੇ ਮਾਨਵਤਾ ਦੇ ਕਲਿਆਣ ਲਈ ਕੋਈ ਸਾਰਥਕ ਭੂਮਿਕਾ ਨਿਭਾਈ ਹੈ, ਜਿਵੇਂ ਇਹਨਾਂ ਸਤਰਾਂ 'ਤੋਂ ਸਪੱਸ਼ਟ ਹੈ :

ਹੁਣ ਤੁਹਾਡੇ ਚਿਹਰਿਆਂ ਤੇ ਪਸਰੀ ਮੁਸਕਰਾਹਟ
ਸੌ ਪਰਦੇ ਚੀਰ ਕੇ ਵੀ ਬੋਲਦੀ ਹੈ—
ਕਿ ਮਨੀ ਸਿੰਘ ਅਜੇ ਤਕ ਵੀ ਮਰਿਆ ਨਹੀਂ
ਇਕ ਜਿਸਮ ਹੀ ਕਤਲ ਕਰ ਦਿੱਤਾ ਗਿਆ।
'ਗੁਵੇਰਾ' ਕਿਸੇ ਜੰਗ 'ਚੋਂ ਅਜੇ ਫੜਿਆ ਨਹੀਂ
ਏਨੇ ਬੰਧਨਾਂ ਦੇ ਬਾਵਜੂਦ
ਕਿਵੇਂ ਹਵਾ 'ਚ ਤੈਰਦੇ ਨੇ ਮਾਓ ਦੇ ਵਿਚਾਰ
ਹੋ, ਫਿਊਚਕ, ਲੰਮੂਬਾ, ਭਗਤ ਤੇ ਸਤਿਅਮ
ਕਿਸੇ ਕਿਲ੍ਹੇ 'ਚੋਂ ਅਜੇ ਆਵਾਜ਼ ਦਿੰਦੇ ਨੇ......
ਧਰੂ ਵਾਂਗ ਦਿਸ਼ਾ ਦਸਦੇ ਨੇ ਉਹ ਲੋਕ
ਜਿੰਨ੍ਹਾਂ ਨੂੰ ਜਿਸਮ ਦੀ ਪੀੜਾ ਭੁਠਲਾ ਨਾ ਸਕੀ।

(ਗੁਰਦੀਪ ਗਰੇਵਾਲ)

ਇਹ ਵੀ ਸੱਚ ਹੈ ਕਿ ਜੁਝਾਰ ਕਵਿਤਾ ਵਿਚ ਕਈ ਥਾਈਂ ਸਭਿਆਚਾਰ ਵਿਰਸੇ ਦੇ ਧਾਰਮਿਕ/ਇਤਿਹਾਸਕ ਨਾਇਕਾਂ ਦਾ ਜਨ-ਗਾਣ 'ਵਿਅਕਤੀਗਤ ਸੂਰਮਗਤੀ' ਦੇ ਪ੍ਰਗਟਾਵੇ ਜਾਂ ਜੁਝਾਰ ਕਵੀਆਂ ਦੇ ਵਿਅਕਤੀਗਤ ਨਾਇਕਤਵ ਦੀ ਮਹਿਮਾ ਨੂੰ ਸਿੱਧ ਕਰਨ ਲਈ ਹੋਇਆ ਹੈ। ਕਵੀ ਦੇ ਵਿਅਕਤਿਤਵ ਦੀ ਤੇਜੱਸਵੀ ਇਤਿਹਾਸ-ਨਾਇਕਾਂ ਨਾਲ ਤਦਰੂਪਤਾ ਸਥਾਪਤ ਕਰਕੇ ਕਵੀ ਅਤੇ ਅਵਤਾਰ ਦੀ ਮਿੱਥ ਦਾ ਸਮੀਕਰਣ ਸਾਬਤ ਕਰਨ ਦਾ ਯਤਨ—ਲੋਹ ਕਥਾ ਦੀ ਆਖਰੀ ਕਵਿਤਾ (ਪਾਸ਼) ਖੜਗਧਾਰੀ ਗੁਰੂ', ਕੌਤਕਾ (ਸੰਤ ਸੰਧੂ) ਅਤੇ 'ਅਵਤਾਰ ਦਾ ਜਨਮ' (ਜੁਝਾਰ ਸਿੰਘ) ਆਦਿ ਕਵਿਤਾਵਾਂ ਵਿਚ ਹੋਇਆ ਹੈ। ਪਰੰਤੂ ਜੁਝਾਰ ਕਵਿਤਾ ਵਿਚ ਅਜੇਹੀਆਂ ਕਵਿਤਾਵਾਂ ਦੀ ਗਿਣਤੀ ਅਲਪ ਮਾਤਰ ਹੈ। ਇਹਨਾਂ ਦੇ ਆਧਾਰ ਉਤੇ ਜੁਝਾਰ ਕਵਿਤਾ ਵਿਚ ਸਿੱਖ ਵਿਰਸੇ ਦੇ ਪ੍ਰਯੋਗ ਤੇ 'ਨਾਇਕ ਪੂਜਾ ਦੇ ਸਾਮੰਤੀ ਰੁਝਾਨ' ਜਾਂ 'ਵਿਅਕਤੀਗਤ ਸੂਰਮਗਤੀ ਦੀ ਹਉਮੈਂ' ਦੇ ਪ੍ਰਗਟਾਵੇ ਨਾਲ ਜੋੜਨਾ ਉਚਿਤ ਨਹੀਂ। ਦਰਅਸਲ ਇਹ ਪਰਵਿਰਤੀ ਜੁਝਾਰ ਕਵੀਆਂ ਦੀ ਕ੍ਰਾਂਤੀਕਾਰੀ ਰੁਮਾਂਸ ਭਾਵਨਾ ਦੀ ਉਪਜ ਹੈ, ਜਿਸ ਦਾ ਸੁਚੇਤ ਮਨੋਰਥ ਤੇਜੱਸਵੀ ਨਾਇਕਤਵ ਦੀ ਸਿਰਜਣਾ ਦੁਆਰਾ, ਹੰਭੀ ਹਾਰੀ ਲੋਕਾਈ ਨੂੰ ਆਪਣੇ ਇਨਕਲਾਬੀ ਵਿਰਸੇ ਦੀ ਯਾਦ ਦੁਆ ਕੇ ਦਮਨ ਖਿਲਾਫ ਲਾਮਬੰਦ ਹੋਣ ਦਾ ਅਹਿਸਾਸ ਕਰਵਾਉਣਾ ਸੀ। ਆਪਣੇ ਸਭਿਆਚਾਰਕ ਵਿਰਸੇ ਦੇ ਉਸਾਰੂ ਪੱਖਾਂ ਦੀ ਸਿਮਰਤੀ ਨੇ ਜੁਝਾਰ ਕਵਿਤਾ ਦੇ ਵਸਤੂ ਨੂੰ ਵਿਚਾਰਧਾਰਕ ਗਹਿਰਾਈ ਅਤੇ ਇਸਦੀ ਸੰਚਾਰ-ਸ਼ਕਤੀ ਨੂੰ ਅਥਾਹ ਵਿਸ਼ਾਲਤਾ ਪ੍ਰਦਾਨ ਕੀਤੀ।

ਆਪਣੇ ਸਭਿਆਚਾਰਕ ਅਤੀਤ ਦੀ ਸਿਮਰਤੀ ਦੁਆਰਾ ਮਨੁੱਖੀ ਨਾਇਕਤਵ ਦੀ ਸਿਰਜਨਾਂ ਉਪਰ ਬਲ ਦੇਣ ਵਾਲੀ ਕ੍ਰਾਂਤੀਕਾਰੀ ਰੁਮਾਂਸ ਭਾਵਨਾ ਨੇ ਜੁਝਾਰ ਕਵਿਤਾ ਦੀ ਸੰਬੋਧਨ ਵਿਧੀ ਨੂੰ ਉੱਚੀ-ਸੁਰ ਅਤੇ ਸਨਸਨੀਖੇਜ਼ ਮੁਹਾਵਰੇ ਵਾਲੇ ਭਾਸ਼ਣੀ ਲਹਿਜੇ ਦਾ ਰੂਪ ਪ੍ਰਦਾਨ ਕੀਤਾ। ਕ੍ਰਾਂਤੀਕਾਰੀ ਆਦਰਸ਼ ਨੂੰ ਪ੍ਰਣਾਏ ਗੁਰੀਲੇ ਨਾਇਕ ਸਿੰਘ ਗਰਜਨਾ ਲਈ ਉੱਚੀ-ਸੁਰ ਵਾਲੀ ਨਾਹਰਾ ਸ਼ੈਲੀ ਹੀ ਢੁਕਵੀਂ ਪ੍ਰਗਟਾਵਿਧੀ ਸੀ। ਨਾਇਕ, ਪ੍ਰਚਾਰ ਅਤੇ ਨਾਹਰਾ ਸ਼ੈਲੀ ਸਮੁੱਚੀ ਪ੍ਰਗਤੀਵਾਦੀ ਅਤੇ ਜੁਝਾਰਵਾਦੀ ਕਵਿਤਾ ਦੀ ਕਾਵਿ-ਸੰਰਚਨਾ ਦਾ ਅਨਿੱਖਵਾਂ ਅੰਗ ਹੈ। ਡਾ: ਕੇਸਰ ਸਿੰਘ ਕੇਸਰ ਅਨੁਸਾਰ 'ਨਾਇਕ, ਪ੍ਰਚਾਰ ਅਤੇ ਨਾਹਰਾ ਸਮਾਜਕ ਕ੍ਰਾਂਤੀ ਦੀਆਂ ਲੋੜਾਂ ਹਨ ਤੇ ਉਸ ਕ੍ਰਾਂਤੀ ਨਾਲ ਪ੍ਰਤਿਬੱਧ ਕਵਿਤਾ ਇਹਨਾਂ ਤੋਂ ਮੁਕਤ ਹੋ ਕੇ ਕ੍ਰਾਂਤੀਕਾਰੀ ਕਵਿਤਾ ਨਹੀਂ ਰਹਿ ਸਕਦੀ।......ਜਿਵੇਂ ਅਵੇਸਲੀ ਲੋਕਾਈ ਨੂੰ ਸੁਚੇਤ ਸੰਗਠਨ ਦੇ ਲੜ ਲਾਉਣ ਲਈ ਨਾਹਰੇ ਦੀ ਲੋੜ ਹੈ, ਤਿਵੇਂ ਇਸ ਦੀਆਂ ਅਚੇਤ ਇਛਾਵਾਂ ਨੂੰ ਸਿਧਾਂਤਕ ਸੂਝ ਨਾਲ ਜੋੜਨ ਲਈ ਪ੍ਰਚਾਰ ਜ਼ਰੂਰੀ ਹੈ।" (**ਪ੍ਰਗਤੀਵਾਦੀ ਵਿਚਾਰਧਾਰਾ ਤੇ ਪੰਜਾਬੀ ਕਵਿਤਾ**, ਪੰਨਾ 238) ਤੇਜਸਵੀ ਨਾਇਕਤਵ ਦੀ ਸਿਰਜਣਾ, ਮਾਰਕਸਵਾਦੀ ਵਿਚਾਰਧਾਰਾ ਦਾ ਪ੍ਰਚਾਰ ਅਤੇ ਨਿਕਟ ਭਵਿਖ ਵਿਚ ਮਜ਼ਦੂਰ ਜਮਾਤ ਦੀ ਸੰਭਾਵੀ ਜਿੱਤ ਦਾ ਨਾਹਰਾਂ ਜੁਝਾਰ ਕਵਿਤਾ ਦੀ ਰਾਜਨੀਤਕ ਲੋੜ ਸੀ, ਜਿਸ ਬਾਰੇ ਇਹ ਕਵੀ ਖੁਦ ਚੇਤਨ ਸਮਕਾਲੀ ਇਤਿਹਾਸਕ ਸਥਿਤੀ ਵਿਚ ਪ੍ਰਚਾਰ ਅਤੇ ਨਾਹਰੇ ਦੀ ਜ਼ਰੂਰਤ ਨੂੰ ਸਪੱਸ਼ਟ ਕਰਦਿਆਂ ਸੀ, ਮਾਰਕੰਡਾ ਨੇ 'ਕਿੰਤੂ' (ਜੁਲਾਈ-ਅਗਸਤ 1972) ਦੀ ਸੰਪਾਦਕੀ ਵਿਚ ਲਿਖਆ ਸੀ, "ਸਾਹਿਤ ਸੋਸ਼ਣ ਦੇ ਖਿਲਾਫ ਆਦਮੀ ਵਿਚ ਜਾਗਰਤੀ ਦਾ ਸੰਚਾਰ ਪੈਦਾ ਕਰਨ ਦੀ ਸਮਰੱਥਾ ਵਾਲਾ ਹੋਣਾ ਚਾਹੀਦਾ ਹੈ। ਭਾਵੇਂ ਇਹ ਆਮ ਆਂਦਮੀ ਲਈ ਰੋਟੀ ਨਾ ਦੇਵੇ, ਪਰ ਰੋਟੀ ਖੋਹਣ ਲਈ ਤਿਆਰ ਕਰ ਦੇਵੇ। ਜੇਕਰ ਕੋਈ



ਇਸ ਨੂੰ ਪ੍ਰਚਾਰ ਜਾਂ ਨਾਅਰਾ ਆਖਦਾ ਹੈ ਤਾਂ ਪਿਆ ਆਖੇ। ਜਦੋਂ ਹਰ ਗੱਲ ਨਾਅਰੇਬਾਜ਼ੀ ਵਿਚ ਹੁੰਦੀ ਹੈ ਤਾਂ ਇਸ ਵਿਧਾ ਨੂੰ ਸਾਹਿਤ ਵਿਚ ਅਪਣਾਉਣ ਤੋਂ ਕੀ ਹਰਜ਼ ਹੈ। ਸਾਹਿਤ ਦਾ ਇਸਤੇਮਾਲ ਵੀ ਪ੍ਰਚਾਰ ਦੇ ਤੌਰ ਤੇ ਹੋ ਸਕਦਾ ਹੈ। ਮਾਰਕਸਵਾਂਦੀ ਸੁਹਜ-ਸ਼ਾਸ਼ਤਰ ਵਿਚ ਕਲਾ ਰਾਹੀਂ ਵਿਚਾਰਧਾਰਕ ਪ੍ਰਚਾਰ ਨੂੰ ਉਸ਼ ਤਰ੍ਹਾਂ ਨਜ਼ਰ-ਅੰਦਾਜ਼ ਨਹੀ ਕੀਤਾ ਗਿਆ, ਜਿਵੇਂ ਸਨਾਤਨੀ ਕਾਵਿ-ਸ਼ਾਸਤਰ ਅਤੇ ਅਜੋਕੇ ਰੂਪਵਾਦੀ ਚਿੰਤਨ ਵਿਚ ਕੀਤਾ ਗਿਆ ਹੈ, ਪਰ ਮਾਰਕਸਵਾਦੀ ਕਾਵਿ-ਚਿੰਤਕ ਵੀ ਵਿਚਾਰਧਾਰਾ ਦੇ ਨੰਗੇ ਚਿੱਟੇ ਪ੍ਰਯੋਗ ਦੀ ਥਾਂ ਉਸਦੇ ਕਲਾਤਮਿਕ ਨਿਭਾਅ ਨੂੰ ਹੀ ਪ੍ਰਵਾਨ ਕਰਦੇ ਹਨ। ਨਾਹਰਾ ਅਤੇ ਵਿਚਾਰਧਾਰਾ 'ਕਵਿਤਾ' ਦਾ ਬਦਲ ਨਹੀਂ ਬਣ ਸਕਦੇ। ਵਿਚਾਰਧਾਰਾ ਅਤੇ ਕਾਵਿਕਤਾ ਅਨਿਖੜ ਵੀ ਹੁੰਦੀਆਂ ਹਨ ਅਤੇ ਵਿਰੋਧੀ ਵੀ। ਇਹ ਇਕ ਦੂਜੇ ਵਿਚ ਰਮ ਕੇ ਹੀ **'ਸਾਰਥਕ ਰੂਪ'** ਬਣਦੀਆਂ ਹਨ। ਵਿਚਾਰਧਾਰਾ ਨੂੰ ਕਵਿਤਾ ਦਾ ਬਦਲ ਮੰਨਣਵਾਲੀ ਸਿੱਧੜ ਧਾਰਨਾ ਦਾ ਵਿਰੋਧ ਕਰਦਾ ਹੋਇਆ ਜਗਤਾਰ ਕਹਿੰਦਾ ਹੈ," ਕਿਸੇ ਵਾਦ ਜਾਂ ਯੁਕਤੀ ਅਧੀਨ ਜਦੋਂ ਕੋਈ ਰਚਨਾ ਕਰਦੇ ਹਾਂ ਤਾਂ ਰਚਨਾ ਨਹੀਂ ਕਰ ਰਹੇ ਹੁੰਦੇ, ਸਗੋਂ ਸਾਹਿਤ ਘੜ ਰਹੇ ਹੁੰਦੇ ਹਾਂ।.. ਮੇਰਾ ਨਜ਼ਰੀਆ ਮਾਰਕਸਵਾਦੀ ਹੈ, ਪਰ ਜਰੂਰੀ ਨਹੀਂ ਮੇਰੀ ਹਰ ਕਵਿਤਾ ਵਿਚ ਮਾਰਕਸਵਾਦ ਦੀ ਦੁਹਾਈ ਹੋਵੇ (ਸਿਰਜਣਾ ਅਪ੍ਰੈਲ 1967, ਪੰਨਾ 105) ਕਵਿਤਾ ਨੂੰ ਸਿਆਸੀ ਪਾਰਟੀਆਂ ਦੇ ਪ੍ਰਚਾਰ ਤੱਕ ਸੀਮਤ ਕਰਨ ਦੇ ਵਿਰੋਧ ਵਿਚ ਪਾਸ਼ ਨੂੰ ਲਿਖਣਾ ਪਿਆ ਸੀ ਕਿ, "(**ਸਾਡੇ ਸਮਿਆ ਵਿਚ**) ਜੁਝਾਰ ਕਵੀ ਹੰਭੀ ਹਾਰੀ ਲੋਕਾਈ ਦੀ ਚੇਤਨਾ ਨੂੰ ਕ੍ਰਾਂਤੀਕਾਰੀ ਸੂਝ ਨਾਲ ਲੈਸ ਕਰਕੇ ਉਹਨਾਂ ਦੇ ਪਸਤ ਹੋਏ ਮਨੋਬਲ ਦੀ ਚੜ੍ਹਤ ਲਈ ਪ੍ਰਚਾਰ ਅਤੇ ਨਾਹਰੇ ਦੇ ਇਤਿਹਾਸਕ ਅਤੇ ਰਚਨਾਤਮਿਕ ਮਹੱਤਵ ਤੋਂ ਵੀ ਜਾਣੂ ਹਨ ਅਤੇ ਕ੍ਰਾਂਤੀਕਾਰੀ ਸਾਰ ਤੋਂ ਸੱਖਣੀ ਨਾਹਰੇਬਾਜ਼ੀ ਦੀ ਅਪ੍ਰਸੰਗਕਤਾ ਤੋਂ ਵੀ ਸਜੱਗ ਹਨ। ਦੋਹਾਂ ਤਰ੍ਹਾਂ ਦੀਆਂ ਪ੍ਰਵਿਰਤੀਆਂ ਬਾਰੇ ਹਰਭਜਨ ਸਿੰਘ ਹੁੰਦਲ ਦੀਆਂ ਇਹ ਸਤਰਾਂ ਧਿਆਨਯੋਗ ਹਨ :

— ਕੋਈ ਬੁੱਲ੍ਹਾਂ ਵਿਚ ਘੁੱਟ ਲਵੇ ਕਿੰਨਾ ਚਿਰ ਪੀੜ
ਪੀੜ ਪੁੱਜਦੀ ਅਖੀਰ ਨੂੰ ਹੈ ਨਾਹਰਿਆਂ ਦੇ ਉਤੇ।

(ਚਾਨਣ ਦਾ ਸਿਰਨਾਵਾਂ)

— ਆਉ ਠੰਢੇ ਦਿਲ ਨਾਲ ਸਾਰੇ ਬੈਠ ਸੋਚੀਏ
ਕਿੰਨੀ ਦੇਰ ਤੱਕ ਸਾਨੂੰ ਤੱਤੇ ਨਾਹਰਿਆਂ ਦੀ ਗੱਲ।

ਜੁਝਾਰ ਕਵਿਤਾ ਵਿਚ ਕਾਵਿ-ਸਿਰਜਣ-ਪ੍ਰਕਿਰਿਆ ਨੂੰ ਕਿਸੇ ਰਹੱਸ-ਅਨੁਭਵ ਜਾ ਮੂੰਹ-ਜ਼ੋਰ ਜਜ਼ਬੇ ਦਾ ਅਚੇਤ ਪ੍ਰਗਟਾਅ ਮੰਨਣ ਵਾਲੀਆਂ ਸਨਾਤਨੀ ਕਾਵਿ-ਸ਼ਾਸਤਰ ਸਿਰਜਣੇਈ ਅਮਲ ਨੂੰ ਰਹੱਸਮਈ, ਗੁੰਝਲਦਾਰ ਅਤੇ ਪਰਾ-ਮਨੁੱਖੀ ਕਰਮ ਵਜੋਂ ਪਰਿਭਾਸ਼ਤ ਕਰਦਾ ਹੈ। ਸਨਾਤਨੀ ਕਾਵਿ-ਸ਼ਾਸ਼ਤਰ ਦਾ ਦਾਰਸ਼ਨਿਕ ਆਧਾਰ ਅਧਿਆਤਮਵਾਦੀ ਚਿੰਤਨ ਹੈ, ਜੋ ਸਮੁੱਚੇ ਬ੍ਰਹਿਮੰਡੀ ਵਰਤਾਰੇ ਨੂੰ ਪਾਰ-ਦੇਸ਼ ਦੇ ਕਿਸੇ 'ਰਹੱਸ' ਵਜੋਂ ਦੇਖਦਾ ਹੋਇਆ ਇਸਨੂੰ ਦੈਵੀ-ਸੱਤਾ ਦੀ ਸਿਰਜਨਾ ਸਵੀਕਾਰ ਕਰਦਾ ਹੈ। ਕਾਵਿ-ਸਿਰਜਨ-ਪ੍ਰਕਿਰਿਆ ਨੂੰ 'ਇਲਹਾਮ' ਜਾਂ 'ਦੈਵੀ-ਆਵੇਸ਼' ਵਜੋਂ ਸਵੀਕਾਰ ਕਰਨ ਵਾਲੀ ਸਨਾਤਨੀ ਦ੍ਰਿਸ਼ਟੀ ਕਾਵਿ-ਸਿਰਜਨਾ ਨੂੰ ਅਜੇਹੀ ਰਹੱਸਮਈ, ਪਰਾ-ਮਨੁੱਖੀ ਅਤੇ ਅਚੇਤ ਸਿਰਜਨਾ ਵਜੋਂ ਪ੍ਰਵਾਨ ਕਰਦੀ ਹੈ, ਜਿਸਦਾ ਨਾ ਕੋਈ ਸੁਚੇਤ ਰਚਨਾਤਮਿਕ ਮਨੋਰਥ ਹੈ ਅਤੇ ਨਾ ਹੀ ਉਸਦਾ ਵਿਸ਼ਲੇਸ਼ਣ ਜਾਂ ਵਿਆਖਿਆ ਸੰਭਵ ਹੈ। ਇਸਦੇ ਉਲਟ ਮਾਰਕਸਵਾਦੀ

ਕਾਵਿ-ਚਿੰਤਨ ਕਾਵਿ-ਸਿਰਜਨਾ ਨੂੰ ਮਨੁੱਖ ਦੇ ਚੇਤਨ ਸਾਂਸਕ੍ਰਿਤਕ ਕਾਰਜ ਵਜੋਂ ਪ੍ਰਵਾਨ ਕਰਦਾ ਹੈ। ਜੁਝਾਰ ਕਵੀ ਇਸ ਗੱਲੋਂ ਸੁਚੇਤ ਹਨ ਕਿ ਕਾਵਿ-ਸਿਰਜਨਾ ਨਾ ਨਿਰੋਲ 'ਧੁਰੋਂ ਪ੍ਰਾਪਤ ਇਲਹਾਮ' ਹੈ ਅਤੇ ਨਾ ਸੁਚੇਤ ਸ਼ਿਲਪ ਘਾੜਤ, ਸਗੋਂ ਇਹ ਅਜੇਹਾ ਸੁਚੇਤ ਮਨੁੱਖੀ ਸੁਹਜਾਤਮਕ ਅਮਲ ਹੈ, ਜਿਸ ਦੀ ਸਿਰਜਣਾ ਸਮੇਂ ਕਵੀ ਦਾ ਸੰਪੂਰਨ ਆਪਾ—ਚੇਤਨ, ਅਰਧ-ਚੇਤਨ ਅਤੇ ਸਮੂਹਿਕ ਅਵਚੇਤਨ—ਕਾਰਜਸ਼ੀਲ ਹੁੰਦਾ ਹੈ। ਕਾਵਿ-ਸਿਰਜਣਾ ਨਾ ਸੁਚੇਤ ਘਾੜਤ ਜਿਹਾ ਯਾਂਤਰਿਕ ਅਮਲ ਹੈ, ਨਾ ਕਵੀ-ਮਨ ਦੀ ਇੱਛਾ ਤੋਂ ਮੁਕਤ ਸੁਤੇ-ਸਿਧ ਵਾਪਰਣ ਵਾਲੀ ਅਚੇਤ ਕਿਰਿਆ। ਸੁਰਜੀਤ ਪਾਤਰ ਦੇ ਸ਼ਬਦਾਂ ਵਿਚ 'ਸਿਰਜਣਾ ਦਾ ਕਾਰਜ ਰੇਲਵੇ ਦਾ ਟਾਈਮ ਟੇਬਲ ਨਹੀਂ, ਡੂੰਘੇ ਅਨੁਭਵਾਂ ਦਾ ਸ਼ਬਦਾਂ 'ਚ ਇਜ਼ਹਾਰ ਹੈ।' (**ਸਿਧਾਰਥ ਦੀ ਵਾਪਸੀ**, ਪੰਨਾ 3) ਸਿਰਜਣਾਤਮਿਕ ਛਿਣਾਂ ਵਿਚ ਕਵੀ ਲਈ ਕਿਸੇ ਬਾਹਰੀ ਆਲੰਬਨ ਦੀ ਜ਼ਰੂਰਤ ਨਹੀਂ ਰਹਿੰਦੀ, ਉਸਦੇ ਸੰਪੂਰਨ ਆਪੇ ਦੀ ਕਾਰਜਸ਼ੀਲਤਾ, ਆਂਤਰਿਕ ਇਕਾਗਰਤਾ ਅਤੇ ਤੀਬਰ ਅੰਤਰ-ਪ੍ਰੇਰਨਾ ਦੀ ਜ਼ਰੂਰਤ ਹੁੰਦੀ ਹੈ। ਸਿਰਜਣਾਤਮਿਕ-ਛਿਣਾਂ ਦੀ ਅਵਸਥਾ ਨਾ ਪੂਰਨ ਸਹਿਜ ਜਾਂ ਟਿਕਾਉ ਦੀ 'ਧਿਆਨੀ ਮੁਦਰਾ ਹੈ, ਨਾ ਸੁਚੇਤ ਮਨ ਦਾ ਯਾਂਤਰਿਕ ਅਮਲ, ਨਾ ਅਚੇਤ ਸਹਿਜ-ਕਿਰਿਆ, ਸਗੋਂ ਇਹ ਅੱਚਵੀ ਜੇਹੀ ਮਨੋਦਸ਼ਾ ਹੈ, ਜਿਸ ਵਿਚ ਤਨਾਉ ਤੇ ਆਨੰਦ ਦਾ ਰਣਵਾਂ-ਮਿਲਵਾਂ ਅਹਿਸਾਸ ਹੁੰਦਾ ਹੈ। ਕਵੀ ਮੋਹਨਜੀਤ ਦੇ ਸ਼ਬਦਾਂ ਵਿਚ, "ਬੇਸ਼ਕ ਇਹ ਮੇਰੀ ਹੀ ਗੱਲ ਹੈ ਕਿ ਕਵਿਤਾ ਲਿਖਣ ਲਈ ਰੋਂਅ ਬਣਾਉਂਦਾ ਹਾਂ, ਨਜ਼ਰ ਦੇ ਤੋੜੇ ਨੂੰ ਅੱਗ ਲਾਉਂਦਾ ਹਾਂ—ਖਿਆਲਾਂ ਦੀਆਂ ਫੁੱਲ ਝੜੀਆਂ ਚਲਾਉਂਦਾ ਹਾਂ 'ਘਰ ਫੂਕ ਤਮਾਸ਼ਾ ਦੇਖਣਾ' ਬਹੁਤ ਖ਼ੂਬਸੂਰਤ ਮੁਹਾਵਰਾ ਹੈ। ਕਵਿਤਾ ਲਿਖਦਾ ਮੈਂ ਇਵੇਂ ਹੀ ਕਰਦਾ ਹਾਂ, ਮਨ ਮਚਦਾ ਹੈ, ਤਨ ਸੜਦਾ ਹੈ, ਦਿਲ ਲੁੱਛਦਾ ਹੈ—ਤੇ ਫਿਰ ਜੋ ਆਨੰਦ ਆਉਂਦਾ ਹੈ ਤੁਹਾਡੀ ਸੌਂਹ ਦੱਸਿਆ ਨਹੀਂ ਜਾਂਦਾ।" (**ਤੁਰਦੇ ਫਿਰਦੇ ਮਸਖ਼ਰੇ**, ਪੰਨਾ 7) ਲੇਖਕ ਦਾ ਸਿਰਜਣੇਈ ਅਮਲ ਸਧਾਰਨ ਮਨੁੱਖੀ ਕਾਰ-ਵਿਹਾਰ ਤੋਂ ਵੱਖਰੀ ਕਿਸਮ ਦਾ ਚੇਤੰਨ ਅਮਲ ਹੈ, ਜਿਸਨੂੰ ਹਿਸਾਬ ਦੇ ਸੂਤਰਾਂ ਵਾਂਗ ਸਮਝਿਆ ਸਮਝਾਇਆ ਨਹੀਂ ਜਾ ਸਕਦਾ। ਸਿਰਜਣ ਪਲਾਂ ਵਿਚ ਕਵੀ ਮਨ ਵਿਚ ਕੀ ਕੁਝ ਵਾਪਰਦਾ ਹੈ ਇਸ ਦਾ ਦੋ-ਟੁੱਕ ਉੱਤਰ ਸੰਭਵ ਨਹੀਂ। ਇਸੇ ਲਈ ਅਕਸਰ ਕਾਵਿ-ਸਿਰਜਣ-ਪ੍ਰਕਿਰਿਆ ਨੂੰ ਗੂੰਗੇ ਦੁਆਰਾ ਗੁੜ ਦਾ ਸਵਾਦ ਦੱਸਣ ਵਰਗਾ ਰਹੱਸਮਈ ਅਮਲ ਮੰਨ ਲਿਆ ਜਾਂਦਾ ਹੈ। ਸਿਰਜਣ ਪਲਾਂ ਦੀ ਜਟਿਲ ਤੇ ਗੁੰਝਲਦਾਰ ਪ੍ਰਕਿਰਤੀ ਬਾਰੇ ਜੋਗਾ ਸਿੰਘ ਦਾ ਇਹ ਕਥਨ ਵਿਚਾਰਨ ਯੋਗ ਹੈ :

> ਜਿਸ ਸਥਿਤੀ ਵਿਚ ਆ ਕੇ ਮੈਂ ਕਵਿਤਾ ਲਿਖਦਾ ਹਾਂ, ਉਸਦਾ ਵਿਸ਼ਲੇਸ਼ਣ ਤਾਂ ਇਕ ਪਾਸੇ ਰਿਹਾ ਮੈਂ ਉਸਦਾ ਵਰਣਨ ਕਰਨ ਤੋਂ ਵੀ ਅਸੱਮਰਥ ਹਾਂ। ਉਸ ਵੇਲੇ ਦਾਂ ਮਾਨਸਿਕ ਘੋਲ ਤੇ ਉਸ ਵੇਲੇ ਚਲ ਰਹੀਆਂ ਮਾਨਸਿਕ ਕਿਰਿਆਵਾਂ ਕਵਿਤਾ ਰਚੇ ਜਾਂਣ ਤੋਂ ਪਿਛੋਂ ਭੁੱਲ ਜਾਂਦੀਆਂ ਹਨ। ਇਸ ਬਾਰੇ ਇਤਨਾ ਜ਼ਰੂਰ ਕਹਿ ਸਕਦਾ ਹਾਂ ਕਿ ਉਸ ਵਿਸ਼ੇਸ਼ ਸਮੇਂ ਵਿਚ ਕੰਮ ਕਰ ਰਿਹਾ ਮੇਰਾ ਮਨ ਬਾਕੀ ਹਰ ਸਮੇਂ ਵਿਚ ਕੰਮ ਕਰ ਰਹੇ ਮੇਰੇ ਮਨ ਨਾਲੋਂ ਭਿੰਨ ਹੁੰਦਾ ਹੈ। ਮੈਨੂੰ ਇਹ ਵੀ ਯਾਦ ਨਹੀਂ ਰਹਿੰਦਾ ਕਿ ਕਿਸ ਬਾਹਰੀ ਸ਼ਕਤੀ ਨੇ ਮੇਰੇ ਮਨ ਨੂੰ ਉਸ ਵਿਸ਼ੇਸ਼ ਅਵਸਥਾ ਵਿਚ ਪਹੁੰਚਾਇਆ ਹੈ।......ਇਸ ਦਾ ਅਰਥ ਇਹ ਵੀ ਨਹੀਂ ਕਿ ਮੈਂ



> ਬਿਲਕੁਲ ਅਚੇਤ ਅਵਸਥਾ ਵਿਚ ਲਿਖਦਾ ਹਾਂ। ਜਦੋਂ ਮੈਂ ਲਿਖ ਰਿਹਾ ਹੁੰਦਾ ਹਾਂ ਤਾਂ ਰਚੀ ਜਾ ਰਹੀ ਕਵਿਤਾ ਦੇ ਹਰ ਪੱਖ ਬਾਰੇ ਪੂਰਨ ਤੌਰ ਤੇ ਚੇਤੰਨ ਹੁੰਦਾ ਹਾਂ। ਇਹ ਵਿਸ਼ੇਸ਼ ਅਵਸਥਾ ਕਦ ਆਉਂਦੀ ਹੈ ਇਸ ਬਾਰੇ ਕੁਝ ਨਹੀਂ ਕਿਹਾ ਜਾ ਸਕਦਾ। ਮੈਂ ਕਈ ਕਵਿਤਾਵਾਂ ਬਰਨਾਲੇ ਤੋਂ ਪਿੰਡ ਜਾਂਦਿਆਂ ਰਾਹ ਵਿਚ ਲਿਖੀਆਂ ਹਨ, ਕੁਝ ਜਮਾਤ ਵਿਚ ਬੈਠਿਆਂ, ਸਿਨਮਾ ਦੇਖਦਿਆਂ, ਬੱਸ ਤੇ ਗੱਡੀ ਰਾਹੀਂ ਸਫ਼ਰ ਕਰਦਿਆਂ......। ਮਿਥ ਕੇ ਤੁਕਬੰਦੀ ਤਾਂ ਕੀਤੀ ਜਾ ਸਕਦੀ ਹੈ, ਪਰ ਕਵਿਤਾ ਨਹੀਂ। ਸਧਾਰਨ ਨਿੱਤ ਦੇ ਜੀਵਨ ਵਿਚ ਮੈਨੂੰ ਨਿੱਕੀ ਨਿੱਕੀ ਗੱਲ ਦਾ ਅਨੁਭਵ ਹੁੰਦਾ ਹੈ ਤੇ ਕਈ ਵਾਰੀ ਤਾਂ ਅਨੁਭਵ ਚੁਭਣ ਦੀ ਅਵਸਥਾ ਤੱਕ ਪੁੱਜਦਾ ਹੈ। ਮਨੋਵਿਗਿਆਨੀਆਂ ਦੇ ਮੱਤ ਅਨੁਸਾਰ ਸਾਰਾ ਕੁਝ ਸ਼ਾਇਦ ਅਚੇਤ-ਮਨ ਜਾਂ ਅਰਧ-ਚੇਤਨ ਮਨ ਵਿਚ ਇਕੱਠਾ ਹੁੰਦਾ ਰਹਿੰਦਾ ਹੈ ਤੇ ਫਿਰ ਕਿਸੇ ਵਿਸ਼ੇਸ਼ ਮੌਕੇ ਤੇ ਇਹ ਕੋਈ ਨਾ ਕੋਈ ਰੂਪ ਧਾਰਕੇ ਪ੍ਰਗਟ ਹੁੰਦਾ ਰਹਿੰਦਾ ਹੈ। (**ਕਰਕ ਕਲੇਜੇ ਮਾਂਹਿ**, ਪੰਨੇ 10-11)

ਸੁਰਜੀਤ ਪਾਤਰ ਕਵਿਤਾ ਨੂੰ 'ਅਰਧ-ਚੇਤਨ ਦੇ ਹਨੇਰੇ ਵਿਚ ਪਲਰਣ ਵਾਲਾ ਬਿਰਖ' ਕਹਿ ਕੇ ਸਿਰਜਣੇਈ ਅਮਲ ਵਿਚ ਸੁਚੇਤ ਮਨ ਦੇ ਨਾਲ ਨਾਲ ਅਰਧ-ਚੇਤਨ ਅਤੇ ਸਮੂਹਿਕ ਅਵਚੇਤਨ ਦੀ ਭਾਗੀਦਾਰੀ ਨੂੰ ਪ੍ਰਵਾਨ ਕਰਦਾ ਹੈ, "ਕਵਿਤਾ ਇਮਾਰਤ ਨਹੀਂ ਬਿਰਖ ਹੈ, ਅਰਧ-ਚੇਤਨ ਦਾ ਬਿਰਖ, ਮਨ ਦੇ ਹਨੇਰੇ ਵਿਚ ਚੁਪ-ਚਾਪ ਪਲਰਨ ਵਾਲਾ ਬਿਰਖ, ਆਤਮਾ ਦੀ ਅਨੁਭਵਸ਼ੀਲਤਾ ਪਰ ਅੰਨੀ ਇੱਛਾ ਦਾ ਬਿਰਖ, ਅਚੇਤ ਵਿਚ ਪਏ ਅਨੇਕਾਂ ਆਦਿਮ ਆਧੁਨਿਕ ਬਿੰਬਾਂ ਦਾ ਬਿਰਖ।" (**ਸਿਧਾਰਥ ਦੀ ਵਾਪਸੀ** (ਲੇਖਕ ਸ਼ਹਰ ਯਾਰ) ਪੰਨਾ 4)

ਜੁਝਾਰ ਕਵਿਤਾ ਵਿਚ ਕਾਵਿ-ਸਿਰਜਣਾ ਲਈ ਵਿਸ਼ੇਸ਼ ਮੂਡ, ਵਿਸ਼ੇਸ਼ ਮਾਹੌਲ ਅਤੇ ਬਾਹਰੀ ਆਲੰਬਨ ਦੀ ਪ੍ਰੇਰਨਾ ਦੀ ਰੁਮਾਂਟਿਕ ਧਾਰਨਾ ਦਾ ਨਕਾਰਣ ਵੀ ਹੋਇਆ ਹੈ। ਜੁਝਾਰ ਕਵਿਤਾ ਵਿਚ ਆਵੇਸ਼ ਦੀ ਵਿਆਖਿਆ ਤੀਬਰ ਅੰਤਰ-ਪ੍ਰੇਰਨਾ ਦੇ ਅਰਥਾਂ ਵਿਚ ਹੋਈ ਹੈ ਨਾ ਕਿ ਬਾਹਰੀ, ਦੈਵੀ ਪ੍ਰੇਰਨਾ ਦੇ ਪਰੰਪਰਕ ਅਰਥਾਂ ਵਿਚ। ਆਵੇਸ਼ ਨੂੰ ਉਤੇਜਿਤ ਮਨੁੱਖੀ ਮਨੋਦਸ਼ਾ ਵਜੋਂ ਪਰਿਭਾਸ਼ਤ ਕਰਦਾ ਹੋਇਆ ਅਮਰਜੀਤ ਚੰਦਨ ਲਿਖਦਾ ਹੈ ਕਿ, "ਮੈਂ 'ਕੁੜੀ ਤੇ ਨ੍ਹੇਰੀ' ਵਰਗੀਆਂ ਕੁਝ ਕਵਿਤਾਵਾਂ ਆਵੇਸ਼ ਅਵਸਥਾ ਵਿਚ ਲਿਖੀਆਂ ਹਨ ਜੋ ਵਧੇਰੇ ਸਰਲ ਅਤੇ ਕਾਮਯਾਬ ਹੁੰਦੀਆਂ ਹਨ। ਉਦੋਂ ਦਿਲ ਦੀ ਧੜਕਣ ਤੇਜ਼ ਹੋ ਜਾਂਦੀ ਹੈ ਤੇ ਤਲੀਆ ਵਿਚ ਤਰੇਲੀ ਦੀ ਕੰਬਣੀ ਛਿੜ ਜਾਂਦੀ ਹੈ।......ਇਸ ਅਵਸਥਾ ਤੋਂ ਬਾਅਦ ਕਵਿਤਾ ਦੀ ਸੋਧ ਇਸਲਾਹ ਦਾ ਕੰਮ ਕਵਿਤਾ ਦੀ ਦੁਨੀਆਂ ਤੋਂ ਕੋਈ ਬਾਹਰਲੀ ਸ਼ੈਅ ਜਾਂ ਅਣਕਾਵਿਕ ਕਾਰਜ ਹੁੰਦਾ ਹੈ। ਕਈ ਕਵਿਤਾਵਾਂ ਤਾਂ ਕਿੰਨਾ ਚਿਰ ਜ਼ਿਹਨ ਵਿਚ ਲਿਖ ਹੁੰਦੀਆਂ ਰਹਿੰਦੀਆਂ ਹਨ। 'ਸਾਈਕਲ ਚਲਾਉਂਦਿਆਂ' ਨਾਂ ਦੀ ਕਵਿਤਾ ਮੈਂ ਇੰਜ ਹੀ ਕਈ ਮਹੀਨੇ ਸਾਈਕਲ ਚਲਾਉਂਦਿਆਂ ਲਿਖੀ ਸੀ।" ("ਕਵਿਓਵਾਕ" **ਕਵਿਤਾਵਾਂ**, ਪੰਨੇ 77-73) ਸੰਖੇਪ ਵਿਚ, ਜੁਝਾਰ ਕਵੀਆਂ ਨੇ ਕਾਵਿ-ਸਿਰਜਣ-ਪ੍ਰਕਿਰਿਆ ਦੀ ਵਿਆਖਿਆ ਮਾਰਕਸਵਾਦੀ ਸਮਾਜ-ਸ਼ਾਸਤਰ ਅਤੇ ਆਧੁਨਿਕ ਮਨੋਵਿਸ਼ਲੇਸ਼ਣ-ਸ਼ਾਸਤਰ ਦੀਆਂ ਲੱਭਤਾਂ ਨੂੰ ਆਧਾਰ ਬਣਾ ਕੇ ਕੀਤੀ। ਮਾਰਕਸਵਾਦੀ ਚਿੰਤਨ ਤੋਂ ਪ੍ਰਾਪਤ ਅੰਤਰ-ਦ੍ਰਿਸ਼ਟੀ ਕਾਰਨ ਉਹ ਕਾਵਿ-ਸਿਰਜਨਾ ਨੂੰ ਮਨੁੱਖ ਦੀ ਕਿਰਤ-ਪ੍ਰਕਿਰਿਆ ਦੇ ਇਕ ਵਿਸ਼ੇਸ਼ ਰੂਪ ਵਜੋਂ ਪ੍ਰਵਾਨ ਕਰਦੇ

ਹਨ, ਜੋ ਸੂਖਮ, ਸੁਹਜਮਈ ਅਤੇ ਚੇਤੰਨ ਮਨੁੱਖੀ ਅਮਲ ਹੈ, ਕੋਈ ਦੈਵੀ-ਕਰਮ ਨਹੀਂ। ਫ਼ਰਾਇਡ ਅਤੇ ਯੁੰਗ ਦੇ ਮਨੋਵਿਗਿਆਨ ਦੇ ਪ੍ਰਭਾਵ ਕਾਰਨ ਉਹ ਕਾਵਿ-ਸਿਰਜਨਾ ਦੇ ਅਮਲ ਵਿਚ ਕਵੀ ਦੇ ਚੇਤਨ ਮਨ ਦੇ ਨਾਲ ਨਾਲ ਉਸਦੇ ਅਰਧ-ਚੇਤਨ ਅਤੇ ਸਮੂਹਿਕ-ਅਵਚੇਤਨ ਦੀ ਕਾਰਜਸ਼ੀਲਤਾ ਨੂੰ ਵੀ ਪ੍ਰਵਾਨ ਕਰਦੇ ਹਨ।

ਰਾਜਨੀਤਕ ਲਹਿਰ ਦੀ ਉਪਜ ਅਤੇ ਕ੍ਰਾਂਤੀ ਦੇ ਰਾਜਨੀਤਕ ਆਦਰਸ਼ ਨੂੰ ਸਮਰਪਿਤ ਹੋਣ ਕਾਰਨ ਜੁਝਾਰ ਕਵਿਤਾ ਦਾ ਤੇਵਰ ਰਾਜਸੀ ਵਧੇਰੇ ਅਤੇ ਸੁਹਜਾਤਮਕ ਘੱਟ ਸੀ। ਕਵੀ ਦੀ ਰਾਜਸੀ-ਭੂਮਿਕਾ ਅਤੇ ਸਮਾਜਕ ਸੰਘਰਸ਼ ਵਿਚ ਉਸਦੀ ਸਿੱਧੀ ਭਾਗੀਦਾਰੀ ਨੂੰ ਜ਼ਰੂਰੀ ਮੰਨਦੇ ਹੋਏ ਜੁਝਾਰ ਕਵੀਆਂ ਨੇ ਕਵੀ ਨੂੰ 'ਗੁਰੀਲੇ' ਅਤੇ ਕਵਿਤਾ ਨੂੰ 'ਸ਼ਾਸਤਰ' ਅਤੇ 'ਸ਼ਸਤਰ' ਦੇ ਪਰਿਆਏ ਵਜੋਂ ਸਵੀਕਾਰ ਕੀਤਾ। ਕਵਿਤਾ ਨੂੰ ਦਿੱਬਤਾ ਜਾਂ ਸਵੈ ਦੇ ਪ੍ਰਗਟਾਵੇ ਦੀ ਥਾਂ ਸਮਕਾਲੀ ਯਥਾਰਥ ਨੂੰ ਗਤੀਸ਼ੀਲ ਕਰਨ ਵਾਲੇ ਕ੍ਰਾਂਤੀਕਾਰੀ ਵਿਚਾਰਧਾਰਕ ਹਥਿਆਰ ਵਜੋਂ ਪਰਿਭਾਸ਼ਤ ਕੀਤਾ। ਸਮਕਾਲੀ ਜੀਵਨ ਵਿਚ ਭਾਰੂ ਬੁਰਜੂਆ ਸਭਿਆਚਾਰਕ ਮੁੱਲਾਂ ਅਤੇ ਵਿਸ਼ਵਾਸ਼ਾਂ ਦਾ ਸੁਚੇਤ, ਰੋਹਮਈ ਤਿਆਗ ਅਤੇ ਇਨਕਲਾਬੀ ਵਿਚਾਰਧਾਰਕ ਪੈਂਤੜੇ ਅਨੁਕੂਲ ਨਵੇਂ ਜੀਵਨ-ਮੁੱਲਾਂ ਦੀ ਸਿਰਜਣਾ ਜੁਝਾਰ ਕਵਿਤਾ ਦਾ 'ਹਾਸਿਲ' ਹੈ। ਆਪਣੇ ਸਭਿਆਚਾਰਕ ਵਿਰਸੇ ਦੇ ਉਸਾਰੂ ਪੱਖਾਂ ਦੀ ਪੁਨਰ-ਸਿਰਜਣ ਦੁਆਰਾ ਸਮਕਾਲੀ ਯਥਾਰਥ ਨੂੰ ਕ੍ਰਾਂਤੀਕਾਰੀ ਦਿਸ਼ਾ ਦੇਣ ਅਤੇ ਬੁਰਜੂਆ ਵਿਚਾਰਧਾਰਕ ਪੈਂਤੜੇ ਤੇ ਸੁਹਜ-ਸੰਕਲਪਾਂ ਨੂੰ ਚੁਣੌਤੀ ਦੇਣ ਕਰਕੇ ਜੁਝਾਰ ਕਵਿਤਾ ਦਾ ਆਪਣਾ ਇਤਿਹਾਸਕ ਮਹੱਤਵ ਹੈ। ਜੁਝਾਰ ਕਵਿਤਾ ਦੀ ਕ੍ਰਾਂਤੀਕਾਰੀ ਭੂਮਿਕਾ ਬੁਰਜ਼ੂਆ ਸਭਿਆਚਾਰਕ ਕੀਮਤਾਂ ਅਤੇ ਸੁਹਜ-ਸੰਕਲਪਾਂ ਨਾਲ ਦ੍ਰਿੜ ਦਸਤਪੰਜਾ ਲੈਣ ਕਰਕੇ ਹੈ। ਮਾਰਕਸਵਾਦੀ ਕਲਾ ਚਿੰਤਕਾਂ ਨੇ 'ਬੁਰਜ਼ੁਆਜੀ ਨੂੰ ਉਸਦੀ ਕਲਾ ਤੋਂ ਨਹੀਂ, ਉਸਦੇ ਕਲਾ-ਸੰਕਲਪਾਂ ਤੋਂ ਵਾਂਝਿਆਂ ਕਰਨ ਨੂੰ, ਕ੍ਰਾਂਤੀਕਾਰੀ ਤਰਕ ਦੀ ਪਹਿਲੀ ਸ਼ਰਤ (pre-condition) ਕਿਹਾ ਹੈ'। ਸਮਕਾਲੀ ਪੰਜਾਬੀ ਕਵਿਤਾ ਵਿਚ ਇਹ ਕ੍ਰਾਂਤੀਰਾਰੀ ਭੂਮਿਕਾ, ਨਿਰਸੰਦੇਹ, ਜੁਝਾਰ ਕਵੀਆਂ ਨੇ ਹੀ ਨਿਭਾਈ।

(ਸਮਾਪਤ)

---

1. ਯਾਤਰੀ ਦੀ ਅੱਖ (ਸਫ਼ਰਨਾਮਾ) ਹਰਭਜਨ ਸਿੰਘ ਹੁੰਦਲ, ਪੰਨੇ 148, ਮੁੱਲ 100/- ਰੁ: ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ।
2. ਕਾਗ ਸਮੇਂ ਦਾ ਬੋਲਿਆ (ਕਵਿਤਾਵਾਂ ਤੇ ਗੀਤ-ਨਾਟ), ਤੇਰਾ ਸਿੰਘ ਚੰਨ, ਪੰਨੇ 176, ਮੁੱਲ 75/- ਰੁ:, ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ, ਚੰਡੀਗੜ੍ਹ।
3. ਇਰਾਵਤੀ ਸੁਣਦੀ ਰਹੀ (ਕਵਿਤਾ), ਬਲਵਿੰਦਰ ਰਿਸ਼ੀ, ਪੰਨੇ 148, ਮੁੱਲ 100/- ਰੁ: ਅੰਗਦ ਪਬਲੀਕੇਸ਼ਨ, ਜਲੰਧਰ।
4. ਜੜ੍ਹਾਂ (ਕਵਿਤਾ), ਅਮਰਜੀਤ ਚੰਦਨ, ਪੰਨੇ 112, ਮੁੱਲ 100/- ਰੁ:, ਈਜ਼ਥੈਟਿਕ ਪਬਲੀਕੇਸ਼ਨ, ਲੁਧਿਆਣਾ।
5. ਜ਼ਮੀਨ ਤੇ ਜਵਾਨੀ (ਮਿੰਨੀ ਕਹਾਣੀਆਂ), ਬਲਵੀਰ ਪ੍ਰਵਾਨਾ, ਪੰਨੇ 80, ਮੁੱਲ 50/- ਰੁ., ਜ਼ਿੰਦਗੀ ਪ੍ਰਕਾਸ਼ਨ, ਚਨੌਰ।



## ਦੋ ਗ਼ਜ਼ਲਾਂ/ਪ੍ਰੋ: ਜਸਪਾਲ ਘਈ

### 1.

ਸਾਂਭ ਆਪਣੇ ਦਿਲ ਦੇ ਅੰਦਰ ਸਹਿਰਾ ਕੁਈ।
ਭਟਕਦਾ ਸੀ ਥਾਂ ਕੁਥਾਵੇਂ ਦਰਿਆ ਕੁਈ।

ਉਗਮਿਆਂ ਤਾਂ ਸੀ ਦਿਲ ਅੰਦਰ ਜਜ਼ਬਾ ਕੁਈ।
ਸ਼ਬਦ ਜਿਸ ਲਈ ਘੜ ਸਕੇ ਨਾਂ ਫਿਕਰਾ ਕੁਈ।

ਮੈਂ ਜਦੋਂ ਹੁੰਨਾਂ ਇਕੱਲਾ ਤਨਹਾਈ ਵਿਚ,
ਜਾਪਦੈ ਅੰਗ-ਸੰਗ ਉਦੋਂ ਵੀ ਚਿਹਰਾ ਕੁਈ।

ਇਸ ਤਰ੍ਹਾਂ ਮਹਿਸੂਸ ਹੁੰਦੈ ਅਕਸਰ, ਜਿਵੇਂ
ਪੱਥਰਾਂ ਦੇ ਮੀਂਹ 'ਚ ਹੋਵੇ ਸ਼ੀਸ਼ਾ ਕੁਈ।

ਤੂੰ ਚੁਰਸਤੇ ਤੇ ਹੀ ਮਿਲਿਆ, ਮਿਲਿਆ ਜਦੋਂ,
ਹਰ ਦਫ਼ਾ ਸੁੱਝਾ ਨਾ ਮੈਨੂੰ ਰਸਤਾ ਕੁਈ।

### 2.

ਖ਼ਿਜ਼ਾਵਾਂ ਚਮਨ ਅੰਦਰ, ਨਾ ਜਾਣੇ ਕਦੋਂ ਤੋਂ ਹਨ।
ਬਹਾਰਾਂ ਘਰੋਂ ਬੇਘਰ, ਨਾ ਜਾਣੇ ਕਦੋਂ ਤੋਂ ਹਨ।

ਗੁਆਚੇ ਹਸੀਂ ਮੰਜ਼ਰ, ਨਾ ਜਾਣੇ ਕਦੋਂ ਤੋਂ ਹਨ।
ਨਿਗਾਹਾਂ ਇਹੇ ਬੰਜਰ, ਨਾ ਜਾਣੇ ਕਦੋਂ ਹਨ।

ਨਾ ਅਥਰੂ ਇਹੇ ਪੂੰਝਣ, ਨਾ ਗ਼ਮ ਨੂੰ ਇਹੇ ਸਮਝਣ,
ਬਣੇ ਲੋਕ ਇਹ ਪੱਥਰ, ਨਾ ਜਾਣੇ ਕਦੋਂ ਤ ਂ ਹਨ।

ਲਕੀਰਾਂ ਸਲਾਮਤ ਹਨ, ਤਲੀ ਤੇ ਲਕੀਰਾਂ ਬਸ,
ਇਨ੍ਹਾਂ ਚੋਂ ਮਿਟੇ ਅੱਖਰ, ਨਾ ਜਾਣੇ ਕਦੋਂ ਤੋਂ ਹਨ।

ਸਫ਼ਰ ਵਿਚ ਹੈ ਤਨ ਸਾਡਾ, ਸਫ਼ਰ ਵਿਚ ਹੈ ਮਨ ਸਾਡਾ,
ਕਿ ਪੈਰਾਂ 'ਚ ਇਹ ਚੱਕਰ, ਨਾ ਜਾਣੇ ਕਦੋਂ ਤੋਂ ਹਨ।

ਜ਼ੁਬਾਨਾਂ 'ਚ ਹੈ ਮਿਸ਼ਰੀ, ਬਿਆਨਾਂ 'ਚ ਹੈ ਅਪਣਤ,
ਮਨਾਂ ਵਿਚ ਮਗਰ ਵਿਸ਼ੀਅਰ, ਨਾ ਜਾਣੇ ਕਦੋਂ ਤੋਂ ਹਨ।

ਆਰ.ਐਸ.ਡੀ. ਕਾਲਜ,
ਫਿਰੋਜ਼ਪੁਰ

## ਗ਼ਜ਼ਲ/ਮੱਖਣ 'ਕੁਹਾੜ'

ਜ਼ਿੰਦਗੀ ਤੇਰਾ ਕੇਹਾ ਦਸਤੂਰ ਹੈ।
ਹਰ ਕੋਈ ਤੜਪਣ ਲਈ ਮਜ਼ਬੂਰ ਹੈ।

ਅੰਬ ਟਪਕਣਗੇ ਇਹ ਪੱਕੀ ਗੱਲ ਨਹੀਂ,
ਹਾਂ, ਪਿਆ ਅੰਬਾਂ ਨੂੰ ਭਰਵਾਂ ਬੂਰ ਹੈ!

ਦਿਲ ਜਿਗਰ ਸਾਡਾ ਪੁਰਾਣਾ ਮੋੜ ਦੇ,
ਅਣਖਹੀਣੀ ਸਾਂਝ ਨਾ-ਮਨਜ਼ੂਰ ਹੈ।

ਕੋਸਣੈ ਤਾਂ ਕੋਸ ਖੁਦ ਨੂੰ ਐ ਦਿਲਾ,
ਇਹ ਖੁਦਾ ਤਾਂ ਕਲਪਣਾ ਦੀ ਧੂੜ ਹੈ।

ਕਿਉਂ ਨਸੀਬਾਂ ਤੇ ਗਿਲਾ ਕੋਈ ਕਰਾਂ.
ਹਰ ਨਸੀਬਾ ਆਪਣਾ ਮਸ਼ਕੂਰ ਹੈ।

ਮਲ੍ਹਮ ਕੋਈ ਕਾਰਆਮਦ ਨਾਂ ਹੋਈ,
ਬਣ ਗਿਆ ਹਰ ਇਕ ਜ਼ਖ਼ਮ ਨਾਸੂਰ ਹੈ।

ਆਪਣੇ ਹੀ ਵਤਨ ਵਿਚ ਬੇ-ਵਤਨ ਹਾਂ,
ਹੋ ਗਿਆ ਘਰ ਪਿੰਡ ਤੋਂ ਜੋ ਦੂਰ ਹੈ।

ਬਣ ਗਿਆ ਰਾਵਣ ਹੈ ਵਾਰਸ ਰਾਮ ਦਾ,
ਫਿਰ ਅਯੁਧਿਆ ਰੋਣ ਲਈ ਮਜ਼ਬੂਰ ਹੈ।

ਕਿਉਂ ਨੇ ਸਾਡੇ ਵਾਸਤੇ ਦੁਸ਼ਵਾਰੀਆਂ,
ਕਿਉਂ ਇਹ ਘਰ ਮਜ਼ਬੂਰੀਆ ਭਰਪੂਰ ਹੈ?

## ਗ਼ਜ਼ਲ/ਜਸਵਿੰਦਰ

ਅੱਖਾਂ ਨੂੰ ਚੁਗਣੇ ਪੈਣ ਅੰਗਿਆਰੇ ਕਦੇ ਕਦੇ।
ਦਿੰਦੇ ਤਸੱਲੀ ਅੱਥਰੂ ਖਾਰੇ ਕਦੇ ਕਦੇ।

ਧਰਤੀ ਤੇ ਆਉਂਦੇ ਟੁੱਟ ਕੇ ਤਾਰੇ ਕਦੇ ਕਦੇ।
ਚਲਦੇ ਸਿਰਾਂ ਦੀ ਫਸਲ ਤੇ ਆਰੇ ਕਦੇ ਕਦੇ।

ਧੁਖਦੇ ਖ਼ਤਾਂ ਤੇ ਕਿਸ ਤਰ੍ਹਾਂ ਤੇਰਾ ਪਤਾ ਲਿਖਾਂ,
ਲਗਦੇ ਨੇ ਅੱਖਰ ਪਰਬਤੋਂ ਭਾਰੇ ਕਦੇ ਕਦੇ।

ਯਾਰਾਂ ਦੀ ਇਸ ਦਰਗਾਹ ਤੇ ਗੋਡਾ ਨਿਵਾ ਕੇ ਜਾਹ,
ਏਥੇ ਤਾਂ ਗੋਡੀ ਚੰਨ ਵੀ ਮਾਰੇ ਕਦੇ ਕਦੇ।



ਉਹਨਾਂ ਦਾ ਕਰਕੇ ਕੌਲ ਨਾ ਆਉਣਾ, ਹੈ ਤਾਂ ਬੁਰਾ
ਚੰਗੇ ਨੇ ਲਗਦੇ ਆਉਣ ਦੇ ਲਾਰੇ ਕਦੇ ਕਦੇ।

ਤੂੰ ਕਤਲਗਾਹਾਂ ਸੂਲੀਆਂ ਬਾਰੇ ਹੀ ਲਿਖ ਰਿਹੈਂ,
ਲਿਖਿਆ ਵੀ ਕਰ ਗੁਲਦੌਦੀਆਂ ਬਾਰੇ ਕਦੇ ਕਦੇ।

ਹੁੰਦੀ ਹਵਾ ਦੀ ਮਾਰ ਕੀ ਜੰਗਲ ਹੀ ਜਾਣਦੇ,
ਝੜਦੇ ਨੇ ਪੱਤ ਸਾਰੇ ਦੇ ਸਾਰੇ ਕਦੇ ਕਦੇ।

ਸ਼ਾਇਰ ਦੀ ਕਾਨੀ ਵਕਤ ਦਾ ਪਹੀਆ ਘੁਮਾ ਦਵੇ,
ਕੁਝ ਇਸ ਤਰ੍ਹਾਂ ਦੇ ਹੋਣ ਵਰਤਾਰੇ ਕਦੇ ਕਦੇ।

## ਗ਼ਜ਼ਲ/ਦੇਵ ਰਾਉਕੇ

ਇਹਨੂੰ ਕੋਈ ਖ਼ਰਾ ਸਮਝੇ, ਭਲਾ ਸਮਝੇ, ਬੁਰਾ ਸਮਝੇ।
ਉਹ ਪਾਗਲ ਹੈ ਮੇਰੀ ਨਜ਼ਰੇ, ਜੋ ਖੋਟੇ ਨੂੰ ਖ਼ਰਾ ਸਮਝੇ।

ਰਵੇ ਇਖ਼ਲਾਕ ਨੂੰ ਖ਼ਤਰਾ, ਰਵੇ ਖਤਰਾ ਹਿਫਾਜ਼ਤ ਨੂੰ,
ਕਰੀ ਮਹਿਲਾਂ ਜਦੋਂ ਜ੍ਹਿਵੀ ਢੁੱਗੀਆਂ ਉੱਤੇ ਦਯਾ ਸਮਝੇ!

ਵਤੀਰਾ ਵੇਖ ਮਾਲੀ ਦਾ, ਕਿਹਾ ਘੁੱਗੀਆਂ ਗੁਟਾਰਾਂ ਨੇ,
ਅਸੀਂ ਹੱਕ ਲੈਕੇ ਹੱਟਣਾ ਹੈ, ਨਾ ਉਹ ਖ਼ੁਦ ਨੂੰ ਖ਼ੁਦਾ ਸਮਝੇ।

ਬਣੇ ਸਾਰਾ ਜ਼ਮਾਨਾ ਮਿੱਤਰਾਂ ਦਾ ਮਿੱਤਰੋ ਜੇਕਰ
ਹਰਿਕ ਬੰਦਾ, ਹਰਿਕ ਬੰਦੇ ਨੂੰ ਜੇਕਰ ਆਪਣਾ ਸਮਝੇ।

ਲੜੋ ਇਨਸਾਫ ਦੀ ਖ਼ਾਤਿਰ, ਜੋ ਸਭ ਦਾ ਫਰਜ਼ ਬਣਦਾ ਹੈ,
ਝੁਕਾਉਣੈ ਜਬਰ ਹਰ ਜਾਬਰ ਅਸਾਡਾ ਫੈਸਲਾ ਸਮਝੇ।

ਜਦੋਂ ਉੱਖਲੀ ਚਿ ਸਿਰ ਦਿਤੈ ਤਾਂ ਡਰ ਫਿਰ ਮੋਹਲਿਆਂ ਦਾ ਕੀ?
ਰਹੋ ਸਿਰੜੀ ਸਿਤਮਗਰ ਇਹ ਤੁਹਾਡਾ ਫੈਸਲਾ ਸਮਝੇ।

ਭਾਵੇਂ ਇਹ ਜ਼ਿੰਦਗੀ ਯਾਰੋ, ਹਸੀਂ ਧੋਖਾ, ਨਜ਼ਰ ਆਉਂਦੈ,
ਸਿਵੇ ਤਕ ਜੀਣ ਦੀ ਬੰਦੇ ਦੀ ਬੰਦਾ ਲਾਲਸਾ ਸਮਝੇ।

ਸਿਤਮ ਦਿਲਦਾਰ ਦਾ ਵੇਖੋ, ਸਿਤਮ ਕੁਝ ਇਸ ਤਰ੍ਹਾਂ ਕਰਦੈ,
ਦਵਾ ਨੂੰ ਜ਼ਹਿਰ ਸਮਝੇ ਤੇ ਦੁਆਲੇ ਨੂੰ ਬਦ-ਦੁਆ ਸਮਝੇ।

ਦਿਖਾਈ ਦੇ ਰਹੇ ਹਨ, ਚਿੱਟੇ ਕਾਲੇ ਨੀਲੇ ਬੱਦਲ ਜੋ,
ਇਹ ਕਹਿਣਾ ਦੇਵ ਦੈ ਇਹਨਾਂ ਨਈਂ ਹੁਣ ਵਰਸਣਾ ਸਮਝੇ।

(ਬਰਨਾਲਾ ਰੋਡ, ਨਿਹਾਲ ਸਿੰਘ ਵਾਲਾ, ਫਰੀਦਕੋਟ)

## ਗ਼ਜ਼ਲ/ਦਿਲਸ਼ਾਦ ਅਹਿਮਦ ਚੰਨ/ਫ਼ੈਜ਼ਲਾਬਾਦ

ਖ਼ੁਦ-ਗਰਜ਼ੀ ਦੇ ਜਿੰਦੇ ਲੱਗੇ, ਜੰਗ-ਆਲੂਦ ਜ਼ਮੀਰਾਂ ਨੂੰ।
ਮੁਜਰਮ ਖੁੱਲ੍ਹੇ ਫਿਰਦੇ ਨੇ ਤੇ ਫਾਹੀਆਂ ਬੇਤਕਸੀਰਾਂ ਨੂੰ।

ਸੱਚ ਦੀ ਲੀਕ ਤੇ ਅੱਡੀਆਂ ਰੱਖਕੇ ਮਾਰੇ ਜਿਨ੍ਹਾਂ ਛੜੱਪੇ,
ਲਾਗੂ ਕੀਤਾ ਉਹਨਾਂ ਉੱਤੇ, ਵੇਲੇ ਨੇ ਤਹਿਜ਼ੀਰਾਂ ਨੂੰ।

ਤੈਨੂੰ ਰਾਂਝੇ, ਚੂਰੀ ਕੁੱਟ ਕੇ ਹੀਰ ਖਵਾਵੇ ਕਿੱਥੋਂ,
ਹੁਣ ਤੇ ਰੋਟੀ ਔਖੀ ਲੱਭਦੀ ਇਹਨਾਂ ਭੁੱਖੀਆਂ ਹੀਰਾਂ ਨੂੰ।

ਜਾਂ ਤੇ ਉੱਡ ਯਕੀਨ ਗਏ ਨੇ, ਜਾਂ ਬੰਦੇ ਉਹ ਕਾਮਿਲ ਨਾ,
ਮੇਰੀ ਆਸ ਤੇ ਨਹੀਂ ਹੈ ਪੁੰਨੀ ਪੁੱਛਿਆ ਪੀਰ ਫਕੀਰਾਂ ਨੂੰ।

ਸੀਨੇ ਉੱਤੇ ਤਮਗੇ ਸਜਦੇ, ਉਹਨਾਂ ਗੈਰਤ-ਮੰਦਾਂ ਦੇ,
ਗਹਿਣਾ ਸਮਝਕੇ ਪਾਉਂਦੇ ਜਿਹੜੇ ਹੱਥਾਂ ਵਿਚ ਜ਼ੰਜੀਰਾਂ ਨੂੰ।

ਇਕ ਦੇ ਘਰ ਵਿਚ ਅੰਤ ਨਹੀਂ ਤੇ ਇਕ ਦੇ ਘਰ ਵਿਚ ਫਾਕੇ ਨੇ,
ਸੋਹਣਿਆ ਰੱਬਾ ਕਿੱਥੇ ਬਹਿ ਕੇ ਲਿਖਿਆ ਤੂੰ ਤਕਦੀਰਾਂ ਨੂੰ।

ਜ਼ਾਲਿਮ ਸ਼ਿਕਰੇ ਭੈੜੀ ਨਜ਼ਰੇ, ਚਿੜੀਆਂ ਨੂੰ ਤਦ ਵਿਹੰਦੇ 'ਚੰਨ'
ਕਾਗਤ ਚੁਗਦਿਆਂ ਠੀਕ ਕਰਨ ਜਦ ਇਹ ਚੁੰਨੀ ਦੀਆਂ ਲੀਰਾਂ ਨੂੰ।

('ਪੰਜਾਬੀ ਅਦਬੀ ਬੈਠਕ', ਰਹੀਮ ਯਾਰ ਖ

## ਗ਼ਜ਼ਲ/ਆਸ਼ਕ ਅਲੀ ਫ਼ੈਸਲ

ਰਾਤਾਂ ਦੀ ਗੱਲ ਕੀ ਹੈ ਕਰਨੀ, ਦਿਨ ਵੀ ਘੋਰ ਹਨੇਰੇ ਨੇ।
ਜ਼ਾਲਮ ਜ਼ੁਲਮ ਦੀ ਸੂਲੀ ਚਾੜ੍ਹੇ, ਸਾਡੇ ਸੁੱਖ, ਸਵੇਰ ਨੇ।

ਇਸਤੋਂ ਵੱਧ ਹੁਣ ਹੋਰ ਤਰੱਕੀ, ਭਲਾ ਅਸਾਡੀ ਕੀ ਹੋਣੀ,
ਜਿੰਨੇ ਵੀ ਰਹਿਬਰ ਨੇ ਸਾਡੇ, ਡਾਕੂ, ਚੋਰ, ਲੁਟੇਰੇ ਨੇ।

ਏਦੂ ਵਧ ਕੇ ਉਲਟ ਜ਼ਮਾਨਾ, ਹੋਰ ਭਲਾ ਕੀ ਹੋਵਗਾ?
ਫਨੀਅਰ ਫਿਰਨ ਬਜ਼ਾਰੀਂ ਖੁੱਲ੍ਹੇ, ਅੰਦਰ ਕੈਦ ਸਪੇਰੇ ਨੇ।

ਕਿੰਝ ਭੁਲਾਈਏ ਭਗਤ, ਖਰਲ ਤੇ ਦੁੱਲੇ ਜਹੇ ਸਰਦਾਰਾਂ ਨੂੰ,
ਉਹਨਾਂ ਕਰਕੇ ਸ਼ਾਨ ਅਸਾਡੀ, ਸਾਡੀ ਟੌਅਰ ਵਧੇਰੇ ਨੇ।

ਸਾਡੀ ਹਿੰਮਤ ਸਦਕਾ ਵੇਖੀਂ, ਇਕ ਦਿਨ ਆ ਕੇ ਤੂੰ 'ਫ਼ੈਸਲ'
ਡਿੱਗੇ ਹੋਏ ਮਾਣ ਅਸਾਡੇ, ਹੋਣੇ ਅੰਤ ਉਚੇਰੇ ਨੇ।

(ਪਾਕਿਸਤਾ





## ਇੱਲ ਕੋਕੋ/ਇਲਿਆਸ ਘੁੰਮਣ

ਉਹਨਾਂ ਦੇ ਹੱਥਾਂ ਵਿਚ ਝੰਮ ਝੰਮ ਕਰਦੀਆਂ ਛਵੀਆਂ ਕੁਹਾੜੀਆਂ ਤੇ ਮਨਾਂ ਵਿਚ ਅੰਨ੍ਹਾਂ ਕਹਿਰ ਕਰੋਧ ਸੀ। ਉਹਨਾਂ ਦਿਆਂ ਮੂੰਹਾਂ ਵਿਚੋਂ ਮੰਦੇ ਬੋਲ ਉਬਲ ਉਬਲ ਪੈਂਦੇ ਸਨ ਤੇ ਅੱਖਾਂ ਵਿਚੋਂ ਖ਼ੂਨ ਪਿਆ ਡੁੱਲ੍ਹਦਾ ਸੀ। ਚਾਨਣੀ ਰਾਤ ਵਿਚ ਪਿੰਡ ਤੋਂ ਦੋ ਕਿਲੇ ਹੱਟਵੀਂ ਬਣੀ ਪੱਕੀ ਹਵੇਲੀ ਵਲ ਜਾਂਦਿਆਂ ਉਹਨਾਂ ਦੇ ਪੈਰ ਤਰਿਖੇ ਤੇ ਇਰਾਦੇ ਚੋਖੇ ਖ਼ਤਰਨਾਕ ਜਾਪਦੇ ਸਨ। ਜਿਓਂ ਜਿਓਂ ਇਹ ਹਵੇਲੀ ਉਹਨਾਂ ਦੇ ਲਾਗੇ ਆ ਰਹੀ ਸੀ, ਉਹਨਾਂ ਦਾ ਜੋਸ਼ ਮਿਓਂਦਾ ਨਹੀਂ ਸੀ ਸਹੀ ਹੋਂਦਾ। ਪੈਰਾਂ ਥੱਲੇ ਪੈਲੀਆਂ ਰੋਲਦੇ ਓੜਕ ਉਹ ਆਪਣੇ ਨਿਸ਼ਾਨੇ ਉੱਤੇ ਅੱਪੜ ਈ ਗਏ। ਆਪਣੇ ਸਾਹਵੇਂ ਪੱਕੀ ਹਵੇਲੀ ਦੇ ਬਾਹਰਲੇ ਕਵਾੜ ਬੰਦ ਹੋਏ ਵੇਖ ਕੇ ਤੇ ਉਹਨਾਂ ਨੂੰ ਜਿਵੇਂ ਝੱਲ ਈ ਕੁੱਦ ਗਿਆ। ਉਹ ਸਾਰੇ ਲੰਮੀ ਚੌੜੀ ਹਵੇਲੀ ਦੇ ਆਲੇ ਦੁਆਲੇ ਖਿਲਰ ਗਏ ਤੇ ਮੁਰਦਾਰ ਨੂੰ ਚੰਬੜੀਆਂ ਗਿਰਝਾਂ ਵਾਂਗੂ ਉਹਦੀਆਂ ਕੰਧਾਂ ਉੱਤੇ ਝਪੱਟੇ ਮਾਰਨ ਲੱਗ ਪਏ, ਪਰ ਹਵਲੀ ਦੀ ਉੱਚੀ ਵਲਗਣ ਉਹਨਾਂ ਦੀ ਕੋਈ ਪੇਸ਼ ਨਹੀਂ ਜਾਣ ਦੇ ਰਹੀ ਸੀ। ਏਨੇ ਵਿਚ ਈ ਉੱਥ ਇਕ ਲੰਮੀ ਪੌੜੀ ਵਾਲਾ ਵੀ ਆ ਗਿਆ ਤੇ ਮੁੜ ਥੋੜ੍ਹੇ ਚਿਰ ਮਗਰੋਂ ਈ ਉਹ ਸਾਰੇ ਹਵਲੀ ਦ ਅੰਦਰ ਸਨ। ਹੁਣ ਮਾੜੇ ਬੂਹੇ ਟੁੱਟ ਰਹੇ ਸਨ ਤੇ ਤਗੜੇ ਚੁਗਾਠਾ ਤੋਂ ਉਖੜ ਰਹੇ ਸਨ। ਭੱਜਣ ਵਾਲੇ ਭਾਂਡੇ ਥੱਬਰੋ ਥੱਬਰ ਹੋ ਰਹੇ ਸਨ ਤੇ ਨਾ ਭੱਜਣ ਵਾਲੇ 'ਡਿਗ ਡਿਗ ਚਿੱਬੇ ਹੋ ਰਹੇ ਸਨ, ਇਹਦੇ ਨਾਲ ਈ ਪਸਾਰਾਂ ਵਿਚੋਂ ਵਧੀਆ ਵਧੀਆ ਵਸਤਾ ਕੱਠੀਆ ਹੋ ਰਹੀਆਂ ਸਨ।

ਉਹਨਾਂ ਵਿਚੋਂ ਇਕ ਜਿਹਦੇ ਹੱਥ ਵਿਚ ਮਿਸ਼ਾਲ ਸੀ ਤੇ ਹੋਠਾਂ ਉੱਤੇ ਜ਼ਹਿਰੀ ਮੁਸਕਾਨ ਸੀ, ਉਹ ਚੌਂਤਰੇ ਉੱਤੇ ਖਲੋ ਕੇ ਉੱਚੀ ਸਾਰੀ ਬੋਲਿਆ, "ਗ਼ਾਜ਼ੀਓ ! ਅੱਲਾਹ ਨੇ ਇਸ ਮੁਲਕ ਸੇ ਕੁਫ਼ਰ ਕੋ ਮੱਲੀਆਮੇਟ ਕਰਨੇ ਕਾ ਫ਼ਰਜ਼ ਤੁਮਹੇਂ ਸੌਂਪਾ ਹੈ। ਜੋ ਕੋਈ ਏਕ ਕਾਫ਼ਰ ਕੋ ਜਹੰਨਮ ਰਸੀਦ ਕਰੇਗਾ, ਵਹ ਖ਼ੁਦ ਸੀਧਾ ਜੰਨੱਤ ਮੇਂ ਜਾਏਗਾ —ਇਧਰ ਦੇਖੋ ਯੇਹ ਦਰਵਾਜ਼ਾ ਅੰਦਰ ਸੇ ਬੰਦ ਮਾਅਲੂਮ ਪੜਤਾ ਹੈ ?"

ਉਹ ਸਾਰੇ ਜਿਹੜੇ ਛੋਟੇ ਛੋਟੇ ਵਾ-ਵਰੋਲਿਆਂ ਵਾਂਗ ਹਵੇਲੀ ਦੇ ਪਸਾਰਾਂ ਤੇ ਵਿਹੜ ਵਿਚ ਥਾਂ ਥਾਂ ਧੂੜ ਧੁੰਮਾ ਰਹੇ ਸਨ, ਉਹ ਹੁਣ ਇਕ ਪੱਰਾ ਬਣਾ ਕੇ ਨਿੱਕੀ ਇੱਟ ਨਾਲ ਬਣੇ ਹਵਲੀ ਦੇ ਉਸ ਸਭ ਤੋਂ ਮਜ਼ਬੂਤ ਕਮਰੇ ਵਲ ਵਧੇ। ਫੇਰ ਬੇ-ਹਿਸਾਬੀਆਂ ਕੁਹਾੜੀਆਂ ਉਹਦੇ ਬੂਹ ਉੱਤੇ ਵੱਜੀਆਂ। ਇਸ ਬੂਹੇ ਦੇ ਭਿੱਤਾਂ ਉੱਤੇ ਲੋਹੇ ਦੀਆਂ ਮੋਟੀਆਂ ਪੱਟੀਆਂ ਦਾ ਜਾਲ ਇੰਜ ਜੜਿਆ ਹੋਇਆ ਸੀ ਕਿ ਉਹਨੂੰ ਵੱਜਣ ਵਾਲੇ ਤਿੱਖੇ ਹਥਿਆਰ ਖੁੰਡੇ ਹੋਂਦੇ ਗਏ, ਪਰ ਓਹ ਆਪਣੀ ਥਾਂ ਤੇ ਹਿੱਕ ਡਾਹ ਕੇ ਖਲੋਤਾ ਰਿਹਾ। ਅਚਨਚੇਤ ਇਕ ਆਵਾਜ਼ ਆਈ, "ਪਰਾਹ ਹੱਟ ਜਾਓ, ਪਰਾਹ ਹੱਟ ਜਾਓ, ਭਲਾਨੀ ਵਿਚੋਂ ਬੜੇ ਕੰਮ ਦੀ ਸ਼ੈ ਲੱਭੀ ਏ, ਵੇਖਣਾ ! ਜਦੋਂ ਅੱਗ ਦੇ ਲੰਬੂ ਨਿਕਲੇ ਤੇ ਇਹ ਬੂਹਾ ਆਪਣੇ ਆਪ ਕਿੰਜ ਖੁੱਲ੍ਹਦਾ ਏ।"

ਇਹਦੇ ਨਾਲ ਈ ਦੋ ਜਣੇ ਜਿਹਨਾਂ ਰਲ ਕੇ ਇਕ ਭਾਰਾ ਪੀਪਾ ਚੁੱਕਿਆ ਹੋਇਆ ਸੀ ਬਰੂੰਹਾਂ, ਚੁਗਾਠਾਂ ਤੇ ਭਿੱਤਾਂ ਉੱਤੇ ਮਿੱਟੀ ਦੇ ਤੇਲ ਦਾ ਤਰੌਂਕਾ ਕਰਨ ਲੱਗ ਪਏ ਤੇ ਦੂਜੇ ਉਹਨਾਂ ਦਾ ਕਾਰਨਾਮਾ ਵੇਖ ਵੇਖ ਹਾਂਗਰੇ ਮਾਰਨ ਡਹਿ ਪਏ। ਮੁੜ ਸਾਰੇ ਬੰਦੇ ਪੀਪਾ ਖੋਹਣ ਖੋਹਾਉਣ ਦੇ ਸੁਗਲ ਵਿਚ ਪੈ ਗਏ ; ਜਿਹਦੇ ਹੱਥ ਪੀਪਾ ਚੜ੍ਹਦਾ ਉਹ ਉਹਨੂੰ ਪਿੱਛੇ ਕਰਕੇ ਪੂਰੇ ਜ਼ੋਰ ਨਾਲ

ਅੱਗੇ ਵੱਲ ਇੰਜ ਹੁਲਾਰਾ ਦੇਂਦਾ ਕਿ ਉਹਦੀ ਉਤਲੀ ਮੋਰੀ ਵਿਚੋਂ ਉੱਚਾ ਛਲਕਾ ਮਾਰ ਕੇ ਨਿਕਲਿਆ ਮਿੱਟੀ ਦਾ ਤੇਲ ਕਮਰੇ ਦੀਆਂ ਬਾਹਰ ਵਲ ਨਿਕਲੀਆਂ ਕੜੀਆਂ ਭੇਂਦਾ ਉਹਦੀਆਂ ਕੰਧਾਂ ਉੱਤੇ ਖਿਲਰ ਜਾਂਦਾ। ਇੰਜ ਕਰਦਿਆਂ ਕਰਦਿਆਂ ਇਕ ਦਾ ਰੱਜ ਹੋ ਜਾਂਦਾ ਤੇ ਦੂਜਾ ਕੋਈ ਪੀਪਾ ਖੋਲ੍ਹ ਕੇ ਕਿਸੇ ਹੋਰ ਥਾਂ ਤੇਲ ਸੁੱਟਣ ਲੱਗ ਪੈਂਦਾ। ਇਹ ਖੇਡ ਉਦੋਂ ਤੀਕ ਖੇਡੀ ਜਾਂਦੀ ਰਹੀ ਜਦੋਂ ਤੀਕ ਪੀਪੇ ਦੇ ਤੇਲ ਦਾ ਅਖ਼ੀਰੀ ਤੁਬਕਾ ਵੀ ਉਸ ਕਮਰੇ ਦੇ ਕਿਸੇ ਹਿੱਸੇ ਉੱਤੇ ਨਾ ਛਿੜਕ ਦਿੱਤਾ।

ਪੀਪਾ ਸੱਖਣਾ ਹੋਇਆ ਤੇ ਮਿਸ਼ਾਲ ਵਾਲਾ ਫੇਰ ਉੱਚੀ ਬੋਲਿਆ, "ਓ ਅਹਿਮਕ ! ਅਗਰ ਬੀਵੀ ਸਮੇਤ ਨਹੀਂ ਜਲ ਮਰਨਾ ਚਾਹਤੇ ਤੋ ਅੱਬ ਭੀ ਵਕਤ ਹੈ, ਹਮਾਰਾ ਕਲਮਾ ਪੜ੍ਹ ਲੋ।"

"ਨਹੀਂ ਪੜ੍ਹਨਾ, ਨਹੀਂ ਪੜ੍ਹਨਾ——ਤੁਸੀਂ ਬਦੋਬਦੀ ਮੇਰਾ ਤੇ ਮੇਰੇ ਪਰਿਵਾਰ ਦਾ ਧਰਮ ਨਹੀਂ ਬਦਲ ਸਕਦੇ।" ਪਹਿਲੀ ਵਾਰ ਅੰਦਰੋਂ ਇਕ ਗਰਜ਼ਦਾਰ ਆਵਾਜ਼ ਸੁਣਾਈ ਦਿੱਤੀ।

"ਬੇਵਕੂਫ, ਜ਼ਿੱਦੀ——ਜ਼ਿੰਦਾ ਜਲਾ ਦੋ ਸਾਲੇ ਕੋ।" ਮਿਸ਼ਾਲ ਵਾਲਾ ਚੋਖੇ ਗੁੱਸੇ ਨਾਲ ਬੂਹੇ ਉੱਤੇ ਪਾਨ ਥੁੱਕਦਾ ਬੋਲਿਆ, ਨਾਲ ਈ ਉਹਨੇ ਆਪਣੀ ਮਿਸ਼ਾਲ ਵੀ ਬਰੂੰਹਾ ਉੱਤੇ ਸੁੱਟ ਦਿੱਤੀ। ਥੱਲੇ ਡਿੱਗਣ ਨਾਲ ਮਿਸ਼ਾਲ ਬੁਝਣ ਡਹਿ ਪਈ ਸੀ ਤਦੇ ਬਰੂੰਹਾਂ ਉੱਤੇ ਮਿੱਟੀ ਦਾ ਤੇਲ ਖਿਲ੍ਹਰਿਆ ਹੋਣ ਦੇ ਬਾਵਜੂਦ ਵੀ ਅੱਗ ਨਾ ਭੜਕੀ। ਇਕ ਜਣੇ ਨੇ ਅੱਗੇ ਵੱਧ ਕੇ ਮਿਸ਼ਾਲ ਨੂੰ ਚੁੱਕ ਲਿਆ ਤੇ ਉਹਦੀ ਲਾਟ ਉਸ ਥਾਂ ਲੈ ਗਿਆ ਜਿਥੇ ਲੱਕੜ ਦੀ ਸਰਦਲ ਮਿੱਟੀ ਦੇ ਤੇਲ ਨਾਲ ਚੋਖੀ ਤਰ ਸੀ। ਇਕਦਮ ਈ ਸਰਦਲ ਨੇ ਅੱਗ ਫੜ ਲਈ, ਹੁਣ ਸਾਰਾ ਮਜਮਾਂ ਨਾਹਰੇ ਮਾਰ ਰਿਹਾ ਸੀ। ਫੇਰ ਤਾਂ ਪੀਪੇ ਵਾਂਗੋਂ ਮਿਸ਼ਾਲ ਖੋਹ ਕੇ ਥਾਂ ਥਾਂ ਅੱਗ ਲਾਉਣ ਦੀ ਖੇਡ ਵੀ ਸ਼ੁਰੂ ਹੋ ਗਈ। ਛੇਤੀ ਈ ਬੂਹੇ ਬਾਰੀਆਂ, ਛੱਤ ਦੀਆਂ ਕੜੀਆਂ ਤੇ ਹੋਰ ਸੜਨ ਜੋਗ ਸ਼ੈਆਂ ਉੱਚੇ ਭਾਂਬੜ ਮਚਾ ਰਹੀਆਂ ਸਨ।

ਹੁਣ ਅੰਦਰੋਂ ਕਈ ਬੰਦਿਆਂ ਦੇ ਖੰਘਣ ਤੇ ਡੁਸਕਣ ਦੀਆਂ ਅਵਾਜ਼ਾਂ ਵੀ ਆਉਣ ਡਹਿ ਪਈਆਂ, ਜਿਹੜੀਆਂ ਅੰਦਰ ਹੋਰ ਧੂੰਅ ਇਕੱਠਾ ਹੋਣ ਤੇ ਅੱਗ ਦਾ ਸੇਕ ਨੇੜੇ ਪੁੱਜਣ ਪਾਰੋਂ ਵਧਦੀਆਂ ਵਧਦੀਆਂ ਦਰਦੀਲੀਆਂ ਚੀਕਾਂ ਦਾ ਰੂਪ ਧਾਰ ਗਈਆਂ। ਅੱਗ ਦੇ ਲਾਂਬੂ ਬੁਰੀ ਤਰ੍ਹਾਂ ਉਸ ਕਮਰੇ ਦੀ ਛੱਤ ਨੂੰ ਖਾ ਰਹੇ ਸਨ। ਅਸਮਾਨ ਵਲ ਉੱਠਦੀਆਂ ਉੱਚੀਆਂ ਲਾਟਾਂ ਵੇਖ ਕੇ ਬਾਹਰ ਖਲੋਤੇ ਲੋਕ ਜੋਸ਼ ਨਾਲ ਪਾਗਲ ਹੋਏ ਏਨਾ ਰੌਲਾ ਪਾ ਰਹੇ ਸਨ ਕਿ ਅੰਦਰ ਵਾਲਿਆਂ ਦੀਆਂ ਅਖੀਰੀ ਕੁਰਲਾਟਾਂ ਉਹਦੇ ਥੱਲੇ ਦੱਬ ਗਈਆਂ ਸਨ।

ਯਕਦਮ ਕਮਰੇ ਦਾ ਸੜਦਾ ਬਲਦਾ ਬੂਹਾ ਜ਼ੋਰ ਦੀ ਬਾਹਰ ਵਲ ਖੁਲ੍ਹਿਆ ਤੇ ਇਕ ਖੌਂ ਖੌਂ ਕਰਦਾ ਜੀ ਭੌਂ ਭਵਾਂਟੀਆਂ ਖਾਂਦਾ ਬਾਹਰ ਵਿਹੜੇ ਵਿਚ ਆ ਡਿੱਗਾ। ਬੂਹਾ ਖੁਲ੍ਹਣ ਨਾਲ ਈ ਅੰਦਰ ਇਕੱਠੇ ਹੋਏ ਧੂੰਏਂ ਦਾ ਬੱਦਲ ਵੀ ਬਾਹਰ ਆਉਣ ਲਗ ਪਿਆ। ਚੋਖੇ ਧੂੰਏਂ ਵਿਚ ਇੰਜ ਈ ਲੱਗਾ ਜਿਵੇਂ ਲੰਮੇ ਲੰਮੇ ਵਾਲਾਂ ਵਾਲੀ ਕੋਈ ਕੁੜੀ ਅੰਦਰੋਂ ਬਾਹਰ ਆ ਪਈ ਏ। ਬਾਹਰ ਖਲੋਤੇ ਸਾਰੇ ਬੰਦੇ ਚੁੱਪ ਹੋ ਗਏ ਤੇ ਫੇਰ ਆਪਣੀਆਂ ਡਾਂਗਾਂ ਤੇ ਕੁਹਾੜੀਆਂ ਉੱਗਰ ਕੇ ਇਕ ਗੋਲ ਦਾਇਰੇ ਵਿਚ ਉਹਦੇ ਚੁਫੇਰੇ ਆਣ ਖਲੋਤੇ।

ਉਹਨੇ ਸਾਹੀਂ ਸਾਹੀਂ ਭੋਏਂ ਤੋਂ ਆਪਣਾ ਸਿਰ ਚੁੱਕਿਆ। ਉਹਦੇ ਸੰਘਣੇ ਕਾਲੇ ਵਾਲ ਉਹਦੀਆਂ ਬਾਹਵਾਂ ਜਿੰਨੇ ਲੰਮੇ ਸਨ, ਪਰ ਉਹ ਕੋਈ ਮੁਟਿਆਰ ਨਹੀਂ ਸੀ, ਸਗੋਂ ਚੌਦਾਂ ਪੰਦਰਾਂ



ਵਰ੍ਹਿਆਂ ਦਾ ਇਕ ਪਤਲਾ ਜਿਹਾ ਖ਼ੂਬਸੂਰਤ ਮੁੰਡਾ ਸੀ। ਉਸ ਮੁੰਡੇ ਦੀਆਂ ਭੂਰੀਆਂ ਅੱਖਾਂ ਮੌਤ ਨੂੰ ਮੂਹਰੇ ਵੇਖ ਕੇ ਅੱਡੀਆਂ ਹੋਈਆਂ ਸਨ। ਮੁੜ ਉਹ ਹੱਥ ਜੋੜ ਕੇ ਕੁਰਲਾਇਆ, "ਮੈਨੂੰ ਨਾ ਮਾਰਿਆ ਜੇ, ਜਿਹੜਾ ਕਲਮਾ ਆਖਦੇ ਓ ਪੜ੍ਹ ਲੈਨਾਂ। ਮੇਰੇ ਭਾਪਾ ਜੀ ਮੈਨੂੰ ਤੇ ਮਾਤਾ ਜੀ ਨੂੰ ਬਲਦੀ ਅੱਗ ਵਿਚ ਆਪਣੀਆਂ ਬਾਹਵਾਂ ਦੀ ਗਲਵਕੜੀ ਮਾਰ ਲਈ ਸੀ, ਪਰ ਸੜ ਮਰਨ ਤੋਂ ਪਹਿਲਾਂ ਮੇਰੇ ਮਾਂ ਜੀ ਨੇ ਧਰਘਲਾ ਮਾਰ ਕੇ ਮੈਨੂੰ ਬੰਨੇ ਸੁੱਟ ਦਿੱਤਾ——ਉਹਨਾਂ ਨੂੰ ਪਤਾ ਸੀ ਕਿ ਮੈਨੂੰ ਅੱਗ ਕੋਲੋਂ ਬੜਾ ਡਰ ਆਉਂਦਾ ਏ।" ਮੁੰਡਾ ਇਕਤਾਰ ਰੋ ਰਿਹਾ ਸੀ।

ਥੱਲੇ ਡਿੱਗੇ ਪਏ ਮੁੰਡੇ ਦੇ ਤਰਲੇ ਤੇ ਰੋਣ ਵੇਖ ਵੀ ਕਿਸੇ ਨੂੰ ਤਰਸ ਨਾ ਆਇਆ। ਉਹਨਾਂ ਦੇ ਹਥਿਆਰ ਉਹਦੇ ਲਹੂ ਦਾ ਸੁਆਦ ਚੱਖਣ ਈ ਵਾਲੇ ਸਨ ਕਿ ਪਿੱਛੋਂ ਕਿਤੋਂ ਭੱਜਦਾ ਆਇਆ ਇਕ ਵਡੇਰੀ ਉਮਰ ਦਾ ਬੰਦਾ ਭੀੜ ਨੂੰ ਚੀਰ ਕੇ ਉਹਦੇ ਉੱਤੇ ਆਪਣੀਆਂ ਬਾਹਵਾਂ ਦੀ ਛਾਂ ਕਰ ਕੇ ਖਲੋ ਗਿਆ ਤੇ ਬੋਲਿਆ, "ਜ਼ਾਲਮੋ ! ਹੁਣ ਕੀ ਚਾਹੁੰਦੇ ਓ, ਇਹ ਸੁਹਦਾ ਤੇ ਕਲਮਾ ਪੜ੍ਹਨ ਲਈ ਵੀ ਤਿਆਰ ਹੈ, ਕੁਝ ਤੇ ਹੱਯਾ ਕਰੋ।" ਫੇਰ ਉਹ ਆਪਣਾ ਲਹਿਜਾ ਬਦਲ ਕੇ ਬੋਲਿਆ, "ਖ਼ਬਰਦਾਰ ! ਜੇ ਕੋਈ ਭੈੜੀ ਨੀਅਤ ਨਾਲ ਇਹਦੇ ਵੱਲ ਵਧਿਆ।"

○ ○ ○

ਅਗਲੇ ਦਿਨ ਸੱਤੀ ਸਵੇਰੇ ਈ ਸੁਲਤਾਨ ਲੰਬੜ ਦੇ ਡੇਰੇ ਉੱਤੇ ਪਿੰਡ ਦੇ ਸਾਰੇ ਨਿੱਕੇ ਵੱਡੇ ਇਕੱਠੇ ਹੋਏ ਸਨ। ਲੰਬੜਦਾਰ ਤੇ ਪਿੰਡ ਦਾ ਮੁਲਾਣਾ ਮੀਆਂ ਲੁਕਮਾਨ ਮੋਟੇ ਪਾਵਿਆਂ ਵਾਲੇ ਮੂੜ੍ਹਿਆਂ ਉੱਤੇ ਬੈਠੇ ਸਨ ਤੇ ਪਿੰਡ ਦੇ ਪੱਗ-ਬੰਨ੍ਹ ਮੋਤਬਿਰ ਮੰਜੀਆਂ ਉੱਤੇ ਬੈਠੇ ਸਨ। ਕੰਮੀਂ ਤੇ ਮੁੰਡੇ ਖੁੰਡੇ ਇਧਰ-ਉਧਰ ਕੰਧਾਂ ਨਾਲ ਢੋਅ ਲਾਈ ਖਲੋਤੇ ਸਨ। ਸਭ ਦੀਆਂ ਨਜ਼ਰਾਂ ਹੈਦਰ ਨਾਈ ਦੇ ਹੱਥਾਂ ਵਚ ਸਨ। ਹੈਦਰ ਨਾਈ ਦੇ ਖੱਬੇ ਹੱਥ ਵਿਚ ਲੱਕੜ ਦੀ ਚੌੜੀ ਕੰਘੀ ਤੇ ਸੱਜੇ ਹੱਥ ਵਿਚ ਕੈਂਚੀ ਸੀ। ਕੰਘੀ ਵਿਚ ਲੰਮੇ ਲੰਮੇ ਕਾਲੇ ਵਾਲ ਫਸੇ ਸਨ ਜਿਨ੍ਹਾਂ ਨੂੰ ਉਹਦੀ ਕੈਂਚੀ ਕਰਚ ਕਰਚ ਕੱਪ ਰਹੀ ਸੀ। ਇਥੇ ਉਸ ਮੁੰਡੇ ਦੀ ਹਜਾਮਤ ਕੀਤੀ ਜਾ ਰਹੀ ਸੀ ਜਿਹਨੂੰ ਰਾਤੀਂ ਲੰਬੜਦਾਰ ਪੱਕੀ ਹਵੇਲੀ ਉੱਤੇ ਹੱਲਾ ਬੋਲਣ ਵਾਲ਼ਿਆਂ ਹੱਥੋਂ ਮਰਨ ਤੋਂ ਬਚਾ ਕੇ ਲਿਆਇਆ ਸੀ। ਇਸ ਕੁੜੀਆਂ ਵਰਗੇ ਮੁੰਡੇ ਦਾ ਰੰਗ ਅਜੇ ਵੀ ਅੰਦਰਲੇ ਖ਼ੌਫ਼ ਨਾਲ ਪੀਲਾ ਵਸਾਰ ਸੀ ਤੇ ਸਾਰੀ ਰਾਤ ਰੋਂਦੇ ਰਹਿਣ ਮਗਰੋਂ ਹੁਣ ਉਹਦੀਆਂ ਅੱਖਾਂ ਸੁਕ ਗਈਆਂ ਸਨ। ਕੈਂਚੀ ਦੀ ਹਰ ਕਰਚ ਨਾਲ ਉਹਦੇ ਕੇਸਾਂ ਦਾ ਜਿਹੜਾ ਗੁੱਛਾ ਭੋਏਂ ਉੱਤੇ ਡਿੱਗਦਾ, ਉਹ ਆਪਣੀ ਕੜੇ ਵਾਲੀ ਬਾਂਹ ਅਗਾਂਹ ਕਰ ਕੇ ਚੁੱਕ ਲੈਂਦਾ ਤੇ ਉਹਨੂੰ ਆਪਣੀਆਂ ਸੁੱਕੀਆਂ ਅੱਖਾਂ ਅਗੇ ਲਿਆ ਕੇ ਫੇਰ ਅਡੋਲ ਈ ਥੱਲੇ ਧਰ ਦੇਂਦਾ। ਇੰਜ ਲੱਗਦਾ ਸੀ ਜਿਵੇਂ ਉਹ ਆਪਣੀਆਂ ਲੰਮੀਆਂ ਲੰਮੀਆਂ ਜ਼ੁਲਫਾਂ ਨੂੰ ਹਮੇਸ਼ਾਂ ਲਈ 'ਰੱਬ ਰਾਖਾ' ਆਖ ਰਿਹਾ ਹੋਵੇ।

"ਲੰਬੜਦਾਰਾ ! ਇਕ ਗਲ ਤੈਨੂੰ ਮੰਨਣੀ ਪਵੇਗੀ, ਮੁਹਾਜਰਾਂ ਦੇ ਹੇੜ ਇਥੇ ਨਾ ਅੱਪੜਦੇ ਤੇ ਇਸ ਦੂਰ ਦੁਰਾਡੇ ਪਿੰਡ ਵਿਚ ਸਾਨੂੰ ਕਿੱਥੇ ਪਤਾ ਲੱਗਣਾ ਸੀ ਕਿ ਸਾਡਾ ਦੇਸ਼ ਆਜ਼ਾਦ ਹੋ ਗਿਆ ਏ।" ਮੰਜੀ ਉੱਤੇ ਬੈਠਾ ਇਕ ਸਿਆਣਾ ਬੋਲਿਆ।

"ਆਹੋ ਭਾਈਆ ਫਜ਼ਲ ਦਾਦ ! ਅਸੀਂ ਸੱਚੀ ਮੁਚੀਂ ਪੂਰੇ ਈ ਆਜ਼ਾਦ ਹੋ ਗਏ ਆਂ, ਪਹਿਲੀ ਵਾਰ ਅਸਾਂ ਏਨੀ ਖੁਲ੍ਹ ਵੇਖੀ ਏ।" ਸੁਲਤਾਨ ਲੰਬੜ ਤਿਖੇ ਸੁਭਾਅ ਬੋਲਿਆ।

"ਇਕ ਪਨਾਹਗੀਰ ਪਿਆ ਦੱਸਦਾ ਸੀ ਕਿ ਪਿਛਲੇ ਦੋ ਮਹੀਨਿਆਂ ਤੋਂ ਸਾਰੇ ਵੱਡੇ ਵੱਡੇ

ਸ਼ਹਿਰਾਂ ਵਿਚ ਕਤਲਾਮ ਹੋ ਰਹੀ ਏ, ਵੇਖੋ ਸਾਨੂੰ ਇਥੇ ਕੋਈ ਸਾਰ ਈ ਨਹੀਂ।" ਇਕ ਹੋਰ ਪੈਂਚ ਬੋਲਿਆ।

"ਜਲਾਲ ਦੀਨਾਂ ! ਇਹ ਸ਼ਹਿਰ ਹਰ ਪਾਸਿਓਂ ਸਦਾ ਪਿੰਡਾਂ ਤੋਂ ਅੱਗੇ ਈ ਰਹਿੰਦੇ ਨੇ। ਉਹ ਛੇਕੜੇ ਦੋ ਮਹੀਨਿਆਂ ਤੋਂ ਆਜ਼ਾਦੀ ਦੇ ਮਜ਼ੇ ਲੁਟ ਰਹੇ ਸਨ, ਅਸੀਂ ਕਲ੍ਹ ਰਾਤੀਂ ਈ ਆਜ਼ਾਦ ਹੋਏ ਸਾਂ।" ਸੁਲਤਾਨ ਲੰਬੜ ਨੇ ਚੁਭਦੇ ਲਹਿਜੇ ਵਿਚ ਜੁਆਬ ਦਿੱਤਾ।

"ਲੰਬੜਦਾਰਾ ! ਇਹ ਦੱਸ ਸੂਬੇ ਸਿੰਘ ਦੇ ਪੁੱਤਰ ਨੂੰ ਮੁਹਾਜਰਾਂ ਹੱਥੋਂ ਕਤਲ ਹੋਣੋਂ ਕਾਹਨੂੰ ਬਚਾਇਆ ? ਕਿਉਂ ਜੇ ਸਾਰਾ ਪਿੰਡ ਜਾਣਦਾ ਏ ਕਿ ਤੁਸੀਂ ਦੋਵੇਂ ਇਕ ਦੂਜੇ ਦੇ ਪੱਕੇ ਵੈਰੀ ਸੋ। ਤੁਹਾਡਾ ਤੇ ਆਪ-ਵਿਚਾਲੇ ਭੋਏਂ ਦੀ ਮਾਲਕੀ ਦਾ ਮੁਕੱਦਮਾ ਵੀ ਚੱਲ ਰਿਹਾ ਸੀ !!" ਕੋਈ ਚੌਧਰੀ ਬੋਲਿਆ ਤੇ ਉਹਦੀ ਗਲ ਨੂੰ ਪੂਰਾ ਕਰਦਿਆਂ ਫ਼ਜ਼ਲਦਾਦ ਨੇ ਆਖਿਆ, "ਰਾਤੀਂ ਸਾਰੇ ਮੁਹਾਜਰ ਵੀ ਤੇਰੇ ਉਤੇ ਵੱਟ ਖਾਈ ਬੈਠੇ ਸਨ। ਹੈ ਵੀ ਸੱਚੀ ਗਲ, ਇਸ ਪਿੰਡ ਵਿਚ ਇਕ ਈ ਤਾਂ ਸਿੱਖਾਂ ਦਾ ਘਰ ਸੀ, ਉਹਦਾ ਵਾਰਸ ਵੀ ਜਿਊਂਦਾ ਰਹਿ ਗਿਆ ਏ ਤੇ ਉਹਨਾਂ ਕਿਥੇ ਮੱਲ ਮਾਰਨੀ ਸੀ ਇਸੇ ਲਈ ਮੂੰਹ ਅਨ੍ਹੇਰੇ ਈ ਉਹ ਕਿਸੇ ਹੋਰ ਪਿੰਡ ਵੱਲ ਤਾਰੀਆਂ ਭਰ ਗਏ ਸਨ।"

ਸੁਲਤਾਨ ਲੰਬੜ ਨੇ ਹੁੱਕੇ ਦੀ ਵਾਰੀ ਲਈ ਤੇ ਸੋਚੀਂ ਪਿਆ ਬੋਲਿਆ, "ਸੂਬੇ ਸਿੰਘ ਦੇ ਪੁੱਤਰ ਦੀ ਕੀ ਗੱਲ ਏ ਜੇ ਮੈਨੂੰ ਕੁਝ ਪਹਿਲੋਂ ਪਤਾ ਲੱਗ ਜਾਂਦਾ ਤੇ ਮੈਂ ਉਹਨੂੰ ਤੇ ਉਹਦੇ ਪੂਰੇ ਪਰਿਵਾਰ ਨੂੰ ਬਚਾ ਲੈਣਾ ਸੀ। ਮੈਨੂੰ ਤੇ ਸੂਹ ਈ ਬੜੀ ਚਿਰਕੀ ਹੋਈ ਸੀ, ਵੱਡਾ ਜ਼ੁਲਮ ਹੋਇਆ ਏ ਸੂਬੇ ਕਿਆਂ ਨਾਲ——।" ਸੁਲਤਾਨ ਲੰਬੜ ਦੀ ਅਵਾਜ਼ ਭਰੀ ਭਰੀ ਸੀ। ਫੇਰ ਉਹ ਆਪਣੇ ਆਪ ਨੂੰ ਸੰਭਾਲਾ ਦੇਂਦਾ ਬੋਲਿਆ, "ਕੀ ਹੋਇਆ ਸਾਡਾ ਆਪਸ ਵਿਚ ਭੋਏਂ ਦੀ ਮਾਲਕੀ ਦਾ ਰੱਟਾ ਸੀ, ਪਰ ਸਾਡੇ ਵੱਡੇ ਵਡੇਰੇ ਤੇ ਇਕ ਮਿਕ ਈ ਸਨ। ਕੋਈ ਗੱਲ ਨਹੀਂ ਵਾਰਸ ਦੇ ਜਿਊਂਦੇ ਜੀ ਮੇਰਾ ਮੁਕੱਦਮਾ ਹੋਰ ਲੰਮਾ ਹੋ ਜਾਵੇਗਾ, ਪਰ ਮੈਂ ਇਹ ਤਾਂ ਕਦੇ ਨਹੀਂ ਜਰ ਸਕਦਾ ਕਿ ਮੇਰੀ ਮੁਕੱਦਮੇਬਾਜ਼ੀ ਇਕ ਜੱਟ ਦੇ ਪੁੱਤਰ ਦੀ ਥਾਂ ਕਿਸੇ ਪਨਾਹਗੀਰ ਨਾਲ ਹੋਵੇ।

ਇਹਨਾਂ ਗੱਲਾਂ ਵਿਚਕਾਰ ਈ ਬੁੱਢੇ ਨਾਈ ਨੇ ਆਪਣਾ ਕੰਮ ਮੁਕਾ ਲਿਆ। ਉਹ ਮੁੰਡੇ ਦੁਆਲੇ ਵਲ੍ਹੇਟੀ ਚਿੱਟੀ ਚਾਦਰ ਲਾਹ ਕੇ ਉਹਦੇ ਨਾਲ ਚੰਬੜੇ ਵਾਲ ਪਰਲੀ ਕੰਧ ਕੋਲ ਝਾੜ ਆਇਆ ਤੇ ਮੁੜ ਆਪਣੇ ਰੱਛ ਇਕੱਠੇ ਕਰਦਾ ਬੋਲਿਆ, "ਚੋਧਰੀਓ ! ਕੰਮ ਪੂਰਾ ਹੋ ਗਿਆ ਏ। ਰਾਤੀਂ ਕਲਮਾ ਵੀ ਪੜ੍ਹ ਲਿਆ ਸੂ ਹੁਣ ਕੇਸ ਵੀ ਕਟਾ ਲਏ ਸੂ, ਤੁਸੀਂ ਮੀਆਂ ਜੀ ਨੂੰ ਆਖੋ ਕਿ ਉਹ ਫ਼ਤਵਾ ਦੇ ਦੇਣ ਕਿ ਸਰਦਾਰਾ ਸਿੰਘ ਮੁਸਲਮਾਨ ਹੋ ਗਿਆ ਏ।"

ਹੈਦਰ ਨਾਈ ਦੀ ਗੱਲ ਸੁਣ ਕੇ ਸਾਰੇ ਬੰਦੇ ਮੀਏਂ ਲੁਕਮਾਨ ਵਲ ਵੇਖਣ ਲਗ ਪਏ। ਮੀਆਂ ਜੀ ਨੇ ਤਸਬੀ ਫੇਰਦਿਆਂ ਫੇਰਦਿਆਂ ਖੰਘ ਕੇ ਗਲਾ ਸਾਫ ਕੀਤਾ ਤੇ ਮੂੰਹ ਵਿਚ ਹੌਲੀ ਜਹੀ ਕੁਝ ਪੜ੍ਹ ਕੇ ਆਪਣੀ ਛਾਤੀ ਉੱਤੇ ਫੂਕ ਮਾਰਦਿਆਂ ਆਖਿਆ, ਬਿਨਾਂ ਸ਼ੱਕ ਬਰਖ਼ੁਰਦਾਰ ਸਰਦਾਰਾ ਸਿੰਘ ਨੇ ਇਸਲਾਮ ਕਬੂਲ ਕਰ ਲਿਆ ਏ, ਹੁਣ ਸਾਰੇ ਇਹਨੂੰ ਸਰਦਾਰ ਅਲੀ ਆਖਿਆ ਕਰੋ। ਪਰ ਮੁਕੰਮਲ ਮੁਸਲਮਾਨ ਹੋਣਾ ਏਨਾ ਸੌਖਾ ਨਹੀਂ. ਅਜੇ ਇਕ ਜ਼ਰੂਰੀ ਸੁੰਨਤ ਪੂਰੀ ਹੋਣੋਂ ਰਹਿ ਗਈ ਏ— ਇਕ ਪੋਟਾ ਮਾਸ ਕੱਪਣ ਤੇ ਦੋ ਚੋਸੇ ਰੱਤ ਵਗਾਣਾ ਬਹੁਤ ਜ਼ਰੂਰੀ ਏ।

ਆਪਣੀ ਨਿੱਕੀ ਜਿਹੀ ਹਯਾਤੀ ਵਿਚ ਪਹਿਲੀ ਵਾਰ ਕੇਸ ਕਟਵਾ ਕੇ ਆਪਣੇ ਆਪ ਨੂੰ ਕੁਝ ਹੌਲਾ ਹੌਲਾ ਮਹਿਸੂਸ ਕਰਨ ਵਾਲੇ ਛੋਰ੍ਹ ਨੇ ਆਪਣੀ ਜਾਨ ਬਚ ਜਾਣ ਉੱਤੇ ਸੁਖ ਦਾ ਸਾਹ ਲਿਆ



ਸੀ ਪਰ ਮੁਸਲਮਾਨ ਹੋ ਕੇ ਵੀ ਮਾਸ ਕੱਪਵਾਉਣ ਤੇ ਰੱਤ ਵਗਾਉਣ ਦਾ ਮਤਲਬ ਉਹਨੇ ਪਤਾ ਨਹੀਂ ਕੀ ਸਮਝਿਆ। ਮੁਲਾਣੇ ਦੀ ਗੱਲ ਸੁਣਦੇ ਸਾਰ ਈ ਉਹ ਓਬੜਵਾਹਾ ਉਠ ਖਲੋਤਾ ਤੇ ਏਦੋਂ ਪਹਿਲਾਂ ਕਿ ਕੋਈ ਉਹਦਾ ਇਰਾਦਾ ਜਾਣ ਸਕਦਾ ਉਹ ਅੰਨ੍ਹੇਵਾਹ ਭੱਜਦਾ ਲੰਬੜਦਾਰ ਦੇ ਡੇਰੇ ਵਿਚੋਂ ਨਿਕਲ ਗਿਆ। ਉਹਦੀ ਇਸ ਹਰਕਤ ਨੇ ਉਥੇ ਮੌਜੂਦ ਲੋਕਾਂ ਨੂੰ ਏਨਾ ਹੈਰਾਨ ਕਰ ਦਿੱਤਾ ਸੀ ਕਿ ਕੁਝ ਚਿਰ ਲਈ ਉਹਨਾਂ ਨੂੰ ਸਮਝ ਈ ਨਾ ਆਈ ਕਿ ਹੋ ਕੀ ਗਿਆ ਏ। ਮੁੜ ਹੋਸ਼ ਆਈ ਤੇ ਅਲਾ ਲੱਲਾ, ਅਲਾ ਲੱਲਾ, ਉਏ ਉਏ ਕਰਦੇ ਉਹ ਸਾਰੇ ਉਸ ਮੁੰਡੇ ਮਗਰ ਭੱਜ ਪਏ, ਪਰ ਏਨੇ ਚਿਰ ਵਿਚ ਉਹ ਡੇਰੇ ਤੋਂ ਵਾਹਵਾ ਵਿੱਥ ਪਾ ਗਿਆ ਸੀ। ਪਿੰਡ ਦੀਆਂ ਗਲੀਆਂ ਦੇ ਵਲ-ਵਲੇਵੇਂ ਵੀ ਸਰਦਾਰੇ ਦੀ ਬੜੀ ਮਦਦ ਕਰਦੇ ਰਹੇ ਤੇ ਉਹਨੇ ਛੋਹਲੇ ਗੱਭਰੂਆਂ ਨੂੰ ਵੀ ਫੜਾਈ ਨਾ ਦਿੱਤੀ। ਛੋਟਾ ਜਿਹਾ ਪਿੰਡ ਸੀ। ਭਲਾ ਉਹ ਕਦ ਤੀਕ ਗਲੀਆਂ ਵਿਚ ਕੌਡੀ ਕੌਡੀ ਖੇਡ ਕੇ ਆਪਣਾ ਆਪ ਬਚਾ ਸਕਦਾ ਸੀ। ਉਹ ਜਿਸ ਗਲੀ ਵਿਚ ਭੱਜ ਰਿਹਾ ਸੀ ਉਹ ਅਚਾਨਕ ਮੁਕ ਗਈ ਤੇ ਉਹ ਹੁਣ ਪਿੰਡੋਂ ਬਾਹਰ ਸੀ।

ਉਹਦੇ ਸਾਹਮਣੇ ਨਜ਼ਰ ਦੀਆਂ ਹੱਦਾਂ ਤੀਕਰ ਖੇਤਾਂ ਦਾ ਨਾ ਮੁੱਕਣ ਵਾਲਾ ਸਿਲਸਿਲਾ ਸੀ, ਪਰ ਲੁੱਕਣ ਲਈ ਨੇੜੇ ਤੇੜੇ ਕੋਈ ਉੱਚੀ ਫਸਲ ਮੌਜੂਦ ਨਹੀਂ ਸੀ। ਉਥੇ ਹਰ ਪਾਸੇ ਉਹਦੇ ਗੋਡਿਆਂ ਤੋਂ ਵੀ ਨੀਵਾਂ ਪਾਤੜੂ ਉਗਿਆ ਦਿਸ ਰਿਹਾ ਸੀ। ਉਹਨੂੰ ਆਪਣੇ ਕੱਦ ਉੱਤੇ ਡਾਢਾ ਵੱਟ ਚੜ੍ਹਿਆ, "ਜੇ ਮੇਰਾ ਵਜੂਦ ਜਾਂਗਲੀ ਨਿਔਲ ਜਿੱਡਾ ਹੋਂਦਾ ਤੇ ਫੇਰ ਇਸ ਪਾਤੜੂ ਨੇ ਵੀ ਮੇਰੀ ਸੋਹਲ ਜਿੰਦੜੀ ਬਚਾ ਲੈਣੀ ਸੀ।" ਉਹਨੇ ਬੜੇ ਦੁੱਖ ਨਾਲ ਸੋਚਿਆ।

ਪੈਲੀਆਂ ਵਿਚ ਭੱਜਦੇ ਭੱਜਦੇ ਉਹਨੇ ਸਿਰ ਭੁਆ ਕੇ ਵੇਖਿਆ ਤੇ ਉਹਨੂੰ ਪਿੰਡ ਦੀਆਂ ਸਾਰੀਆਂ ਗਲੀਆਂ ਆਪਣੇ ਮੂੰਹਾਂ ਵਿਚੋਂ ਬੇਅੰਤ ਬੰਦਿਆਂ ਨੂੰ ਉਬਾਕਦੀਆਂ ਦਿਸੀਆਂ। ਉਹਦੀਆਂ ਅੱਖਾਂ ਅੱਗੇ ਫੇਰ ਅੱਗ ਦੇ ਲਾਂਬੂ ਤੇ ਲਿਸ਼ਕਦੀਆਂ ਛਵੀਆਂ ਫਿਰਨ ਲਗ ਪਈਆਂ। ਕੀ ਉਹਦਾ ਹਸ਼ਰ ਵੀ ਆਪਣੀ ਮਾਂ ਜੀ ਤੇ ਭਾਪਾ ਜੀ ਵਰਗਾ ਈ ਹੋਵੇਗਾ, "ਨਹੀਂ ਨਹੀਂ, ਮੈਂ ਅਜੇ ਮਰਨਾ ਨਹੀਂ ਚਾਹੁੰਦਾ।" ਉਹ ਦੌੜਦਾ ਦੌੜਦਾ ਬੇਖ਼ਿਆਲੀ ਵਿਚ ਚੀਕ ਪਿਆ।

ਅਚਨਚੇਤ ਉਹਦੀਆਂ ਅੱਖਾਂ ਕਿਸੇ ਸ਼ੈ ਦੇ ਲਿਸ਼ਕਾਰੇ ਨਾਲ ਬੰਦ ਹੋ ਗਈਆਂ। ਉਹ ਪਿੰਡ ਦੇ ਵੱਡੇ ਛੱਪੜ ਕੋਲ ਆ ਪੁੱਜਾ ਸੀ, ਉਹਦੀ ਕੰਡ ਪਿੱਛੇ ਸਿਖਰੇ ਚੜ੍ਹਦੇ ਸੂਰਜ ਦੀਆਂ ਰਿਸ਼ਮਾਂ ਸਿੱਧੀਆਂ ਪੈਣ ਪਾਰੋਂ ਛੱਪੜ ਦਾ ਪਾਣੀ ਚਮਕ ਰਿਹਾ ਸੀ। ਉਹਨੇ ਇਕ ਘੜੀ ਲਈ ਛੱਪੜ ਦੇ ਕੰਢੇ ਖਲੋ ਕੇ ਆਪਣੇ ਮਗਰ ਆਉਂਦਿਆਂ ਨੂੰ ਵੇਖਿਆ ਤੇ ਫੇਰ ਅਗਾਂਹ ਹੋ ਕੇ ਬਿਨਾਂ ਸੋਚੇ ਸਮਝੇ ਪਾਣੀ ਵਿਚ ਛਾਲ ਕੱਢ ਮਾਰੀ। ਸਰਦਾਰੇ ਨੂੰ ਇੰਜ ਈ ਲੱਗਾ ਜਿਵੇਂ ਉਹ ਪੰਘਰੀ ਹੋਈ ਪਰ ਠੰਡੀ ਚਾਂਦੀ ਦੇ ਸਮੁੰਦਰ ਵਿਚ ਡੁਬਦਾ ਜਾ ਰਿਹਾ ਹੋਵੇ, ਪਰ ਜਦੋਂ ਪਾਣੀ ਉਹਦੇ ਕੰਨਾਂ ਤੀਕ ਅਪੜਿਆ ਤੇ ਉਹਦੇ ਪੈਰ ਚਿੱਕੜ ਗਾਬ ਵਿਚ ਜਾ ਖੁੱਭੇ। ਛੱਲਕਾ ਵੱਜਣ ਨਾਲ ਛੱਪੜ ਦੇ ਗੰਦੇ ਪਾਣੀ ਦੇ ਕਈ ਘੁੱਟ ਉਹਦੇ ਮੂੰਹ ਰਾਹੀਂ ਉਹਦੇ ਮਿਹਦੇ ਤੋੜੀਂ ਅੱਪੜ ਗਏ ਤੇ ਉਹਨੂੰ ਸਾਹ ਲੈਣਾ ਵੀ ਔਖਾ ਹੋ ਗਿਆ। ਉਹ ਹੁੱਬਲੀਆਂ ਮਾਰਦਾ ਛੱਪੜ ਦੇ ਅੰਦਰ ਵੱਲ ਟੁਰ ਪਿਆ, ਇੰਜ ਕਰਨ ਨਾਲ ਹਵਾ ਨੂੰ ਆਪਣੇ ਅੰਦਰ ਖਿੱਚਣ ਦਾ ਉਹਨੂੰ ਮੌਕਾ ਲੱਭ ਗਿਆ। ਦੰਦੇ ਕੋਲ ਛੱਪੜ ਬਹੁਤਾ ਡੂੰਘਾ ਸੀ, ਪਰ ਅਗਾਂਹ ਵਧਣ ਨਾਲ ਉਹਨੂੰ ਮਹਿਸੂਸ ਹੋਇਆ ਕਿ ਪਾਣੀ ਹੌਲੀ ਹੌਲੀ ਨੀਵਾਂ ਹੋ ਰਿਹਾ ਏ————ਪਹਿਲੋਂ ਗਲ ਗਲ ਹੋਇਆ ਤੇ ਅਸਲੋਂ ਵਿਚਕਾਰ ਪੁਜ ਕੇ ਨਿਰਾ ਲੱਕ ਲੱਕ ਰਹਿ ਗਿਆ।

ਛੱਪੜ ਵਿਚ ਛਾਲ ਮਾਰਨ ਮਗਰੋਂ ਅਜੇ ਤੀਕਰ ਉਹਨੇ ਪਿਛਾਂਹ ਮੁੜ ਕੇ ਨਹੀਂ ਸੀ ਵੇਖਿਆ। ਉਹਦੇ ਦਿਲ ਵਿਚ ਇਹ ਕਮਲੀ ਆਸ ਜੜ੍ਹ ਫੜ ਗਈ ਸੀ ਕਿ ਇਸ ਛੱਪੜ ਦੇ ਮੈਲੇ ਪਾਣੀ ਵਿਚ ਕੋਈ ਬੰਦਾ ਵੀ ਨਹੀਂ ਵੜੇਗਾ, ਪਰ ਜਦੋਂ ਉਹਨੇ ਪਿੱਛੇ ਧਿਆਨ ਮਾਰਿਆ ਤੇ ਉਹਨੇ ਵੇਖਿਆ ਕਿ ਕਈ ਗੱਭਰੂ ਲੀੜੇ ਲਾਹ ਕੇ ਛੱਪੜ ਵਿਚ ਕੁੱਦ ਰਹੇ ਸਨ। ਫੇਰ ਵੇਂਹਦਿਆਂ ਵੇਂਹਦਿਆਂ ਈ ਉਹਨਾਂ ਵਿਚੋਂ ਕਈ ਉਹਦੇ ਤੋਂ ਨਿਰੇ ਦੋ ਚਾਰ ਕਰੂਆਂ ਦੀ ਵਿੱਥ ਤੇ ਈ ਰਹਿ ਗਏ। ਚੋਖੇ ਤਰੱਠ ਵਿਚ ਉਹਨੂੰ ਹੋਰ ਤੇ ਕੁਝ ਨਾ ਸੁਝਾ, ਉਹ ਪਾਣੀ ਵਿਚ ਚੁੱਭੀ ਮਾਰ ਕੇ ਤਹਿ ਨਾਲੋਂ ਮਿੱਟੀ ਚਿੱਕੜ ਪੁੱਟ ਪੁੱਟ ਕੇ ਉਹਦੇ ਥੱਬੇ ਦੋਹਾਂ ਹੱਥਾਂ ਨਾਲ ਆਪਣੇ ਲਾਗੇ ਆਉਣ ਵਾਲਿਆਂ ਨੂੰ ਮਾਰਨ ਲੱਗ ਪਿਆ। ਉਹ ਗੱਭਰੂ ਜਿਹੜੇ ਅਸਲੋਂ ਉਹਦੇ ਨੇੜੇ ਅੱਪੜ ਗਏ ਸਨ ਉਹਨਾਂ ਨੂੰ ਅਜਿਹੇ ਹੱਲੇ ਦੀ ਆਸ ਵੀ ਨਹੀਂ ਸੀ, ਇਸ ਲਈ ਸੰਭਲਣ ਤੋਂ ਪਹਿਲਾਂ ਪਹਿਲਾਂ ਈ ਉਹਨਾਂ ਦੀਆਂ ਬੂਥੀਆਂ ਚਿੱਕੜ ਵਿਚ ਲਿਬੜ ਗਈਆਂ ਸਨ। ਮੁੜ ਉਹਦੇ ਤੋਂ ਦੂਰ ਦੂਰ ਹੱਟ ਜਾਉਣ ਤੋਂ ਵੱਖ ਉਹਨਾਂ ਗੱਭਰੂਆਂ ਕੋਲ ਕੋਈ ਹੋਰ ਰਾਹ ਨਹੀਂ ਸੀ ਰਿਹਾ। ਏਨੇ ਸਾਰੇ ਵੈਰੀਆਂ ਨੂੰ ਨਾਕਾਮ ਹੋਂਦੇ ਵੇਖ ਕੇ ਸਰਦਾਰੇ ਦਾ ਜੋਸ਼ ਹੋਰ ਵੱਧ ਗਿਆ ਤੇ ਉਹਦਾ ਦਿਲ ਕੀਤਾ ਕਿ ਮੈਂ ਉੱਚੀ ਉੱਚੀ ਹੱਸਾਂ ਤੇ ਪਿੰਡ ਵਾਲਿਆਂ ਨੂੰ ਗੰਦੀਆਂ ਗਾਲ੍ਹਾਂ ਕੱਢਾਂ। ਅਚਨਚੇਤ ਉਹਦੀ ਕੰਡ ਮਗਰ ਪਾਣੀ ਵਿਚ ਹਿੱਲ-ਜੁਲ ਪੈਦਾ ਹੋਈ, ਪਹਿਲੋਂ ਇਕ ਸਿਰ ਜ਼ਾਹਰ ਹੋਇਆ ਜਿਹੜਾ ਛੇਤੀ ਈ ਪੁੰਗਰ ਕੇ ਇਕ ਗੱਭਰੂ ਦਾ ਰੂਪ ਧਾਰ ਗਿਆ। ਇਸ ਤੋਂ ਅਗਦੋਂ ਕਿ ਸਰਦਾਰੇ ਨੂੰ ਉਹਦੀ ਕੈੜ ਹੋਂਦੀ ਉਸ ਗੱਭਰੂ ਨੇ ਪਿੱਛੋਂ ਉਹਦੀਆਂ ਬਾਹਵਾਂ ਦੇ ਉੱਤੋਂ ਦੀ ਅਜਿਹਾ ਪੀਡਾ ਜੱਫਾ ਮਾਰ ਲਿਆ ਕਿ ਇਕ ਵਾਰੀ ਤੇ ਉਹਨੂੰ ਇੰਜ ਈ ਜਾਪਿਆ ਜਿਵੇਂ ਉਹਦੀਆਂ ਹੱਡੀਆਂ ਪਸਲੀਆਂ ਦਾ ਸੁਰਮਾ ਈ ਬਣ ਗਿਆ ਹੋਵੇ। ਉਹਨੂੰ ਕਾਬੂ ਵਿਚ ਵੇਖ ਕੇ ਦੂਰ ਖਲੋਤੇ ਦੂਜੇ ਗੱਭਰੂ ਵੀ ਅੱਗੇ ਆ ਗਏ ਤੇ ਹੁਣ ਉਹਦਾ ਵਜੂਦ ਕਈ ਹੱਥਾਂ ਵਿਚ ਸੀ।

ਛੱਪੜ ਵਿਚੋਂ ਖਿੱਚ ਧਰੂਹ ਕੇ ਬਾਹਰ ਕੱਢਣ ਮਗਰੋਂ ਕਿਸੇ ਨੇ ਉਹਦੀ ਬਾਂਹ ਫੜ ਲਈ, ਕਿਸੇ ਨੇ ਲੱਤ ਫੜ ਲਈ ਤੇ ਫੇਰ ਸਾਰੇ ਉਹਨੂੰ ਡੰਡਾ-ਡੋਲੀ ਚੁੱਕੀ ਪਿੰਡ ਵੱਲ ਟੁਰ ਪਏ। ਉਹ ਸਾਰੇ ਉਹਦੀ ਬੋਲੀ ਵਿਚ ਈ ਬੋਲ ਰਹੇ ਸਨ। ਪਰ ਉਹਨੂੰ ਉਹਨਾਂ ਦੀਆਂ ਗੱਲਾਂ ਦੀ ਉੱਕਾ ਸਮਝ ਨਹੀਂ ਆ ਰਹੀ ਸੀ। ਉਹਦੇ ਦਿਮਾਗ਼ ਵਿਚ ਇਕੋ ਗੱਲ ਈ ਘੁੰਮ ਰਹੀ ਸੀ ਕਿ ਉਹਨਾਂ ਦਾ ਪੁਟਿਆ ਜਾਂਦਾ ਹਰ ਪੈਰ ਉਹਨੂੰ ਮੌਤ ਦੇ ਹੋਰ ਨੇੜੇ ਲੈ ਕੇ ਜਾ ਰਿਹਾ ਏ।

ਥੋੜੇ ਚਿਰ ਮਗਰੋਂ ਈ ਉਹ ਸੁਲਤਾਨ ਲੰਬੜ ਦੇ ਡੇਰੇ ਉਤੇ ਅੱਪੜ ਗਏ। ਉਥੇ ਹੁਣ ਅੱਗੇ ਤੋਂ ਵੀ ਬਹੁਤੇ ਲੋਕ ਇਕੱਠੇ ਹੋਏ ਸਨ। ਜਣਿਆਂ ਦੇ ਨਾਲ ਹੁਣ ਢੇਰ ਸਾਰੀਆਂ ਜ਼ਨਾਨੀਆਂ ਵੀ ਹੈਸਨ ਜਦ ਕਿ ਬਾਲ ਤਾਂ ਏਨੇ ਸਨ ਕਿ ਗਿਣਨ ਵਿਚ ਈ ਨਹੀਂ ਸਨ ਆਉਂਦੇ ਪਏ। ਉਹਨੂੰ ਉਸੇ ਥਾਂ ਈ ਲਿਆਂਦਾ ਗਿਆ ਜਿੱਥੇ ਕੁਝ ਚਿਰ ਪਹਿਲਾਂ ਉਹਦੀ ਹਜਾਮਤ ਕੀਤੀ ਗਈ ਸੀ, ਉਥੇ ਡੱਠੀ ਇਕ ਪੀੜ੍ਹੀ ਉਤੇ ਬਹਾ ਕੇ ਉਹਨੂੰ ਫੜਨ ਵਾਲੇ ਚੁਫੇਰੇ ਘੇਰਾ ਘੱਤ ਕੇ ਬਹਿ ਗਏ।

ਪੀੜ੍ਹੀ ਉੱਤੇ ਬਹਿਣ ਮਗਰੋਂ ਸਰਦਾਰੇ ਨੇ ਡਰਦੇ-ਡਰਦੇ ਆਲੇ-ਦੁਆਲੇ ਨਜ਼ਰ ਮਾਰੀ। ਉਸ ਵੇਲੇ ਲੰਬੜ ਦੇ ਡੇਰੇ ਵਿਚ ਏਨੀ ਖ਼ਲਕੱਤ ਆ ਵੜੀ ਸੀ ਕਿ ਕਿਸੇ ਬੰਦੇ ਦੇ ਬਹਿਣ ਲਈ ਕੋਈ ਥਾਂ ਨਹੀਂ ਸੀ ਰਹੀ। ਪਿੰਡ ਦੇ ਉਹ ਚੋਧਰੀ ਜਿਹੜੇ ਪਹਿਲੋਂ ਮੰਜੀਆਂ ਉਤੇ ਬੈਠੇ ਸਨ ਹੁਣ ਉਹ ਵੀ ਪੈਰਾਂ ਉਤੇ ਖਲੋਤੇ ਸਨ ਤੇ ਮਜਮੇ ਲਈ ਥਾਂ ਬਨਾਉਣ ਲਈ ਮੰਜੀਆਂ ਚੁੱਕ ਕੇ ਕੰਧ ਨਾਲ ਖਲ੍ਹਾਰ ਦਿਤੀਆਂ ਗਈਆਂ ਸਨ। ਨਿਰੀ ਸੁਲਤਾਨ ਲੰਬੜ ਤੇ ਮੀਏਂ ਲੁਕਮਾਨ ਨੂੰ ਈ ਬਹਿਣ



ਲਈ ਥਾਂ ਲੱਭੀ ਸੀ ਤੇ ਉਹ ਉਹਦੇ ਅਸਲੋਂ ਸਾਹਮਣੇ ਮੂੜ੍ਹਿਆਂ ਉਤੇ ਬੈਠੇ ਸਨ। ਉਸ ਵੇਲੇ ਈ ਮਜਮੇ ਵਿਚ ਰੌਲਾ ਜਿਹਾ ਪਿਆ ਤੇ ਸਾਰੇ ਲੋਕ ਧੌਣਾਂ ਮੋੜ ਕੇ ਆਪਣੇ ਪਿਛੇ ਇਕ ਪਾਸੇ ਵੇਖਣ ਲੱਗ ਪਏ। ਸਰਦਾਰੇ ਦਾ ਹਿਰਦਾ ਬਹਿਣ ਲੱਗ ਪਿਆ, ਉਹਨੇ ਵੀ ਉਧਰ ਧਿਆਨ ਮਾਰਿਆ। ਲੱਭਾ ਫ਼ਕੀਰ ਹੱਥਾਂ ਵਿਚ ਦਾਬੜਾ ਚੁੱਕੀ ਭੀੜ ਵਿਚੋਂ ਅੱਗੇ ਆ ਰਿਹਾ ਸੀ। ਲੋਹੇ ਦੇ ਦਾਬੜੇ ਨੂੰ ਚੁੱਕਣ ਲਈ ਲੱਭੇ ਆਪਣੇ ਹੱਥਾਂ ਵਿਚ ਪੁਰਾਣੀਆਂ ਲੀਰਾਂ ਦਿਤੀਆਂ ਹੋਈਆਂ ਸਨ। "ਦਾਬੜੇ ਵਿਚ ਜ਼ਰੂਰ ਕੋਈ ਬਹੁਤੀ ਗਰਮ ਸ਼ੈ ਹੋਵੇਗੀ" ਉਹਨੇ ਬੇਚੈਨ ਹੋ ਕੇ ਸੋਚਿਆ।

ਲੱਭੇ ਫ਼ਕੀਰ ਨੇ ਨੇੜੇ ਆ ਕੇ ਹੱਥਾਂ ਵਿਚ ਫੜਿਆ ਦਾਬੜਾ ਉਹਦੀਆਂ ਲੱਤਾਂ ਲਾਗੇ ਭੋਏਂ ਉਤੇ ਰੱਖ ਦਿੱਤਾ ਤੇ ਆਪ ਨਾਲ ਈ ਬਹਿ ਗਿਆ। ਉਹਨੇ ਵੇਖਿਆ ਦਾਬੜੇ ਵਿਚ ਸੁਕੇ ਗੋਹੇ ਬਾਲ ਕੇ ਸੁਆਹ ਇਕੱਠੀ ਕੀਤੀ ਗਈ ਸੀ। ਉਸ ਸੁਆਹ ਵਿਚੋਂ ਅਜੇ ਸੇਕ ਨਿਕਲ ਰਿਹਾ ਸੀ ਤੇ ਉਹਨੂੰ ਵੇਖ ਕੇ ਸਰਦਾਰੇ ਨੂੰ ਫੇਰ ਅੱਗ ਦੇ ਲਾਂਬੂ ਚੇਤੇ ਆਓਣ ਡਹਿ ਪਏ...ਉਹਨੇ ਡਰ ਨਾਲ ਆਪਣੀਆਂ ਅੱਖਾਂ ਮੀਟ ਲਈਆਂ। ਏਨੇ ਵਿਚ ਕੁਝ ਹੱਥ ਛਪੜ ਦੇ ਪਾਣੀ ਨਾਲ ਭਿਜਿਆ ਉਹਦਾ ਕੁੜਤਾ ਲਾਹੁਣ ਦਾ ਜਤਨ ਕਰਨ ਲੱਗ ਪਏ। ਉਹਨੇ ਆਪਣੇ ਆਪ ਕੁੰਜਣ ਦੀ ਕੋਸ਼ਿਸ਼ ਕੀਤੀ, ਪਰ ਹਰ ਪਾਸਿਉਂ ਫੜੇ ਹੋਣ ਕਰਤੇ ਉਹਦੀ ਕੋਈ ਪੇਸ਼ ਨਾ ਗਈ। ਉਹ ਧੁੱਪੇ ਬੈਠਾ ਹੋਇਆ ਸੀ, ਪਰ ਕੁੜਤਾ ਲਹਿਣ ਮਗਰੋਂ ਉਹਦੇ ਲੂੰ ਖਲੋ ਗਏ ਸਨ ਤੇ ਉਹ ਥੱਰਹੱਰ-ਥੱਰਹੱਰ ਕੰਬਣਾ ਸ਼ੁਰੂ ਹੋ ਗਿਆ ਸੀ। ਉਹਨੇ ਅੱਖਾਂ ਖੋਲ੍ਹ ਕੇ ਲੋਕਾਂ ਉੱਤੇ ਨਿਗਾਹ ਮਾਰੀ ਪਰ ਉਹਨੂੰ ਕੋਈ ਵੀ ਆਪਣਾ ਦਰਦੀ ਨਾ ਦਿਸਿਆ। ਇਸੇ ਦੌਰਾਨ ਈ ਉਹਨੂੰ ਹੈਦਰ ਨਾਈ ਤੇ ਉਹਦਾ ਮੁੰਡਾ ਮਾਲੂ ਲੋਕਾਂ ਨੂੰ ਪਰਾਂਹ-ਪਰਾਂਹ ਕਰਕੇ ਅੱਗੇ ਆਉਂਦੇ ਦਿੱਸੇ। ਹੈਦਰ ਨਾਈ ਦੇ ਸੱਜੇ ਹੱਥ ਵਿਚ ਉਸਤਰਾ ਸੀ ਤੇ ਖੱਬੇ ਹੱਥ ਵਿਚ ਚਮੜੇ ਦੀ ਕਾਲੀ ਪਟਾਸ। ਉਸਤਰੇ ਦਾ ਨੰਗਾ ਫਲ੍ਹ ਧੁੱਪ ਵਿਚ ਚਮਕਾਂ ਮਾਰ ਰਿਹਾ ਸੀ ਤੇ ਹੈਦਰ ਨਾਈ ਚਮੜੇ ਉਤੇ ਪੁੱਠਾ-ਸਿਧਾ ਫੇਰ ਕੇ ਉਹਦੀ ਧਾਰ ਨੂੰ ਹੋਰ ਤੇਜ਼ ਕਰ ਰਿਹਾ ਸੀ। ਮਾਲੂ ਜਿਹੜਾ ਕਿ ਉਮਰ ਵਿਚ ਸਰਦਾਰੇ ਨਾਲੋਂ ਦੋ ਵਰ੍ਹੇ ਈ ਵੱਡਾ ਹੋਵੇਗਾ, ਉਹਨੇ ਉਸ ਵੇਲੇ ਗਲ ਵਿਚ ਰਛਾਣੀ ਲੰਮਕਾਈ ਹੋਈ ਸੀ। ਮਾਲੂ ਨੂੰ ਵੇਖ ਕੇ ਉਹਦੇ ਦਿਲ ਦੀਆਂ ਸੱਧਰਾਂ ਦੇ ਦੀਵੇ ਫ਼ੇਰ ਬਲ ਪਏ। ਸਰਦਾਰਾ ਕਈ ਵਾਰ ਭਾਪਾ ਜੀ ਤੋਂ ਪੁੱਛੇ ਬਿਨਾ ਮਾਲੂ ਨੂੰ ਆਪਣੀਆਂ ਪੈਲੀਆਂ ਵਿਚੋਂ ਪੱਠੇ ਵੱਢਣ ਤੇ ਗੰਨੇ ਭੰਨਣ ਦਾ ਮੌਕਾ ਦਿੱਤਾ ਸੀ। ਉਹਨੇ ਆਸ ਭਰੀਆਂ ਨਜ਼ਰਾਂ ਨਾਲ ਮਾਲੂ ਦੀਆਂ ਅੱਖਾਂ ਵਿਚ ਵੇਖਣਾ ਚਾਹਿਆ ਪਰ ਉਹਨੂੰ ਕਾਮਯਾਬੀ ਨਾ ਹੋਈ ਕਿਉਂ ਜੇ ਮਾਲੂ ਉਹਦੇ ਵੱਲ ਨਹੀਂ ਸਗੋਂ ਆਪਣੇ ਪੈਰਾਂ ਨੂੰ ਵੇਖ ਰਿਹਾ ਸੀ, ਸਾਫ਼ ਲਗਦਾ ਸੀ ਕਿ ਮਾਲੂ ਉਹਦੇ ਨਾਲ ਅੱਖ ਖਿਲਾਉਣ ਤੋਂ ਝੱਕ ਰਿਹਾ ਏ।

ਮੀਏਂ ਲੁਕਮਾਨ ਨੇ ਅੱਖ ਨਾਲ ਸੈਨਤ ਕੀਤੀ ਤੇ ਸਰਦਾਰੇ ਨੂੰ ਫੜਨ ਵਾਲਿਆਂ ਆਪਣੀ ਪਕੜ ਹੋਰ ਪੀਢੀ ਕਰ ਲਈ। ਇਸ ਤੋਂ ਪਹਿਲਾਂ ਕਿ ਉਹ ਕੁਝ ਹੋਰ ਕਰਦੇ ਸੁਲਤਾਨ ਲੰਬੜ ਆਪਣੇ ਮੂੜ੍ਹੇ ਤੋਂ ਉੱਠ ਕੇ ਅੱਗੇ ਆਇਆ ਤੇ ਆਪਣੇ ਮੋਂਢੇ ਉਤੇ ਰੱਖੀ ਬਦਾਮ ਰੰਗੀ ਗਰਮ ਚਾਦਰ ਲਾਹ ਕੇ ਉਹਦੇ ਉਤਲੇ ਧੜ ਦੁਆਲੇ ਵਲ੍ਹੇਟ ਦਿਤੀ। ਮੱਜਮੇ ਵਿਚੋਂ ਨਿਕਲ ਕੇ ਇਕ ਹੋਰ ਗਭਰੂ ਸਰਦਾਰੇ ਦੇ ਨੇੜੇ ਆਇਆ ਤੇ ਉਹਨੇ ਖਿਚ ਕੇ ਉਹਦਾ ਤਹਿਮਦ ਵੀ ਲਾਹ ਦਿੱਤਾ। ਜੇ ਲੰਬੜਦਾਰ ਨੇ ਵੇਲੇ ਸਿਰ ਉਹਨੂੰ ਆਪਣੀ ਚਾਦਰ ਨਾਲ ਨਾ ਕੱਜਿਆ ਹੋਂਦਾ ਤੇ ਉਹਨੇ ਸਾਰੇ ਪਿੰਡ ਦੇ ਸਾਹਮਣੇ ਅਲਫ਼-ਨੰਗੇ ਹੋ ਜਾਣਾ ਸੀ। ਉਹਨੇ ਲੱਤਾਂ ਘੁੱਟ ਕੇ ਆਪਣੇ ਨੰਗ ਨੂੰ ਕੱਜਣ

ਦਾ ਆਹਰ ਕੀਤਾ ਪਰ ਉਹਦੇ ਸੱਜੇ-ਖੱਬੇ ਗਭਰੂਆਂ ਜ਼ੋਰ ਦੀ ਖਿਚ ਮਾਰ ਕੇ ਉਹਦੀਆਂ ਲੱਤਾਂ ਨੂੰ ਹੋਰ ਖੋਲ੍ਹ ਦਿਤਾ, ਸਰਦਾਰੇ ਨੇ ਵੇਖਿਆ ਕਿ ਉਹਨੂੰ ਨੰਗਿਆਂ ਵੇਖ ਪਿੰਡ ਦੇ ਬਾਲ ਹੱਸ-ਹੱਸ ਦੋਹਰੇ ਹੋ ਰਹੇ ਸਨ...ਉਹਨੇ ਫ਼ੇਰ ਆਪਣੀਆਂ ਅੱਖਾਂ ਬੰਦ ਕਰ ਲਈਆਂ ਪਰ ਇਸ ਵਾਰ ਡਰ ਨਾਲ ਨਹੀਂ ਸਗੋਂ ਬੇ-ਬਹਾ ਸੰਗ ਨਾਲ। ਇਸ ਦੌਰਾਨ ਲੱਭੇ ਫ਼ਕੀਰ ਨ ਨਿੱਘੀ ਸੁਆਹ ਦਾ ਦਾਬੜਾ ਪੀੜ੍ਹੀ ਦੇ ਨਾਲ ਉਹਦੇ ਪੱਟਾਂ ਦੇ ਵਿਚਕਾਰ ਜ਼ਮੀਨ ਉੱਤੇ ਲਿਆ ਰੱਖਿਆ ਸੀ।

ਇਕ ਖਰ੍ਹਵੇ ਹੱਥ ਨੇ ਸਰਦਾਰੇ ਨੂੰ ਅਜਿਹੇ ਥਾਉਂ ਆ ਫੜਿਆ ਕਿ ਉਹਨੇ ਤਰ੍ਹਿਭਕ ਕੇ ਅੱਖਾਂ ਖੋਲ੍ਹ ਦਿਤੀਆਂ। ਇਹ ਹੱਥ ਹੈਦਰ ਨਾਈ ਦਾ ਸੀ, ਉਹ ਮਖ਼ੌਲੀਆ ਰੰਗ ਵਿਚ ਆਖ ਰਿਹਾ ਸੀ, "ਵਾਹ ਵਈ ਸ਼ੇਰਾ ਤੂੰ ਤੇ ਬੜੀ ਨਿੱਗਰ ਸ਼ੈ ਦਾ ਮਾਲਕ ਏਂ।"

ਸਰਦਾਰੇ ਨੇ ਵੇਖਿਆ ਕਿ ਉਹ ਉਸਤਰਾ ਤੇ ਚਪੜਾਸ ਜਿਹੜੀ ਪਹਿਲੋਂ ਹੈਦਰ ਨਾਈ ਕੋਲ ਸੀ ਹੁਣ ਮਾਲ੍ਹੂ ਦੇ ਹੱਥਾਂ ਵਿਚ ਸੀ। ਆਪਣੀ ਤਸੱਲਾ ਕਰ ਲੈਣ ਮਗਰੋਂ ਹੈਦਰ ਨਾਈ ਨੇ ਮਾਲ੍ਹੂ ਵਲ ਇਕ ਹੱਥ ਕਰ ਕੇ ਆਖਿਆ "ਮੈਨੂੰ ਜ਼ਰਾ ਬਘਿਆੜੀ ਤੇ ਫੜਾਈਂ।"

"ਬਘਿਆੜੀ... ਬਘਿਆੜ ਨੂੰ ਤੇ ਜਾਣਨਾ ਵਾਂ, ਇਹ ਬਘਿਆੜੀ ਕੀ ਬਲਾ ਏ?" ਇਹ ਸੋਚਦਿਆਂ ਸਰਦਾਰੇ ਦੇ ਦਿਲ ਵਿਚ ਫ਼ੇਰ ਸੌੜ ਪੈਣ ਲੱਗ ਪਈ। ਉਹਨੇ ਹੈਦਰ ਨਾਈ ਦੇ ਮਗਰ ਬੈਠੇ ਮਾਲ੍ਹੂ ਨੂੰ ਵੇਖਿਆ, ਮਾਲ੍ਹੂ ਨੇ ਹੱਥ ਵਿਚ ਫੜੀਆਂ ਵਸਤਾਂ ਲੱਭੇ ਫ਼ਕੀਰ ਨੂੰ ਫੜਾ ਦਿੱਤੀਆਂ ਸਨ ਤੇ ਆਪ ਰਛਾਣੀ ਨੂੰ ਭੋਏਂ ਉਤੇ ਰੱਖ ਕੇ ਉਹਦੇ ਵਿਚ ਭਰੇ ਉਸਤਰਿਆਂ, ਨ੍ਹੇਰਨਿਆਂ, ਕੈਂਚੀਆਂ ਤੇ ਮਸ਼ੀਨਾਂ ਨੂੰ ਇਧਰ-ਉਧਰ ਕਰਕੇ ਕੋਈ ਸ਼ੈ ਲਭ ਰਿਹਾ ਸੀ। ਕੁਝ ਚਿਰ ਮਗਰੋਂ ਉਹਨੇ ਰਛਾਣੀ ਦੇ ਢੱਲੇ ਨਾਲ ਬਣੇ ਇਕ ਰਖ਼ਨੇ ਵਿਚੋਂ ਕੋਈ ਇਕ ਗਿੱਠ ਲੰਮੀ ਸ਼ੈ ਬਾਹਰ ਕੱਢ ਲਿਆਂਦੀ। ਹੈਦਰ ਨਾਈ ਨੇ ਮਾਲ੍ਹੂ ਕੋਲੋਂ ਉਹ ਅਜਬ ਵਸਤ ਫੜ ਲਈ ਤੇ ਉਹਦੇ ਉਤੇ ਵਲ੍ਹੇਟੀ ਪੁਰਾਣੀ ਲੀਰ ਦੇ ਵੱਲ ਖੋਲ੍ਹਣ ਲੱਗ ਪਿਆ। ਲੀਰ ਲੱਥੀ ਤੇ ਵਿਚੋਂ ਇਕ ਪੁਰਾਣਾ ਨੱੜ ਦਾ ਕਾਨਾ ਤੇ ਉਹਦੇ ਤੋਂ ਥੋੜ੍ਹਾ ਜਿਹਾ ਲੰਮਾ ਅਜਿਹਾ ਤੀਲਾ ਨਿਕਲ ਆਇਆ ਜਿਹਦੇ ਇਕ ਸਿਰੇ ਉਤੇ ਧਾਗਾ ਵਲ੍ਹੇਟ ਕੇ ਉਹਦਾ ਉਹ ਸਿੱਰਾ ਕੁਝ ਕੂਲਾ ਬਣਾਇਆ ਗਿਆ ਸੀ। ਕਈ ਵਰ੍ਹਿਆਂ ਦੀ ਸਕਾਰੀ ਵਰਤੋਂ ਕਾਰਨ ਇਹ ਨੱੜ ਤੇ ਤੀਲਾ ਥਿੰਦੇ ਤੇ ਮੈਲ ਨਾਲ ਕਾਲੇ ਹੋ ਗਏ ਸਨ। ਹੈਦਰ ਨਾਈ ਨੇ ਜਵਾਨੀ ਵੇਲੇ ਇਹ ਨੱੜ ਸੇਮ ਨਾਲੇ ਦੇ ਮੁੱਢ ਉੱਗੇ ਸਰੂਟਾਂ ਵਿਚੋਂ ਵੱਢਿਆ ਸੀ ਤੇ ਉਹਦੇ ਬਹਿਸ਼ਤੀ ਪਿਓ ਦੁੱਲੇ ਨਾਈ ਨੇ ਆਪਣੀ ਖ਼ਾਸ ਛੁਰੀ ਨਾਲ ਉਹਦੇ ਇਕ ਸਿਰੇ ਵਿਚ ਇਕ ਉਂਗਲ ਲੰਮਾ ਅਜਿਹਾ ਚੀਰਾ ਦਿਤਾ ਬੀ ਜਿਹਦੇ ਨਾਲ ਨੱੜ ਵਿਚ ਇਹ ਗੁਣ ਪੈਦਾ ਹੋ ਗਿਆ ਸੀ ਕਿ ਉਹ ਆਪਣੇ ਇਸ ਮੂੰਹ ਵਿਚ ਆਉਣ ਵਾਲੀ ਹਰ ਸ਼ੈ ਨੂੰ ਪੀਢਾ ਚੱਕ ਮਾਰਨ ਲੱਗ ਪਿਆ ਸੀ। ਅੰਗੂਠੇ ਦੇ ਨਹੁੰ ਨਾਲ ਨੱੜ੍ਹੇ ਦਾ ਸਿੱਰਾ ਖੋਲ੍ਹ ਕੇ ਹੈਦਰ ਨਾਈ ਨੇ ਉਹਦੇ ਵਿਚ ਆਪਣੀ ਅੰਗੂਠੇ ਦੇ ਨਾਲਦੀ ਉਂਗਲ ਨੂੰ ਫਸਾ ਕੇ ਇਹ ਮੂੰਹ ਹੋਰ ਖੁਲ੍ਹਾ ਕੀਤਾ ਤੇ ਉਹਨੂੰ ਸਰਦਾਰੇ ਦੇ ਪੱਟਾਂ ਦੇ ਵਿਚਕਾਰ ਲੈ ਗਿਆ। ਘਸਮੈਲੇ ਨੱੜ ਦਾ ਘੱੜਿਆ ਹੋਇਆ ਮੂੰਹ ਆਪਣੇ ਮਲੂਕ ਅੰਗ ਵਲ ਆਉਂਦਾ ਵੇਖ ਕੇ ਖ਼ੌਫ਼ ਦੀ ਇਕ ਠੰਢੀ ਠੱਲ੍ਹ ਸਰਦਾਰੇ ਦੇ ਸਿਰ ਤੋਂ ਲੈ ਕੇ ਪੈਰਾਂ ਤੀਕ ਲੰਘ ਗਈ। ਉਹ ਨੂੰ ਸਮਝ ਆ ਗਈ ਕਿ ਇਹ ਨੱੜ ਈ ਇਹਨਾਂ ਨਾਈਆਂ ਦੀ ਬਘਿਆੜੀ ਏ। ਉਸੇ ਥਾਂ ਬਘਿਆੜੀ ਨਾਲ ਪੀਢੀ ਚੂੰਢੀ ਭਰੀ ਗਈ ਤੇ ਨਾ ਦਸਣੀ ਪੀੜ ਪਾਰੋਂ ਉਹਦੀ ਚੀਕ ਨਿਕਲ ਗਈ, ਜਿਸ ਨੂੰ ਸੁਣ ਕੇ ਕੁਝ ਲੋਕ ਹੱਸ ਪਏ ਤੇ



ਕੁਝ ਉੱਚੀ ਬੋਲਣ ਲਗ ਪਏ। ਪਰ ਛੇਤੀ ਈ ਸਾਰੇ ਚੁੱਪ ਕਰ ਕੇ ਕਿਸੇ ਨਵੇਂ ਤਮਾਸ਼ੇ ਦੀ ਉਡੀਕ ਕਰਨ ਲੱਗ ਪਏ।

ਬਘਿਆੜੀ ਨੂੰ ਆਪਣੇ ਸ਼ਿਕਾਰ ਨਾਲ ਚੰਬੜੇ ਵੇਖ ਕੇ ਮਾਲ੍ਹੂ ਨੇ ਚਮੜੇ ਉਤੇ ਉਸਤਰਾ ਫੇਰਨ ਦਾ ਟੌਰਾ ਹੋਰ ਤਰਿੱਖਾ ਕਰ ਦਿਤਾ ਸੀ। ਉਹਦੇ ਵੱਲ ਮੂੰਹ ਕਰਕੇ ਹੈਦਰ ਨਾਈ ਬੋਲਿਆ "ਹੁਣ ਇਹ ਰੱਛ ਮੈਨੂੰ ਫੜਾ ਤੇ ਬਘਿਆੜੀ ਨੱਪ ਕੇ ਤੀਲੇ ਨਾਲ ਸਪਾਰੀ ਨੂੰ ਮਾਸਾ ਅਗਾਂਹ ਧਿੱਕ ਦੇ, ਮੈਨੂੰ ਜਾਪਿਆ ਏ ਉਤਲੇ ਮਾਸ ਨਾਲ ਇਹਦੀ ਸਪਾਰੀ ਵੀ ਕੁਝ ਅੱਗੇ ਆ ਗਈ ਏ।"

ਇਹ ਸੁਣ ਕੇ ਮਾਲ੍ਹੂ ਨੇ ਚਪੜਾਸ ਆਪਣੀ ਰਛਣੀ ਵਿਚ ਰੱਖੀ, ਉਸਤਰਾ ਪਿਓ ਨੂੰ ਫੜਾਇਆ ਤੇ ਆਪੋਂ ਖੱਬੇ ਹੱਥ ਨਾਲ ਬਘਿਆੜੀ ਫੜ ਕੇ ਉਹਦਾ ਪਿਛਲਾ ਸਿਰ ਉੱਚਾ ਕੀਤਾ ਤੇ ਉਹਦੇ ਸੱਖਣੇ ਨੱੜ ਦੀ ਮੋਰੀ ਦੇ ਅੰਦਰ ਸੱਜੇ ਹੱਥ ਵਿਚ ਫੜੇ ਤੀਲੇ ਦਾ ਉਹ ਸਿਰਾ ਹੌਲੀ-ਹੌਲੀ ਵਾੜਨ ਲਗ ਪਿਆ ਜਿਹਦੇ ਅੱਗੇ ਧਾਗਾ ਵਲ੍ਹੇਟਿਆ ਹੋਇਆ ਸੀ। ਉਥੇ ਖਲੋਤੇ ਸਾਰੇ ਬੰਦੇ ਇੰਜ ਸਾਹ ਘੁੱਟ ਕੇ ਇਸ ਕੰਮ ਨੂੰ ਵੇਖ ਰਹੇ ਸਨ ਜਿਵੇਂ ਕਿ ਸਭਨਾਂ ਨੂੰ ਸੱਪ ਸੁੰਘ ਗਿਆ ਹੋਵੇ। ਮਾਲ੍ਹੂ ਨੇ ਆਪਣਾਂ ਕੰਮ ਤੋੜ ਚਾੜ੍ਹਿਆ ਤੇ ਹੈਦਰ ਨਾਈ ਨੇ ਨੇੜੇ ਮੂੰਹ ਲਿਆ ਕੇ ਇਕ ਇਕ ਸ਼ੈ ਨੂੰ ਧਿਆਨ ਨਾਲ ਵੇਖਿਆ ਤੇ ਮੁੜ ਇਕ ਵਾਰ ਫ਼ੇਰ ਬਘਿਆੜੀ ਨੂੰ ਆਪਣੇ ਇਕ ਹੱਥ ਵਿਚ ਲੈ ਕੇ ਦੂਜੇ ਹੱਥ ਵਿਚ ਫੜੇ ਉਸਤਰੇ ਨੂੰ ਉਹਦੇ ਨੇੜੇ ਖੜਨ ਡਹਿ ਪਿਆ।

ਉਸਤਰੇ ਨੂੰ ਆਪਣੇ ਵੱਲ ਆਉਂਦੇ ਵੇਖ ਕੇ ਸਰਦਾਰੇ ਦੇ ਮੂੰਹ ਵਿਚੋਂ ਥੁੱਕ ਸੁੱਕਣ ਲੱਗ ਪਿਆ। ਚੋਖੇ ਖ਼ੌਫ਼ ਨਾਲ ਉਹ ਹੁਣ ਚੀਕਣਾ ਵੀ ਭੁੱਲ ਗਿਆ ਸੀ। ਇਕ ਗੱਲ ਜਿਹੜੀ ਸਾਰੇ ਇਕੱਠ ਨੇ ਤਾੜੀ ਉਹ ਇਹ ਸੀ ਕਿ ਉਸਤਰਾ ਫੜਨ ਮਗਰੋਂ ਹੈਦਰ ਨਾਈ ਦਾ ਸੱਜਾ ਹੱਥ ਚੰਗਾ ਭਲਾ ਕੰਬਣ ਡਹਿ ਪਿਆ ਸੀ। ਹੈਦਰ ਨਾਈਂ ਵਿਚ ਇਹ ਵੱਡੀ ਭੈੜ ਸੀ ਕਿ ਇੰਜ ਦਾ ਕੋਈ ਉਚੇਚਾ ਕੰਮ ਕਰਨ ਵੇਲੇ ਉਹਦੇ ਹੱਥ ਕੰਬਣਾ ਸ਼ੁਰੂ ਹੋ ਜਾਂਦੇ ਸਨ ਜਿਹਦੇ ਕਾਰਨ ਉਹਦੀ ਕਾਰਗਰਦਗੀ ਕਾਫੀ ਮਾੜੀ ਹੋ ਜਾਂਦੀ ਸੀ। ਖ਼ਾਸ ਤੌਰ ਜੇ ਉਸਤਰਾ ਫੜਨ ਵੇਲੇ ਕਾਂਬਾ ਛਿੜ ਜਾਂਦਾ ਤੇ ਉਹਦੇ ਕੋਲੋਂ ਲੋਕਾਂ ਨੂੰ ਖ਼ਤਰਨਾਕ ਪੱਛ ਲੱਗ ਜਾਂਦੇ ਸਨ। ਅੱਜ ਵੀ ਕੋਈ ਇਹੋ ਜਿਹਾ ਈ ਹਾਲ ਸੀ, ਪਰ ਇਸ ਤੋਂ ਪਹਿਲਾ ਕਿ ਹੈਦਰ ਨਾਈ ਦੇ ਕੰਬਦੇ ਹੱਥ ਵਿਚ ਸੱਜੇ-ਖੱਬੇ ਡੋਲਦਾ ਤੇਜ਼ ਉਸਤਰਾ ਕੋਈ ਗ਼ਲਤ ਕੰਮ ਵਖਾ ਜਾਂਦਾ, ਆਪਣੇ ਮੁੜ੍ਹੇ ਉਤੇ ਉੱਸਲ ਵੱਟੇ ਲੈਂਦਾ ਸੁਲਤਾਨ ਲੰਬੜ ਉੱਚੀ ਸਾਰੀ ਬੋਲਿਆ "ਖਲੋ ਜਾ ਹੈਦਰਾ, ਖਲੋ ਜਾ।"

ਹੈਦਰ ਨਾਈ ਨੇ ਘਾਬਰ ਕੇ ਆਪਣਾ ਹੱਥ ਪਿਛਾਂਹ ਖਿਚ ਲਿਆ ਤੇ ਲੋਕਾਂ ਵਿਚ ਰੌਲਾ ਪੈ ਗਿਆ। ਕਈ ਗੁੱਸੇ ਭਰੀਆਂ ਆਵਾਜ਼ਾਂ ਆਈਆਂ "ਸੁੰਨੱਤ ਪੂਰੀ ਕੀਤੇ ਬਿਨਾ ਇਹ ਮੁੰਡਾ ਮੁਸਲਮਾਨ ਨਹੀਂ ਹੋ ਸਕਦਾ। ਲੰਬੜਦਾਰਾ! ਤੂੰ ਨਾਈ ਨੂੰ ਇਹ ਕੰਮ ਕਰਨੋਂ ਨਹੀਂ ਡੱਕ ਸਕਦਾ।"

"ਮੈਂ ਕਦੋਂ ਅੜਿੱਕਾ ਪਾ ਰਿਹਾਂ, ਕਮਲਿਓ! ਮੈਂ ਤੇ ਇਸ ਗੱਲੋਂ ਡੱਕਿਆ ਏ ਕਿਤੇ ਹੈਦਰ ਨਾਈ ਕੋਲੋਂ ਮੁੰਡੇ ਨੂੰ ਫੱਟ ਨਾ ਲੱਗ ਜਾਵੇ। ਇਹ ਤਗੜੇ ਨੈਣਾ ਪਰਾਣਾਂ ਵਾਂਲੇ ਨਾਈ ਦਾ ਕੰਮ ਏ, ਹੈਦਰ ਤੇ ਜਦੋਂ ਦਾ ਵਡੇਰਾ ਹੋਇਆ ਏ ਇਹਤੇ ਆਪਣੇ ਹੱਥਾਂ ਉਤੇ ਈ ਇਖ਼ਤਿਆਰ ਨਹੀਂ ਰਿਹਾ।" ਸੁਲਤਾਨ ਲੰਬੜ ਅੱਗੋਂ ਬੋਲਿਆ ਤੇ ਫੇਰ ਮਾਲ੍ਹੂ ਵੱਲ ਮੂੰਹ ਕਰਕੇ ਲੱਗਾ ਆਖਣ "ਪੁੱਤਰਾ! ਤੂੰ ਲੰਘੇ ਚੰਨ ਤਰਖਾਣਾ ਦੇ ਜਾਤਕਾਂ ਨੂੰ ਸੁੰਨਤੀ ਬਹਾਇਆ ਸੀ, ਸੁਣਿਆ ਏ ਉਹਨਾਂ ਦੇ ਜ਼ਖ਼ਮ ਛੁੱਟ ਵੀ ਗਏ ਨੇ, ਇਸ ਲਾਵਾਰਸ ਛੋਰ੍ਹ ਨਾਲ ਤੂੰ ਈ ਕੋਈ ਭਲਾ ਕਰ ਦੇ।" ਉਂਜ

ਤਾਂ ਇਸ ਕੰਮ ਤੋਂ ਜਾਨ ਛੁਟਣ ਨਾਲ ਹੈਦਰ ਨਾਈ ਨੇ ਸੁੱਖ ਦਾ ਸਾਹ ਲਿਆ ਸੀ, ਪਰ ਏਨੇ ਲੋਕਾਂ ਦੇ ਸਾਹਮਣੇ ਲੰਬੜਦਾਰ ਵਲੋਂ ਉਹਦੀ ਕਲਾ ਵਿਚ ਨੁਕਸ ਕੱਢਣਾ ਉਹਨੇ ਚੰਗਾ ਨਾ ਜਾਤਾ ਤੇ ਆਪਣੇ ਰੱਛ ਕਾਂਡ ਮਾਲੂ ਦੇ ਹਵਾਲੇ ਕਰ ਕੇ ਆਪ ਰੁੱਸ ਕੇ ਪਰਾਂਹ ਜਾ ਖਲੋਤਾ।

ਹੈਦਰ ਨਾਈ ਦੇ ਖ਼ਿਲਾਫ਼ ਸੁਲਤਾਨ ਲੰਬੜ ਦਾ ਬੋਲਣਾ ਉਥੇ ਮੌਜੂਦ ਲੋਕਾਂ ਵਿਚੋਂ ਸਭ ਤੋਂ ਵੱਧ ਸਰਦਾਰੇ ਨੂੰ ਪਸੰਦ ਆਇਆ ਸੀ, ਉਹਨੇ ਆਪਣੇ ਸਾਹਮਣੇ ਬੈਠੇ ਮਾਲੂ ਦਾ ਮੂੰਹ ਆਪਣੇ ਵੱਲ ਕਰਾਉਣ ਲਈ ਹੌਲੀ ਜਿਹਾ ਆਖਿਆ "ਮਾਲੂ"।

ਮਾਲੂ ਜਿਹੜਾ ਸ਼ੁਰੂ ਤੋਂ ਈ ਸੋਚ ਸਮਝ ਕੇ ਉਹਦੇ ਨਾਲ ਅੱਖਾਂ ਮਿਲਾਉਣ ਤੋਂ ਲਾਂਭੇ ਕਰ ਰਿਹਾ ਸੀ, ਭੁੱਲ ਕੇ ਉਹਦੇ ਵੱਲ ਵੇਖ ਬੈਠਾ। ਅੱਖਾਂ ਚਾਰ ਹੋਈਆਂ ਤੇ ਦੋਵੇਂ ਖਮੋਸ਼ੀ ਦੀ ਬੋਲੀ ਵਿਚ ਗੱਲਾਂ ਕਰਨ ਲੱਗ ਪਏ। ਸਰਦਾਰੇ ਦੀਆਂ ਅੱਖਾਂ ਅਰਜ਼ੋਈ ਕੀਤੀ "ਮਾਲੂ! ਹੁਣ ਤੂੰ ਈ ਮੈਨੂੰ ਬਚਾ ਸਕਨਾ ਏਂ। ਮੈਂ ਭਾਪਾ ਜੀ ਕੋਲੋਂ ਮਾਰ ਖਾ ਲੈਂਦਾ ਸਾਂ ਪਰ ਮੰਗਣ ਉਤੇ ਤੈਨੂੰ ਕਦੇ ਖ਼ਾਲੀ ਹੱਥ ਨਹੀਂ ਸੀ ਪਰਤਾਇਆ...ਓ ਮਾਲੂ! ਕੁਝ ਤਾਂ ਚੇਤੇ ਕਰ।"

ਅੱਗੋਂ ਮਾਲੂ ਦੀਆਂ ਅੱਖਾਂ ਵਿਚ ਹਿਰਖ ਸੀ ਤੇ ਬੇਵੱਸੀ, ਉਹਦੇ ਸਾਰੇ ਜਜ਼ਬੇ ਪਿੰਡ ਦੇ ਮੋਅਤਬਿਰਾਂ ਦੇ ਡਰ ਥੱਲੇ ਦੱਬੇ ਹੋਏ ਸਨ। ਮਾਲੂ ਆਪਣੀਆਂ ਅੱਖਾਂ ਨਾਲ ਕੋਈ ਚੱਜ ਦਾ ਜੁਆਬ ਨਾ ਦੇ ਸਕਿਆ ਤੇ ਮੂੰਹ ਨਾਲ ਉਹਦੀ ਹਿੰਮਤ ਵਧਾਂਦਾ ਬੋਲਿਆ "ਸਰਦਾਰਿਆ! ਨੂੰ ਉੱਕਾ ਚਿੰਤਾ ਨਾ ਕਰ, ਮੇਰਾ ਹੱਥ ਬੜਾ ਹੌਲਾ ਏ ਤੈਨੂੰ ਨਹੁੰ ਕੱਪਣ ਜਿਨੀ ਵੀ ਪੀੜ ਨਹੀਂ ਹੋਵੇਗੀ।"

ਹੁਣ ਕੋਈ ਆਸਰਾ ਨਹੀਂ ਸੀ ਰਿਹਾ, ਹਾਰੇ ਹੋਏ ਹੌਂਸਲੇ ਨਾਲ ਆਪਣਾ ਵਜੂਦ ਢਿੱਲਾ ਛਡ ਕੇ ਉਹ ਮਾਲੂ ਦੇ ਹੱਥਾਂ ਦੀਆਂ ਹਰਕਤਾਂ ਵੇਖਣ ਲੱਗ ਪਿਆ। ਮਾਲੂ ਨੇ ਉਸਤਰਾ ਅਗਾਂਹ ਕੀਤਾ, ਦੂਜੇ ਗੱਭਰੂਆਂ ਆਪਣੀ ਪਕੜ ਹੋਰ ਪੀਢੀ ਕਰ ਲਈ ਪਰ ਉਹਦੇ ਵੱਲ ਆਉਂਦਾ ਹੱਥ ਫੇਰ ਰੁੱਕ ਗਿਆ। ਐਤਕੀ ਬੇਵੱਸਾ ਹੋ ਕੇ ਮਾਲੂ ਬੋਲਿਆ "ਸਰਦਾਰਿਆਂ! ਤੂੰ ਮੇਰੇ ਹੱਥਾਂ ਵੱਲ ਨਾ ਵੇਖ, ਇੰਜ ਪੀੜ ਬਹੁਤੀ ਹੋਵੇਗੀ।" ਪਰ ਵਿਚੋਂ ਗੱਲ ਇਹ ਸੀ। ਕਿ ਉਸਤਰੇ ਵਾਲੇ ਹੱਥ ਉਤੇ ਉਹਦੇ ਵੇਖਣ ਦੀ ਤੱਪ ਮਹਿਸੂਸ ਕਰ ਕੇ ਮਾਲੂ ਨੂੰ ਇਹ ਕੰਮ ਕਰਨ ਦੀ ਹਿੰਮਤ ਨਹੀਂ ਸੀ ਹੋ ਰਹੀ।

ਉਹਦੇ ਹੱਥਾਂ ਵੱਲ ਵੇਖਣ ਦੀ ਥਾਂ ਸਰਦਾਰੇ ਨੇ ਹੁਣ ਮਾਲੂ ਦੇ ਮੂੰਹ ਵੱਲ ਵੇਖਣਾ ਸ਼ੁਰੂ ਕਰ ਦਿਤਾ। ਉਹਦੀਆਂ ਨਜ਼ਰਾਂ ਦੇ ਤੀਰ ਹੁਣ ਅੱਗੇ ਨਾਲੋਂ ਵੀ ਬਹੁਤੇ ਚੁਭੇ ਤੇ ਮਾਲੂ ਦੇ ਹੱਥ ਮੁੜ ਕੰਮ ਕਰਨ ਤੋਂ ਇਨਕਾਰੀ ਹੋ ਗਏ। ਅੱਚਣ ਚੇਤ ਮਾਲੂ ਦੇ ਦਿਮਾਗ਼ ਵਿਚ ਇਕ ਜੱਟਕਾ ਫੰਦ ਆਇਆ ਤੇ ਉਹ ਅਸਮਾਨ ਵੱਲ ਸੈਨਤ ਕਰ ਕੇ ਬੋਲਿਆ, "ਸਰਦਾਰਿਆ, ਸਰਦਾਰਿਆ! ਉਹ ਵੇਖ ਇੱਲ ਕੋਕੋ..."

ਸਰਦਾਰੇ ਦੀਆਂ ਨਜ਼ਰਾਂ ਅਸਮਾਨ ਵੱਲ ਗਈਆਂ ਤੇ ਮਾਲੂ ਨਾਈ ਦਾ ਹੱਥ ਚਲ ਗਿਆ, ਮਾਸ ਵਖਰਾ ਹੋ ਗਿਆ, ਉਸਤਰਾ ਲਹੂ ਨਾਲ ਭਿੱਜ ਗਿਆ ਤੇ ਦਾਬੜੇ ਦੀ ਸੁਆਹ ਰੱਤੀ ਹੋਣ ਡਹਿ ਪਈ।

ਸਰਦਾਰੇ ਨੂੰ ਵੀ ਚਾਨਣ ਹੋ ਗਿਆ ਕਿ ਅੰਬਰਾਂ ਉਤੇ ਇੱਲ ਕੋਕੋ ਵੇਹੰਦੇ-ਵੇਹੰਦੇ ਉਹਦੇ ਨਾਲ ਹੱਥ ਹੋ ਗਿਆ ਏ. ਸਹਿਮੇ ਹੋਏ ਨੇ ਡਰਦਿਆਂ ਸਿਰ ਨੀਵਾਂ ਕਰ ਕੇ ਥੱਲਿਉਂ ਵੇਖਿਆ, "ਉਹ ਮਾਲੂ, ਉਹ ਜ਼ਾਲਮਾ! ਤੂੰ ਤੇ ਮੇਰਾ ਕੱਖ ਨਹੀਂਉਂ ਛੱਡਿਆ..." ਇਹ ਕੁਝ ਬੋਲਦਿਆਂ ਸਰਦਾਰੇ ਦੀ ਧੌਣ ਇਕ ਪਾਸੇ ਢਲਕ ਗਈ ਤੇ ਉਹ ਫੜਨ ਵਾਲਿਆਂ ਦੇ ਹੱਥਾਂ ਵਿਚ ਈ ਗ਼ਸ਼ ਖਾ ਗਿਆ।

(ਸਰਦਾਰ ਕਲਿਨਿਕ, ਬਿਲਾਲ ਗੰਜ, ਅਮੀਰ ਰੋਡ, ਲਾਹੌਰ)



# ਆਧੁਨਿਕ ਪੰਜਾਬੀ ਨਾਵਲ : ਕਾਵਿ-ਸ਼ਾਸਤਰ ਦੀ ਤਲਾਸ਼

□ ਡਾ: ਸਵਰਨ ਚੰਦਨ

ਸਾਡੇ ਹੁਣ ਤੱਕ ਦੇ ਸਮੀਖਿਆ-ਸਭਿਆਚਾਰ ਦਾ ਮਨਫ਼ੀ ਪੱਖ ਇਹ ਹੈ ਕਿ ਜਾਂ ਤਾਂ ਅਸਾਂ ਪੱਛਮੀ ਸਾਹਿਤ-ਸਮੀਖਿਆ ਦੀ ਅੰਨ੍ਹੇਵਾਹ ਨਕਲ ਮਾਰੀ ਹੈ. ਤੇ ਜਾਂ ਫਿਰ ਪੱਛਮੀ ਸਾਹਿਤ ਅਤੇ ਸਮੀਖਿਆ ਦੇ ਸਰੋਤਾਂ ਅਤੇ ਸਰੋਕਾਰਾਂ ਨੂੰ ਸਮਝੇ ਬਿਨਾਂ ਇਹਨਾਂ ਦੇ ਪ੍ਰਤਿਮਾਨਾਂ ਅਤੇ ਪ੍ਰਵਰਗਾਂ ਨੂੰ ਪੰਜਾਬੀ ਸਮੀਖਿਆ ਵਿਚ ਦਾਖ਼ਲ ਕਰ ਲਿਆ ਹੈ। ਇਹ ਹਾਦਸਾ ਰੂਪਵਾਦ ਅਤੇ ਸੰਰਚਨਾਵਾਦ ਵਰਗੀਆਂ ਸਾਹਿਤ-ਅਧਿਐਨ ਵਿਧੀਆਂ ਨੂੰ ਅਪਣਾਉਣ ਸਮੇਂ ਵੀ ਵਾਪਰਿਆ ਅਤੇ ਮਾਰਕਸਵਾਦੀ ਸਮੀਖਿਆ ਦੇ ਸਮਾਵੇਸ਼ ਸਮੇਂ ਵੀ। ਇਸ ਵਿਚ ਕੋਈ ਸ਼ੱਕ ਨਹੀਂ ਕਿ ਪੱਛਮ ਦਾ ਸਮਾਜ, ਸਭਿਆਚਾਰ (ਪਦਾਰਥਕ ਪੱਖ) ਸਾਹਿਤ ਅਤੇ ਸਮੀਖਿਆ ਸਾਡੇ ਨਾਲੋਂ ਅਗਲੀਆਂ ਵਿਕਾਸ-ਪੱਧਰਾਂ ਤੇ ਖੜ੍ਹੇ ਹਨ ਪਰੰਤੂ ਸਿਰਫ਼ ਇਸੇ ਹੀ ਕਾਰਨ ਉਹਨਾਂ ਨੂੰ ਹੂ-ਬ-ਹੂ ਆਤਮਸਾਤ ਨਹੀਂ ਕੀਤਾ ਜਾ ਸਕਦਾ। ਅਸੀਂ ਵੱਧ ਤੋਂ ਵੱਧ, ਕਿਸੇ ਵਿਧਾ ਦੇ ਕਾਵਿ-ਸ਼ਾਸਤਰ ਦੇ ਵਿਕਾਸ ਦਾ ਅਧਿਐਨ ਸੰਬੰਧਤ ਸਮਾਜ ਦੇ ਵਿਕਾਸ ਦਾ ਅਧਿਐਨ, ਸੰਬੰਧਤ ਸਮਾਜ ਦੇ ਵਿਕਾਸ ਦੇ ਸੰਦਰਭ ਵਿਚ ਕਰਦੇ ਹੋਏ ਕੁਝ ਤਰਕਸੰਗਤ ਸਿੱਟੇ ਪ੍ਰਾਪਤ ਕਰ ਸਕਦੇ ਹਾਂ ਜਿਨ੍ਹਾਂ ਨੂੰ ਅੱਗੋਂ ਆਪਣਾ ਵਿਸ਼ੇਸ਼ ਸਭਿਆਚਾਰ-ਸਾਪੇਖ ਕਾਵਿ-ਸ਼ਾਸਤਰ ਉਸਾਰਨ ਲਈ ਅਰਥਵਾਨ ਸੂਚਨਾ ਵਜੋਂ ਵਰਤ ਸਕਦੇ ਹਾਂ। ਆਧੁਨਿਕ ਪੰਜਾਬੀ ਨਾਵਲ ਜਾਂ ਕਿਸੇ ਵੀ ਹੋਰ ਵਿਧਾ ਦਾ ਕਾਵਿ-ਸ਼ਾਸਤਰ ਉਸਾਰਨ ਲਈ ਸਾਨੂੰ ਇਸੇ ਹੀ ਵਿਧੀ ਨੂੰ ਅਪਣਾਉਣਾ ਪਵੇਗਾ।

ਪੰਜਾਬੀ ਨਾਵਲ ਦੀ ਸਮੀਖਿਆ ਜਾਂ ਸਾਹਿਤ-ਅਧਿਐਨ ਦਾ ਮਸਲਾ ਸਿਰਫ਼ ਸਾਹਿਤਕ ਮਸਲਾ ਨਹੀਂ ਹੈ, ਇਹ ਸਮਾਜਿਕ, ਸਭਿਆਚਾਰਕ, ਰਾਜਨੀਤਿਕ ਅਤੇ ਵਿਚਾਰਧਾਰਕ ਮਸਲਾ ਵੀ ਹੈ। ਇਸ ਲਈ ਨਾਵਲ ਜਾਂ ਸਮੁੱਚੀ ਗਲਪ ਦੇ ਅਧਿਐਨ ਲਈ ਪੁਰਾਣੇ ਪ੍ਰਤੀਮਾਨ ਜਿਵੇਂ ਪਲਾਟ, ਪਾਤਰ, ਗੋਂਦ, ਵਾਰਤਾਲਾਪ, ਥੀਮ ਆਦਿ ਸਾਡਾ ਬਹੁਤ ਕੁਝ ਨਹੀਂ ਸੁਆਰ ਸਕਦੇ। ਬਿਰਤਾਂਤ ਦੇ ਅਧਿਐਨ ਦੀ ਅਜਿਹੀ ਵਿਧੀ ਬਹੁਤਾ ਕੁਝ ਕਾਵਿ-ਸ਼ਾਸਤਰੀ ਦੇ ਫੈਸਲੇ ਅਰਥਾਤ ਖੰਡਣੀ ਜਾਂ ਮੰਡਣੀ ਸੁਰ ਤੱਕ ਘਟਾ ਦੇਂਦੀ ਹੈ। ਇਸੇ ਲਈ ਇਸ ਵਿਧੀ ਨੂੰ ਘਟਾਅਵਾਦੀ, ਨਿਸ਼ਚੇਵਾਦੀ ਯਾਨੀ Reductionistic ਜਾਂ Deterministic ਕਹਿਣਾ ਵਧੇਰੇ ਯੋਗ ਹੈ। ਰੂਪਵਾਦੀ ਸਮੀਖਿਆ ਪ੍ਰਣਾਲੀ ਆਪਣਾ ਸਮੁੱਚਾ ਧਿਆਨ ਸਾਹਿਤ-ਕਿਰਤ ਦੀਆਂ ਜੁਗਤਾਂ ਉੱਤੇ ਕੇਂਦਰਿਤ ਕਰਨ ਕਾਰਨ ਇਕ-ਪੱਖੀ ਜਾਂ ਇਕਾਂਗੀ ਬਣ ਕੇ ਰਹਿ ਜਾਂਦੀ ਹੈ। ਇਹ ਪ੍ਰਣਾਲੀ ਵਸਤੂ ਨੂੰ ਰੂਪ ਵਿਚ ਸ਼ਾਮਿਲ ਸਮਝ ਕੇ ਕੇਵਲ ਰੂਪਾਤਮਕ-ਜੁਗਤਾਂ ਦਾ ਹੀ ਅਧਿਐਨ ਕਰਦੀ ਹੈ ਜਿਸ ਤੋਂ ਇਹ ਆਭਾਸ ਮਿਲਦਾ ਹੈ ਕਿ ਜੁਗਤ ਹੀ ਸਾਹਿਤ ਹੈ ਜਾਂ ਫਿਰ ਜੁਗਤਾਂ ਸਿੱਖ ਲੈਣ ਨਾਲ ਹੀ ਕੋਈ ਵਿਅਕਤੀ ਸਾਹਿਤਕਾਰ ਬਣ ਜਾਂਦਾ ਹੈ।

ਸੰਰਚਨਾਵਾਦੀ ਸਮੀਖਿਆ ਪ੍ਰਣਾਲੀ ਸੋਸਿਊਰ ਦੇ ਬੰਦ-ਭਾਸ਼ਾ-ਮਾਡਲ ਨੂੰ ਸਾਹਿਤ-ਅਧਿਐਨ ਉੱਪਰ ਲਾਗੂ ਕਰ ਕੇ ਸਾਹਿਤ-ਕਿਰਤ ਦਾ ਸਿਸਟਮ ਲੱਭਣ ਵੱਲ ਰੁਚਿਤ ਹੈ ਜਿਸ ਅਨੁਸਾਰ ਸਾਹਿਤ-ਕਿਰਤ ਸੰਰਚਿਤ ਹੋਈ ਹੈ। ਇਸ ਪ੍ਰਣਾਲੀ ਦਾ ਮੁੱਖ ਮੰਤਵ ਵਿਭਿੰਨ ਸਾਹਿਤਕ-ਕਿਰਤਾਂ ਦਾ ਵਰਗੀਕਰਣ ਕਰਨਾ ਹੈ।

ਸਾਹਿਤ-ਕਿਰਤ ਦੇ ਮੁਲੰਕਣ ਨੂੰ ਇਹ ਪ੍ਰਣਾਲੀ ਜਰੂਰੀ ਨਹੀਂ ਸਮਝਦੀ। ਇਸੇ ਤਰ੍ਹਾਂ ਉੱਤਰ-ਸੰਰਚਨਾਵਾਦੀ ਸਮੀਖਿਆ ਪ੍ਰਣਾਲੀ ਵਿਚ ਸਾਹਿਤਕਾਰ ਨੂੰ ਕਿਸੇ ਵੀ ਦੂਜੇ ਉਤਪਾਦਕ ਦੇ

ਬਰਾਬਰ ਸਮਝ ਲਿਆ ਜਾਂਦਾ ਹੈ। ਇਸ ਅਨੁਸਾਰ ਸਾਹਿਤਕਾਰ ਸਾਹਿਤ ਰਚਦਾ ਨਹੀਂ ਸਗੋਂ ਦੂਜੇ ਉਤਪਾਦਕਾਂ ਵਾਂਗ ਕੇਵਲ ਉਤਪਾਦਨ ਦੇ ਸੰਦ ਜਿਵੇਂ ਭਾਸ਼ਾ, ਮਿੱਥਾਂ, ਸਾਹਿਤਕ-ਸੂਝ Langue ਆਦਿ ਉਹਨੂੰ ਪਹਿਲਾਂ ਹੀ ਪ੍ਰਾਪਤ ਹਨ। ਪਰੰਤੂ ਇਹ ਪ੍ਰਣਾਲੀ ਇਕ ਗੱਲ ਭੁੱਲ ਜਾਂਦੀ ਹੈ ਕਿ ਵਸਤੂ-ਯਥਾਰਥ ਦੇ ਸਾਹਿਤਕ ਰੂਪਾਂਤਰਣ ਦੀ ਪ੍ਰਕਿਰਿਆ ਦੌਰਾਨ ਪ੍ਰਾਪਤ ਸੰਦਾਂ ਦਾ ਵੀ ਰੂਪਾਂਤਰਣ ਹੋ ਜਾਂਦਾ ਹੈ। ਇਸ ਲਈ ਸਾਹਿਤ-ਕਿਰਤ ਇੱਕ ਰਚਨਾ ਹੈ ਨਾ ਕਿ ਉਤਪਾਦਨ।

ਫਿਰ ਵੀ ਉੱਤਰ-ਸੰਰਚਨਾਵਾਦੀਆਂ ਜਿਵੇਂ ਆਲਥੂਸਰ, ਮਾਸ਼ੇਰੇ, ਟੈਰੀ ਈਗਲਟਨ, ਯੱਕ ਲਾਕਾਂ, ਯੱਕ ਤੈਰੀਦਾ ਆਦਿ ਨੇ ਕਿਸੇ ਵੀ ਵਿਧਾ ਦੇ ਭਵਿੱਖ ਮੁਖੀ ਵਿਕਾਸ ਵਿਚ ਅਮਿਣਵਾਂ ਹਿੱਸਾ ਪਾਇਆ ਹੈ।

ਦੂਜੇ ਪਾਸੇ ਬਹੁਤੀ ਜਾਂ ਸਾਰੀ ਮਾਰਕਸਵਾਦੀ ਸਮੀਖਿਆ ਦੀ ਦ੍ਰਿਸ਼ਟੀ ਦਾ ਕੇਂਦਰ-ਬਿੰਦੂ ਵਸਤੂ ਹੀ ਰਿਹਾ ਹੈ। ਇਸ ਸਮੀਖਿਆ ਨੇ ਸਾਹਿਤ ਦੇ ਰੂਪ ਨੂੰ ਜਾਂ ਤਾਂ ਬਿਲਕੁਲ ਹੀ ਅੱਖੋਂ ਉਹਲੇ ਕਰੀ ਰੱਖਿਆ, ਤੇ ਜਾਂ ਫਿਰ ਉਹਨੂੰ ਕੇਵਲ ਦੁਜੈਲਾ ਮਹੱਤਵ ਹੀ ਦਿੱਤਾ ਹੈ।

ਸਿੱਟੇ ਵਜੋਂ ਥੋਕ ਨਾਅਰੇਬਾਜ਼ੀ ਵੀ ਸਾਹਿਤ ਹੋ ਨਿਬੜਿਆ। ਉੱਤਰ-ਸਰੰਚਨਾਵਾਦੀਆਂ ਨੇ ਇਸ ਪਾਸੇ ਕੁਝ ਧਿਆਨ ਦਿੱਤਾ ਹੈ ਪਰੰਤੂ ਅਜੇ ਵੀ ਇਹ ਸਮੀਖਿਆ ਰੂਪ ਦੇ ਪ੍ਰਸ਼ਨ ਨੂੰ ਪੂਰੀ ਤਰ੍ਹਾਂ ਸੁਲਝਾ ਨਹੀਂ ਸਕੀ।

ਪੰਜਾਬੀ ਸਮੀਖਿਆ-ਸਭਿਆਚਾਰ ਦੀ ਵੱਡੀ ਤ੍ਰਾਸਦੀ ਇਹ ਹੈ ਕਿ ਇਹ ਰਚਨਾਤਮਕ ਜਾਂ ਸਿਰਜਣਾਤਮਿਕ ਨਹੀਂ ਹੈ। ਅਸਾਂ ਕਦੇ ਵੀ ਕਿਸੇ ਸਾਹਿਤਕ-ਵਿਧਾ ਦਾ ਆਪਣਾ ਕਾਵਿ-ਸ਼ਾਸਤਰ ਉਸਾਰਨ ਦੀ ਕੋਸ਼ਿਸ਼ ਨਹੀਂ ਕੀਤੀ। ਆਪਣੇ ਇਸ ਹੱਥਲੇ ਪਰਚੇ ਵਿਚ ਮੈਂ ਇਸੇ ਹੀ ਸਮਸਿਆਵਾਦ ਨੂੰ ਸੰਬੋਧਤ ਹਾਂ।

ਸੱਭ ਤੋਂ ਪਹਿਲਾਂ ਤੇ ਪ੍ਰਮੁੱਖ ਪ੍ਰਸ਼ਨ ਇਹ ਹੈ ਕਿ ਇਕ ਲੰਮੇ ਬਿਰਤਾਂਤ ਵਜੋਂ ਨਾਵਲ ਹੈ ਕੀ ? ਸਾਹਿਤ ਦੀ ਇਹ ਵਿਧਾ ਕਿਨ੍ਹਾਂ ਕਾਰਨਾਂ ਕਰਕੇ ਦੂਜੀਆਂ ਸਾਹਿਤਕ-ਵਿਧਾਵਾਂ ਤੋਂ ਵੱਖਰੀ ਹੈ ? ਇਸ ਅੰਤਰ ਨੂੰ ਪਛਾਨਣ ਦੇ ਪੁਰਾਣੇ ਮਾਡਲ ਇਹਨਾਂ ਸਵਾਲਾਂ ਦੇ ਉੱਤਰ ਦੇਣ ਤੋਂ ਅਸਮਰੱਥ ਹਨ। ਇਸ ਲਈ ਬਿਰਤਾਤ-ਸ਼ਾਸਤਰ Narratology ਅੱਜ ਇਹਨਾਂ ਸਵਾਲਾਂ ਦੇ ਰੂਬਰੂ ਹੈ। ਸਾਨੂੰ ਨਾਵਲੀ ਬਿਰਤਾਂਤ ਨੂੰ ਇੱਕ ਅਜਿਹੇ ਸਾਹਿਤਕ-ਪ੍ਰਵਚਨ Literary Discourse ਵਜੋਂ ਪਛਾਨਣ ਦੀ ਜ਼ਰੂਰਤ ਹੈ ਜਿਸਦਾ ਚਿਹਨ ਸਦਾ ਹੀ ਟਕਰਾਉਸ਼ੀਲ Conflictual ਅਤੇ ਤਣਾਉ-ਸ਼ੀਲ Tensional ਹੁੰਦਾ ਹੈ।

ਬਿਰਤਾਂਤ ਦੀ ਜਿਸ ਪੱਧਰ ਤੇ ਟਕਰਾਉ ਅਤੇ ਤਣਾਉ ਮੁੱਕਦਾ ਹੈ ਉਥੋਂ ਨਾਵਲ ਅਲੋਪ ਹੋ ਜਾਂਦਾ ਹੈ। ਪੰਜਾਬੀ ਦੇ ਕੁਝ ਅਜਿਹੇ ਨਾਵਲ ਹਨ। ਜਿਹੜੇ ਅੱਧ ਤੋਂ ਪਿਛੋਂ ਜਾਂ ਕਈ ਵਾਰੀ ਪਹਿਲਾਂ ਵੀ ਫ਼ਲੈਟ ਹੋ ਜਾਂਦੇ ਹਨ। ਨਾਟਕ ਵਿਚ ਤਣਾਉ ਸੁਲਝਦਾ ਹੈ ਜਾਂ ਫਿਰ ਨਵਾਂ ਤਣਾਉ ਪੈਦਾ ਹੁੰਦਾ ਹੈ। ਕਵਿਤਾ ਦਾ ਚਿਹਨ ਜ਼ਰੂਰੀ ਨਹੀਂ ਤਣਾਉਯੁਕਤ ਹੋਵੇ, ਇਹ ਵਿਰੋਧਭਾਸਕ Paradoxical ਵੀ ਹੋ ਸਕਦਾ ਹੈ। ਅਮਰੀਕਨ ਨਵ-ਆਲੋਚਨਾ ਨਾਲ ਸੰਬੰਧਤ ਚਿੰਤਕਾਂ ਦੇ ਕੁਝ ਵਿਚਾਰ ਤੇ ਸੰਕਲਪ ਜਿਵੇਂ ਬਣਤਰ ਅਤੇ ਬੁਣਤਰ, ਉਦੇਸ਼ Intention ਅਤੇ ਵਿਸਤਾਰ Extension ਵਿਚ ਤਣਾਉ Tension ਆਦਿ ਸਾਡੀ ਸੀਮਤ ਜਿਹੀ ਮਦਦ ਤਾਂ ਕਰ ਸਕਦੇ ਹਨ ਪਰ ਆਪਣੀ ਮੂਲ ਪ੍ਰਕਿਰਤੀ ਵਿਚ ਕਿਉਂਕਿ ਇਹ ਸੰਕਲਪ ਇਕਾਂਗੀ ਹਨ ਇਸ ਲਈ ਕਿਸੇ



ਵਿਧਾ ਦੇ ਸਰਬੰਗੀ ਕਾਵਿ-ਸ਼ਾਸਤਰ ਦੀ ਉਸਾਰੀ ਵਿਚ ਇਹਨਾਂ ਉੱਤੇ ਨਿਰਭਰ ਨਹੀਂ ਕੀਤਾ ਜਾ ਸਕਦਾ।

ਸਾਡੇ ਅੱਗੇ ਮੁੱਖ ਮਸਲਾ ਚਿਹਨ ਦੀ ਪ੍ਰਕਿਰਤੀ ਅਤੇ ਹੋਂਦੀ-ਵਿਧੀ ਨੂੰ ਸਮਝਣ ਦਾ ਹੈ। ਸੌਸਿਊਰ ਨੇ ਆਪਣੇ ਸੰਰਚਨਾਤਮਿਕ ਭਾਸ਼ਾ-ਵਿਗਿਆਨ Structural Linguistics ਵਿਚ ਚਿਹਰ ਨੂੰ ਆਪਹੁਦਰਾ Arbitrary ਅਤੇ ਰੂੜConventional ਤਸੱਵਰ ਕਰਕੇ ਇਸਦੇ ਇਕਾਲਕ ਅਧਿਐਨ ਉੱਤੇ ਦ੍ਰਿਸ਼ਟੀ ਕੇਂਦਰਿਤ ਕੀਤੀ ਹੈ। ਜਦੋਂ ਭਾਸ਼ਾ Languae ਨੂੰ ਬੰਦ ਸਿਸਟਮ ਵਜੋਂ ਪਰਿਕਲਪਿਤ ਕਰ ਲਿਆ ਜਾਏ ਤਾਂ ਚਿਹਨ ਨੂੰ ਆਪਹੁਦਰਾ ਅਤੇ ਰੂੜ੍ਹ ਸਮਝਣਾ ਹੀ ਪੈਣਾ ਸੀ। ਸੌਸਿਊਰ ਦਾ ਚਿਹਨ ਪਰਿਵਰਤਨ ਦੀਆਂ ਹੱਦਾਂ ਤੋਂ ਪਰ੍ਹਾਂ ਹੈ, ਇਹ ਅਜਿਹਾ ਚਿਹਨ ਹੈ ਜਿਸਨੂੰ ਕਦੇ ਵੀ ਘਾਸ ਨਹੀਂ ਪੈਂਦੀ। ਚਿਹਨ ਨੂੰ ਇਸ ਤਰ੍ਹਾਂ ਦਾ ਖਿਆਲ ਕਰਨਾ ਉਹਦੇ ਉਸਾਰੇ ਹਏ ਸਿਸਟਮ ਦੀ ਮਜਬੂਰੀ ਸੀ। ਪਰ ਹੁਣ ਇਹ ਗੱਲ ਤੈਅ ਹੈ ਕਿ ਚਿਹਨ ਸਦਾ ਹੀ ਸਮਾਜਿਕ ਤੌਰ ਤੇ ਬਣਿਆ ਹੋਇਆ ਹੁੰਦਾ ਹੈ, ਇਹ ਇਤਿਹਾਸਕ ਤੇ ਪਰਿਵਰਤਨਸ਼ੀਲ ਹੈ, ਤੇ ਇਸੇ ਹੀ ਕਰਕੇ ਇਹ ਸਦਾ ਵਿਚਾਰਧਾਰਿਕ ਵੀ ਹੈ। ਇਹੋ ਹੀ ਚਿਹਨ ਦੀ ਪ੍ਰਕਿਰਤੀ ਹੈ। ਦੂਜੇ ਪਾਸੇ, ਚਿਹਨਤ ਅਤੇ ਚਿਹਨਕ ਦਾ ਰਿਸ਼ਤਾ ਦਵੰਦਾਤਮਕ ਹੈ। ਇਸੇ ਹੀ ਦਵੰਦ ਵਿਚੋਂ ਚਿਹਨ ਦਾ ਜਨਮ ਹੁੰਦਾ ਹੈ। ਇਹ ਚਿਹਨ ਦੀ ਹੋਂਦ-ਵਿਧੀ ਦਾ ਸੱਚ ਹੈ। ਬਾਖ਼ਤਿਨ ਉਰਫ਼ ਵੋਲੋਸ਼ੀਨੋਵ ਦਾ ਚਿਹਨ ਵਿਰੋਧੀ ਧਿਰਾਂ ਵਿਚ ਪਿਆ ਹੋਇਆ ਸਦਾ ਹੀ ਤਣਾਉ ਵਿਚ ਰਹਿੰਦਾ ਹੈ ਅਤੇ ਹੈਰਾਨੀਜਨਕ ਰੂਪ ਵਿਚ ਬਦਲਦਾ ਹੈ।

ਲੰਮਾ ਬਿਰਤਾਂਤ ਜਾਂ ਨਾਵਲ, ਵਸਤੂ-ਯਥਾਰਥ ਦਾ ਪ੍ਰਤਿਬਿੰਬਣ ਨਹੀਂ ਹੈ, ਇਹ ਵਸਤੂ-ਯਥਾਰਥ ਦਾ ਗਾਲਪਿਕ-ਰੂਪਾਂਤਰਣ ਹੈ। ਇਸਦੇ ਆਪਣੇ ਨੇਮ ਹਨ। ਨਾਵਲ ਵਿਚ ਪੇਸ਼ ਯਥਾਰਥ, ਗਲਪਿਕ-ਯਥਾਰਥ ਹੈ। ਇਹ ਵਸਤੂ-ਯਥਾਰਥ ਦੀ ਨਕਲ ਨਹੀਂ ਹੈ। ਜੇਕਰ ਹੋਰ ਵੀ ਤਰਕਸੰਗਤ ਤਰੀਕੇ ਨਾਲ ਗੱਲ ਕਰਨੀ ਹੋਵੇ ਤਾਂ ਕਿਹਾ ਜਾਣਾ ਚਾਹੀਦਾ ਹੈ ਕਿ ਨਾਵਲੀ ਕਥਾ ਬਿਰਤਾਂਤਕ-ਪ੍ਰਵਚਨ ਹੈ, ਅਰਥਾਤ ਚਿਹਨਕਾਰੀ ਦਾ ਅਮਲ ਹੈ। ਨਾਵਲ ਵਿਚ ਅਸੀਂ ਵਸਤੂ-ਯਥਾਰਥ ਦੀ ਪੁਨਰ-ਸਿਰਜਣਾ ਨਹੀਂ ਕਰ ਰਹੇ ਹੁੰਦੇ ਬਲਕਿ ਖਿੱਲਰੇ ਹੋਏ ਵਸਤੂ-ਯਥਾਰਥ ਦੀ ਭੰਨ-ਤੋੜ ਕਰਕੇ ਪੁਨਰ ਵਿਵਸਥਿਤ ਰੂਪ ਵਿਚ ਉਹਦੀ ਚਿਹਨਕਾਰੀ ਕਰ ਰਹੇ ਹੁੰਦੇ ਹਾਂ। ਇਸ ਤਰ੍ਹਾਂ ਨਾਵਲੀ-ਕਥਾ ਅਜਿਹਾ ਸਾਹਿਤਕ-ਪ੍ਰਵਚਨ ਹੈ ਜਿਸਦੇ ਇਕ ਬਿਰਤਾਂਤ ਵਜੋਂ ਆਪਣੇ ਸੁਹਜ-ਸ਼ਾਸਤਰੀ ਨੇਮ ਹਨ।

ਕਿਉਂਕਿ ਭਾਸ਼ਕ-ਚਿਹਨ ਇਤਿਹਾਸਕ ਅਤੇ ਪਰਿਵਰਤਨਸ਼ੀਲ ਹੁੰਦਾ ਹੈ ਇਸ ਲਈ ਦੁਕਾਲਕ Diachronic ਅਧਿਐਨ ਇਹਨੂੰ ਸਮਝਣ ਦਾ ਇੱਕੋ ਇੱਕ ਤਰੀਕਾ ਹੈ। ਭਿੰਨ ਭਿੰਨ ਬੌਧਿਕ ਚਿੰਤਨਾਂ ਦੀ ਚਿਹਨਕਾਰੀ ਇਸਦੀ ਇਤਿਹਾਸਕਤਾ ਅਤੇ ਪਰਿਵਰਤਨਸ਼ੀਲਤਾ ਕਰਕੇ ਹੀ ਸੰਭਵ ਹੈ। ਰੂਪ-ਸੰਕਲਪ ਅਤੇ ਵਸਤੂ-ਸੰਕਲਪ ਦਾ ਦਵੰਦ ਇਸਦੇ ਹੋਂਦਸ਼ੀਲ ਹੋਣ ਦੀ ਵਿਧੀ ਹੈ। ਸੰਵਾਦਵਾਦ Dialogism ਦੀ ਦ੍ਰਿਸ਼ਟੀ ਤੋਂ ਵੇਖਿਆਂ ਨਿੱਤ ਗਤੀਸ਼ੀਲ ਰਹਿਣਾ ਇਸਦੀ ਹੋਂਦ ਦਾ ਸੱਚ ਹੈ। ਪਰੰਤੂ ਚਿਹਨਕਾਰੀ ਦੇ ਅਮਲ ਵਿਚ ਪੈ ਕੇ ਤਾਂ ਭਾਸ਼ਕ-ਚਿਹਨ ਹੈਰਾਨੀ ਦੀ ਹੱਦ ਤੱਕ ਬਦਲਦਾ ਹੈ। ਬੌਧਿਕ-ਚਿੰਤਨ ਅਤੇ ਗਲਪਕਾਰੀ ਦੇ ਖੇਤਰ ਵਿਚ ਚਿਹਨ ਦੇ ਪ੍ਰਾਪਤ ਭਾਸ਼ਕ-ਅਰਥ ਬਦਲ ਜਾਂਦੇ ਹਨ। ਇਹ ਚਿਹਨਕਾਰੀ ਦੇ ਅਮਲ ਦਾ ਲਾਜ਼ਮੀ ਸਿੱਟਾ ਹੈ ਕਿਉਂਕਿ ਅੰਤਰ ਚਿਹਨੀ ਸੰਬੰਧ ਅਰਥ-ਉਤਪਾਦਨ ਦੇ ਅਮਲ ਨੂੰ ਵਿਪਥਣ ਦੀ ਪੱਧਰ ਤੇ ਲੈ ਜਾਂਦੇ ਹਨ।

ਅਰਥ-ਉਤਪਾਦਨ ਦੀ ਪ੍ਰਕਿਰਿਆ ਦਾ ਅਧਿਐਨ, ਦਰਅਸਲ ਉਸ ਅੰਤਰ ਦਾ ਅਧਿਐਨ ਹੈ ਜਿਹੜਾ ਚਿਹਨ ਦੇ ਭਾਸ਼ਕ ਅਰਥਾਂ ਅਤੇ ਪ੍ਰਵਚਨ ਵਿਚਲੇ ਅਰਥਾਂ ਦੇ ਵਿਚਕਾਰੇ ਪਿਆ ਹੁੰਦਾ

ਹੈ। ਇਹ ਅੰਤਰ ਉਹਨਾਂ ਜੁਗਤਾਂ ਕਰਕੇ ਹੁੰਦਾ ਹੈ ਜਿਹੜੀਆਂ ਸਾਹਿਤਕ ਪ੍ਰਵਚਨ ਵਿਚ ਵਰਤੀਆਂ ਗਈਆਂ ਹੁੰਦੀਆਂ ਹਨ। ਕਾਵਿ ਸ਼ਾਸਤਰ ਦੀ ਉਸਾਰੀ ਵਿਚ ਜੁਗਤਾਂ ਦੇ ਮਹੱਤਵ ਤੋਂ ਇਨਕਾਰ ਨਹੀਂ, ਪਰੰਤੂ ਕੇਵਲ ਜੁਗਤਾਂ ਦੀ ਗਿਣਤੀ ਅਤੇ ਵਰਗੀਕਰਣ ਅਤੇ ਫਿਰ ਇਸੇ ਆਧਾਰ ਤੇ ਕਿਰਤਾਂ ਦਾ ਵਰਗੀਕਰਣ ਸਾਨੂੰ ਰੂਪਵਾਦ ਅਤੇ ਸੰਰਚਨਾਵਾਦ ਦੇ ਖੇਤਰ ਵਿਚ ਲੈ ਜਾਏਗਾ। ਕਿਸੇ ਵੀ ਕਾਵਿ ਸ਼ਾਸਤਰ ਦਾ ਮੁੱਖ ਮੁੱਦਾ, ਅਸਲ ਵਿਚ, ਜੁਗਤਾਂ ਦੇ ਵਸਤੂਗਤ ਆਧਾਰਾਂ ਨੂੰ ਲੱਭਣਾ ਹੈ। ਨਿਰੋਲ ਜੁਗਤ ਦੀ ਆਪਣੇ ਆਪ ਵਿਚ ਕੋਈ ਅਹਿਮੀਅਤ ਨਹੀਂ ਹੈ। ਜੁਗਤ ਦਾ ਇਸਤੇਮਾਲ ਪ੍ਰਯੋਜਨਯੁਕਤ ਹੈ, ਤੇ ਇਸੇ ਲਈ ਉਸਦੇ ਵਸਤੂਗਤ ਆਧਾਰਾਂ ਦੀ ਪਛਾਣ ਕਲਾ ਕਿਰਤ ਦੇ ਸਮਾਜਿਕ, ਆਰਥਕ, ਰਾਜਨੀਤਿਕ ਅਤੇ ਵਿਚਾਰਧਾਰਕ ਪਰਿਪੇਖਾਂ ਨੂੰ ਮੂਰਤੀਮਾਨ ਕਰ ਸਕਦੀ ਹੈ।

ਇਥੇ ਹੀ ਕਿਸੇ ਵਿਧਾ ਵਿਚ ਵਾਪਰਦੀਆਂ ਤਬਦੀਲੀਆਂ ਨੂੰ ਵੀ ਸਮਝ ਲੈਣਾ ਜ਼ਰੂਰੀ ਹੈ। ਇਸ ਵਿਚ ਕੋਈ ਸ਼ੱਕ ਨਹੀਂ ਸਾਹਿਤਕ-ਵਿਧਾ ਵਿਚ ਅੰਤ੍ਰੀਵੀ-ਗਤੀ ਸਦਾ ਹੀ ਪ੍ਰਵਾਹਮਾਨ ਰਹਿੰਦੀ ਹੈ, ਅਤੇ ਇਸੇ ਲਈ 'ਵਿਧਾ' ਇਕ ਵਿਸ਼ੇਸ਼ ਵਿਧਾ ਰਹਿਕੇ ਵੀ ਆਪਣੀ ਗਿਣਾਤਮਕ-ਪ੍ਰਕਿਰਤੀ ਵਿਚ ਬਦਲਦੀ ਰਹਿੰਦੀ ਹੈ। ਪਰੰਤੂ ਇਸ ਅੰਤ੍ਰੀਵੀ-ਗਤੀ ਦੇ ਪ੍ਰਵਾਹਮਾਨ ਹੋਣ ਦਾ ਆਧਾਰ ਵਸਤੂ ਤੇ ਰੂਪ ਦਾ ਗਤੀਸ਼ੀਲ ਦਵੰਦ ਹੈ। ਗਿਣਾਤਮਿਕ ਪਰਿਵਰਤਨ ਹੀ ਇੱਕਠੇ ਹੋ ਕੇ ਗੁਣਾਤਮਿਕ ਪਰਿਵਰਤਨ ਦਾ ਆਧਾਰ ਬਣਦੇ ਹਨ। ਪਰੰਤੂ ਗੁਣ ਬਦਲ ਜਾਣ ਦਾ ਅਰਥ ਹਰਗਿਜ਼ ਇਹ ਨਹੀਂ ਹੈ ਕਿ ਕੋਈ ਵਿਧਾ ਆਪਣੇ ਸਾਬਕਾ ਗੁਣਾਂ ਤੋਂ ਨਿਤਾਂਤ ਸੱਖਣੀ ਹੋ ਗਈ ਹੈ। ਗੁਣਾਤਮਕ ਪਰਿਵਰਤਨ ਕੇਵਲ ਅੰਤ੍ਰੀਵੀ ਗਤੀ ਕਰਕੇ ਨਹੀਂ ਬਲਕਿ ਸਮਾਜਕ, ਆਰਥਕ ਅਤੇ ਵਿਚਾਰਧਾਰਕ ਖੇਤਰਾਂ ਦੇ ਵਿਰੋਧਾਂ ਦੇ ਤਹਿਦਾਰ Overlap ਹੋਣ ਨਾਲ ਵੀ ਵਾਪਰਦਾ ਹੈ। ਇਸੇ ਗੱਲ ਨੂੰ ਆਲਥੂਸਰ ਵਧੇਰੇ-ਨਿਸਚਿਤ ਵਿਰੋਧਾਂ Contradictions overdetermined ਵਜੋਂ ਪਰਿਭਾਸ਼ਤ ਕਰਦਾ ਹੈ।

ਜੇ ਤਬਦੀਲੀਆਂ ਦਾ ਪਰਿਪੇਖ ਗਿਣਾਤਮਕ ਹੈ ਤਾਂ ਗਿਣਾਤਮਕ-ਪਰਿਵਰਤਨ ਪਿੱਛੋਂ ਸੰਰਚਨਾ ਨਿਤਾਂਤ ਨਵੀਂ ਨਹੀਂ ਹੁੰਦੀ ਤੇ ਜੇ ਇਹ ਪਰਪੇਖ ਗੁਣਾਤਮਕ ਹੈ ਤਾਂ ਨਵੀਂ ਸੰਰਚਨਾ ਆਪਣੇ ਸਵੈ-ਸਿਰਜਿਤ ਨਿਯਮਾਂ ਦੇ ਬਾਵਜੂਦ ਪੂਰੀ ਦੀ ਪੂਰੀ ਆਪਣੇ ਸੋਮਿਆਂ ਤੋਂ ਕਦੇ ਵੀ ਨਹੀਂ ਟੁੱਟਦੀ। ਜੇ ਅਜੇਹਾ ਹੋ ਸਕਦਾ ਹੁੰਦਾ ਤਾਂ ਕਾਵਿ-ਸ਼ਾਸਤਰ ਵਿਚ ਡਾਇਕ੍ਰੋਨੀ ਦੇ ਅਰਥ ਹੀ ਬੇਕਾਰ ਹੋ ਜਾਂਦੇ।

ਕਿਸੇ ਵੀ ਸਾਹਿਤਕ-ਵਿਧਾ ਦੇ ਕਾਵਿ ਸ਼ਾਸਤਰ ਨੂੰ ਉਸਾਰਨ ਦਾ ਅਰਥ, ਵਿਧਾ ਦੀ ਗਤੀਸ਼ੀਲਤਾ ਉੱਤੇ ਆਧਾਰਿਤ ਅਰਥ-ਉਤਪਾਦਨ ਦੀ ਪ੍ਰਕਿਰਿਆ ਨੂੰ ਸਮਝਣ ਦਾ ਵਿਧੀ-ਵਿਗਿਆਨ ਉਸਾਰਨਾ ਹੀ ਹੈ। ਅਰਥਾਂ ਦਾ ਉਤਪਾਦਨ ਚਿਹਨਕਾਰੀ Signification ਦਾ ਲਾਜ਼ਮੀ ਗੁਣ ਹੈ। ਜੇ ਕਰ ਇਸ ਵਿਧੀ ਵਿਗਿਆਨ ਦਾ ਸੰਬੰਧ ਪਰੰਪਰਾ ਉੱਤੇ ਨਵੀਂ ਪ੍ਰਗਤੀ ਨੂੰ ਉਸਾਰਨਾ ਹੈ ਤਾਂ ਨਿਸ਼ੇਦ ਦਾ ਨਿਸ਼ੇਦ ਦੇ ਪ੍ਰਵਰਗ ਨੂੰ ਗ਼ਲਤ ਅਰਥਾਂ ਵਿਚ ਨਹੀਂ ਲਿਆ ਜਾ ਸਕਦਾ। ਜੇ ਅਸੀਂ ਭਾਸ਼ਾ-ਸਿਸਟਮ Langue ਨੂੰ ਅਤੇ ਇਸੇ ਦੇ ਅਨੁਰੂਪ ਸਾਹਿਤਕ-ਸਿਸਟਮ ਨੂੰ ਕਿਸੇ ਜਾਤੀ ਦੀ ਸਾਹਿਤਕ-ਸੂਝ ਵਜੋਂ ਪਰਿਭਾਸ਼ਤ ਵੀ ਕਰਨਾ ਹੈ ਤਾਂ ਵੀ ਸਾਡੇ ਉਪਰੋਕਤ ਤਰਕ ਦੀ ਪ੍ਰੌੜਤਾ ਹੀ ਹੁੰਦੀ ਹੈ। ਪਰੰਤੂ ਹੁਣ ਤਾਂ 'ਲੈਂਗ' ਦਾ ਅਰਥ ਵੀ ਉਹ ਨਹੀਂ ਰਹਿ ਗਿਆ ਜੋ ਕਦੇ ਸੋਸਿਊਰ ਨੇ ਸੰਕਲਪਿਆ ਸੀ। ਲੈਂਗ ਨੂੰ ਹੁਣ ਗਤੀਸ਼ੀਲ ਪੈਰੋਲਾਂ Paroles ਦੇ ਸਮੁੱਚ ਵਜੋਂ ਪਰਿਭਾਸ਼ਤ ਕੀਤਾ ਜਾਣ ਲੱਗ ਪਿਆ ਹੈ ਕਿਉਂਕਿ ਲੈਂਗ ਨੂੰ ਸਥਿਰ ਸਿਸਟਮ ਰੱਖਣ ਦਾ ਅਰਥ ਹੀ ਵਿਚਾਰਧਾਰਕ ਪਰਿਪੇਖਾਂ ਦੀਆਂ ਦਵੰਦਾਤਮਕ ਸੁਰਾਂ ਨੂੰ ਨਕਾਰਨਾ ਹੈ।

ਫਿਰ ਵੀ ਜੇਕਰ ਅਸਾਂ ਪੰਜਾਬੀ ਨਾਵਲ ਦਾ ਕਾਵਿ-ਸ਼ਾਸਤਰ ਉਸਾਰਨਾ ਹੈ ਤਾਂ ਸਾਨੂੰ



ਚਿਹਨਾਂ ਰਾਹੀਂ ਚਿਹਨਕਾਰੀ ਅਰਥਾਤ ਅਰਥ-ਉਤਪਾਦਨ ਦੇ ਅਮਲ ਨੂੰ ਸਮਝ ਦਾ ਵਿਧੀ-ਵਿਗਿਆਨ ਹੀ ਉਸਾਰਨਾ ਪਵੇਗਾ। ਪਰੰਤੂ ਹਰ ਹਾਲਤ ਵਿਚ ਡਾਇਕ੍ਰੋਨੀ ਇਸ ਅਧਿਐਨ ਦਾ ਲਾਜ਼ਮੀ ਗੁਣ ਰਹੇਗਾ। ਇਸ ਵਿਚ ਕੋਈ ਸ਼ੱਕ ਨਹੀਂ ਕਿ ਸਾਹਿਤਕ-ਪ੍ਰਵਚਨ ਦੀ ਸਾਹਿਤਕਤਾ Literariness ਉਸਦੇ ਸੰਜ਼ਮ ਨਿਖੇੜੇ ਦੀ ਖ਼ਾਸ ਉਕਤੀ ਹੈ, ਪਰੰਤੂ ਕੇਵਲ ਅਰਥ-ਵਿਪਥਣ ਹੀ ਇਸਦਾ ਕੇਂਦਰੀ ਨੁਕਤਾ ਨਹੀਂ। ਨਵਾਂ ਉਤਪਾਦਿਤ ਅਰਥ ਕਿਨ੍ਹਾਂ ਕਾਰਨਾਂ ਕਰਕੇ ਵੱਖਰਾ ਹੈ ਅਤੇ ਇਸਦਾ ਵਸਤੂਗਤ ਆਧਾਰ ਕੀ ਹੈ, ਦੀ ਵਿਆਖਿਆ ਹੀ ਸਾਹਿਤਕਤਾ ਫੈਸਲਾ ਕਰ ਸਕਦੀ ਹੈ। ਹੁਣ ਤੱਕ ਅਸੀਂ ਕਲੀਸ਼ੇ ਨੂੰ ਵੀ ਸਾਹਿਤਕਤਾ ਬਣਾਈ ਬੈਠੇ ਰਹੇ ਹਾਂ।

ਅਸਾਂ ਮੁੱਢ ਵਿਚ ਕਿਹਾ ਸੀ ਕਿ ਨਾਵਲੀ-ਬਿਰਤਾਂਤ ਦਾ ਚਿਹਨ ਸਦਾ ਹੀ ਤਣਾਉ ਦੀ ਸਥਿਤੀ ਵਿਚ ਰਹਿੰਦਾ ਹੈ। ਆਧੁਨਿਕ ਪੰਜਾਬੀ ਨਾਵਲ ਦੇ ਸੰਦਰਭ ਵਿਚ ਇਹ ਗੱਲ ਹੋਰ ਵੀ ਮਹਤੱਵਪੂਰਨ ਹੈ ਕਿਉਂਕਿ ਇਹ ਨਾਵਲ ਰੇਖਾਤਮਕ ਬਿਰਤੀ ਦਾ ਧਾਰਨੀ ਨਾ ਹੋ ਕੇ ਤਣਾਉ ਦੀ ਲਗਾਤਾਰਤਾ ਦਾ ਨਾਵਲ ਹੈ! ਅੰਤਰ-ਪਾਤਰੀ ਤਣਾਉ, ਅੰਤਰ-ਸਥਿਤੀ ਤਣਾਉ, ਅੰਤਰ-ਸੰਕਟ ਤਣਾਉ, ਸਭਿਆਚਾਰਾਂ ਵਿਚਲਾ ਤਣਾਉ, ਵਿਚਾਰਧਾਰਾਵਾਂ ਵਿਚਲਾ ਤਣਾਉ, ਰਾਜਨੀਤਿਕ ਪਰਿਪੇਖਾਂ ਵਿਚਲਾ ਤਣਾਉ—ਕਹਿਣ ਦਾ ਭਾਵ ਇਹ ਹੈ ਤਣਾਉ ਅਜੋਕੇ ਪੰਜਾਬੀ ਨਾਲ ਦੀ ਹੋਂਦ-ਵਿਧੀ ਦਾ ਸੱਚ ਹੈ। ਚਿਹਨ ਦਾ ਇਹ ਤਣਾਉ ਹੀ ਬਿਰਤਾਂਤ ਨੂੰ ਬਣਾਉਂਦਾ ਤੇ ਵਿਕਸਿਤ ਕਰਦਾ ਹੈ, ਪ੍ਰਵਚਨ, ਗਤੀਸ਼ੀਲ ਹੁੰਦਾ ਹੈ ਅਤੇ ਚਿਹਨਕਾਰੀ ਦਾ ਅਮਲ ਅਰਥਾ ਦਾ ਉਤਪਾਦਨ ਕਰਦਾ ਤੁਰਿਆ ਜਾਂਦਾ ਹੈ। ਕਹਾਣੀ ਸੁਣਾਈ ਨਹੀਂ ਜਾਂਦੀ ਬਲਕਿ ਪੇਸ਼ ਕੀਤੀ ਜਾਂਦੀ ਹੈ। ਪਰੰਪਰਕ ਪੰਜਾਬੀ ਨਾਵਲ ਦੀ ਰੇਖਾਤਮਕ ਬਣਤਰ ਦਾ ਖ਼ਤਮ ਹੋਣਾ ਵਸਤੂ-ਯਥਾਰਥ ਦੇ ਬਦਲ ਗਏ ਪ੍ਰਸੰਗਾਂ ਦਾ ਸਾਹਿਤਕ ਪ੍ਰਤੀ-ਉੱਤਰ ਹੈ। ਨਾਵਲ ਦੀ ਵਿਧਾ ਦੇ ਪੁਰਾਣੇ ਕਾਵਿ-ਸ਼ਾਸਤਰੀ ਨਿਯਮਾਂ ਨੂੰ ਨਵੇਂ ਬਿਰਤਾਂਤ ਉੱਤੇ ਲਾਗੂ ਕਰਕੇ ਸਾਰਥਕ ਸਿੱਟੇ ਨਹੀਂ ਕੱਢੇ ਜਾ ਸਕਦੇ। ਜੇ ਇਕ ਪਾਸੇ ਸਾਹਿਤਕ-ਵਿਧਾ ਉੱਤੇ ਵਸਤੂ-ਯਥਾਰਥ ਦੇ ਬਦਲਦੇ ਪ੍ਰਸੰਗ ਦਾ ਪ੍ਰਭਾਵ ਹੈ ਤਾਂ ਦੂਜੇ ਪਾਸੇ ਕਾਵਿ-ਸ਼ਾਸਤਰ ਦੇ ਪ੍ਰਤਿਮਾਨਾਂ ਨੇ ਸਾਹਿਤਕ-ਪ੍ਰਵਚਨ ਵਿਚੋਂ ਹੀ ਆਪਣੇ ਨਵੇਂ ਨੇਮ ਉਸਾਰਨੇ ਹਨ। ਪਰ ਸਾਡਾ ਸਮੀਖਿਆਕਾਰ ਨਾਵਲ ਦੀ ਵਿਧਾ ਵਿਚ ਆਈਆਂ ਗਿਣਾਤਮਿਕ ਅਤੇ ਗੁਣਾਤਮਿਕ ਤਬਦੀਲੀਆਂ ਨੂੰ ਵੇਖਕੇ ਕੇਵਲ ਹੈਰਾਨ ਹੈ। ਨਾਵਲਕਾਰ ਰਚਨਾ ਕਰ ਰਿਹਾ ਹੈ, ਉਹ ਰਚਨਾਤਮਕਕ ਵਿਅਕਤੀ ਹੈ। ਪਰ ਸਮੀਖਿਆਕਾਰ ਨਵੀਂ ਸਮੀਖਿਆ ਨਹੀਂ ਸਿਰਜ ਰਿਹਾ, ਉਹ ਕੇਵਲ ਪ੍ਰਾਪਤ ਸੰਦਾਂ ਨੂੰ ਵਰਤਣ ਦੀ ਬਿਰਤੀ ਨੂੰ ਸਹਿੰਦੜ ਹੋ ਚੁੱਕਾ ਹੈ। ਉਹ ਵਿਧਾ ਵਿਚ ਵਾਪਰੀਆਂ ਤਬਦੀਲੀਆਂ ਨੂੰ ਸਮਝ ਸਕਣ ਤੋਂ ਅਸਮਰੱਥ ਜਾਪਦਾ ਹੈ। ਉਹਨੂੰ ਨਵੇਂ ਸੰਦ ਸਿਰਜਣ ਦੀ ਆਦਤ ਨਹੀਂ ਹੈ। ਉਹ ਪੁਰਾਣੇ ਤੇ ਹੁਧਾਰੇ ਲਏ ਸੰਦਾਂ ਨਾਲ ਹੀ ਆਪਣਾ ਕੰਮ ਨਬੇੜਨਾ ਚਾਹੁੰਦਾ ਹੈ। ਇਹੀ ਸਾਡੀ ਅਜੋਕੀ ਪੰਜਾਬੀ ਸਮੀਖਿਆ ਦਾ ਦੁਖਾਂਤ ਹੈ।

ਪਿਛਲੇ ਦੋ ਕੁ ਸਾਲਾਂ ਦੇ ਅੰਤਰਾਲ ਵਿਚ ਕਈ ਨਾਵਲ ਸਾਹਮਣੇ ਆਏ ਹਨ: ਬਲਦੇਵ ਸਿੰਘ ਦਾ 'ਕੱਚੀਆਂ ਕੰਧਾਂ' ਇੰਦਰ ਸਿੰਘ ਖਾਮੋਸ਼ ਦਾ 'ਬੁਕੱਲ ਦਾ ਰਿਸ਼ਤਾ', ਦਰਸ਼ਨ ਸਿੰਘ ਧੀਰ ਦਾ 'ਲਕੀਰਾਂ ਤੇ ਮਨੁੱਖ', ਰਾਮ ਸਰੂਪ ਅਣਖੀ ਦਾ 'ਪਰਤਾਪੀ', ਅਤੇ ਸਵਰਨ ਚੰਦਨ ਦਾ 'ਕੰਜਕਾਂ' ਪੰਜਾਬੀ ਸਾਹਿਤ ਦੇ ਤ ਖ਼ਾਸ ਕਰਕੇ ਨਾਵਲ ਦੀ ਵਿਧਾ ਦੇ ਸਮੀਖਿਆਕਾਰਾਂ ਅੱਗੇ ਕਈ ਚੁਣੌਤੀਆਂ ਹਨ। ਪਰਾਪਤ ਸੰਦਾਂ ਨਾਲ ਕੰਮ ਸਾਰ ਲੈਣ ਦੀ ਬਿਰਤੀ ਸਾਡੇ ਸਮੀਖਿਆ-ਸਭਿਆਚਾਰ ਦੇ ਵਿਕਾਸ ਕਰਨ ਦੇ ਰਾਹ ਵਿਚ ਵੱਡੀ ਰੁਕਾਵਟ ਹੈ। ਨਵੇਂ ਕਾਵਿ-ਸ਼ਾਸਤਰ ਦੀ ਉਸਾਰੀ ਲਈ ਕੁਝ ਸੰਦਰਭ ਅਸਾਂ ਉੱਪਰ ਵਿਚਾਰ ਲਏ ਹਨ ਤੇ ਕੁਝ ਹੋਰ ਅਜੇ ਨਾਲ ਜੁੜਦੇ ਹਨ। ਪਰੰਤੂ ਹਰ ਹਾਲਤ ਵਿਚ ਆਧੁਨਿਕ ਪੰਜਾਬੀ ਨਾਵਲ ਦੀ ਪਰਖ ਦੇ ਕਾਵਿ-ਸ਼ਾਸਤਰ ਦੀ ਤਲਾਸ਼ ਦਾ ਰਾਹ-ਰਸਤਾ ਇਹੋ ਹੀ ਹੈ ਕਾਵਿ-ਸ਼ਾਸਤਰ ਦੀ ਤਲਾਸ਼ ਦਾ ਮਸਲਾ ਸਾਡੀ ਸਮੀਖਿਆ ਦਾ ਮੁੱਖ ਵਰਤਮਾਨ ਸਰੋਕਾਰ ਹੋਣਾ ਚਾਹੀਦਾ ਹੈ। (ਹੇਜ਼, ਯੂ.ਕੇ.)

## ਆਧੁਨਿਕ ਗ਼ਜ਼ਲ ਚੇਤਨਾ

**ਆਧੁਨਿਕ ਗ਼ਜ਼ਲ ਚੇਤਨਾ** (19·5) ਡਾ: ਅਨੂਪ ਸਿੰਘ ਦੀ ਚੌਥੀ ਆਲੋਚਨਾ-ਪੁਸਤਕ ਹੈ। ਇਸ ਤ' ਪਹਿਲਾਂ ਉਸ ਦੀਆਂ ਤਿੰਨ ਆਲੋਚਨਾ-ਪੁਸਤਕਾਂ **ਸਮਕਾਲੀਨ ਯਥਾਰਥ ਤੇ ਪੰਜਾਬੀ ਨਾਵਲ, ਹਰਭਜਨ ਸਿੰਘ ਹੁੰਦਲ ਦੀ ਕਾਵਿ ਸੰਵੇਦਨਾ** ਅਤੇ **ਮਿੰਨੀ ਕਹਾਣੀ : ਸੀਮਾ ਤੇ ਸੰਭਾਵਨਾਵਾਂ** ਪ੍ਰਕਾਸ਼ਿਤ ਹੋ ਚੁੱਕੀਆਂ ਹਨ। ਇਸ ਤੋਂ ਇਲਾਵਾ ਉਸ ਦਾਂ ਪੀ. ਐਚ. ਡੀ. ਦੀ ਡਿਗਰੀ ਲਈ ਪ੍ਰਵਾਨਤ ਸ਼ੋਧ-ਪ੍ਰਬੰਧ **ਪ੍ਰਗਤੀਵਾਦੀ ਪੰਜਾਬੀ ਨਾਵਲ ਵਿਚ ਜਮਾਤੀ ਚੇਤਨਾ** ਸਿਧਾਂਤਕਾਰੀ, ਇਤਿਹਾਸ ਅਤੇ ਨਾਵਲੀ ਵਿਹਾਰ ਦੀ ਪਰਖ ਦੇ ਪੱਖਾਂ ਤੋਂ ਵਿਸ਼ੇਸ਼ ਮਹੱਤਵ ਦਾ ਲਖਾਇਕ ਹੈ। ਉਸ ਦੀ ਪਹਿਲੀ ਪੁਸਤਕ ਦੀ ਭੂਮਿਕਾ ਲਿਖਣ ਦਾ ਮੌਕਾ ਮੈਨੂੰ ਮਿਲਿਆ ਸੀ। ਉਸ ਵਿਚਲੇ ਨਿਬੰਧਾਂ ਦੇ ਆਧਾਰ ਤੇ ਉਸ ਦੀ ਪਹੁੰਚ ਅਤੇ ਵਿਧੀ ਬਾਰੇ ਉਸ ਵੇਲੇ ਜੋ ਨੁਕਤੇ ਮੈਂ ਉਭਾਰੇ ਸਨ, ਉਸ ਦੀਆਂ ਬਾਅਦ ਦੀਆਂ ਪੁਸਤਕਾਂ ਨੇ ਵੀ ਉਨ੍ਹਾਂ ਦੀ ਭਰਪੂਰ ਪ੍ਰੋੜ੍ਹਤਾ ਕੀਤੀ ਹੈ। ਇਨ੍ਹਾਂ ਨੁਕਤਿਆਂ ਦਾ ਤੁਅੱਲੁਕ ਉਸ ਦੇ ਗਤੀਸ਼ੀਲ ਆਲੋਚਨਾ-ਸ਼ਾਸਤਰ ਨਾਲ ਹੈ। ਦੀਰਘ ਪੁਣ-ਛਾਣ ਤੋਂ ਬਗ਼ੈਰ ਵੀ ਉਸ ਦੀਆਂ ਪੁਸਤਕਾਂ ਦੇ ਸਿਰਲੇਖਾਂ ਉਪਰ ਸਰਸਰੀ ਝਾਤ ਪਾਇਆਂ ਉਸ ਦੇ ਆਲੋਚਨਾ-ਸ਼ਾਸਤਰ ਦੀ ਗਤੀਸ਼ੀਲਤਾ ਦੀ ਟੋਹ ਮਿਲਣ ਲੱਗਦੀ ਹੈ। ਇਸ ਦਾ ਪ੍ਰਗਟਾਵਾ ਕਦੇ ਸੰਕਲਪਾਂ ਦੀ ਵਿਆਖਿਆ ਰਾਹੀਂ, ਕਦੇ ਕਵੀ ਜਾਂ ਉਸ ਦੀ ਸਮੁੱਚੀ ਰਚਨਾਂ ਨੂੰ ਮਰਕਜ਼ ਵਿਚ ਰੱਖ ਕੇ, ਕਦੇ ਸਾਹਿਤਕ ਵਿਧਾਵਾਂ ਦੇ ਉਦਭਵ ਜਾਂ ਵਿਕਾਸ ਦੇ ਨੇਮਾਂ ਦੀ ਘੋਖ ਕਰਕੇ ਅਤੇ ਕਦੇ ਪ੍ਰਵਿਰਤੀ ਮੂਲਕ ਅਧਿਐਨ ਦੇ ਰੂਪ ਵਿਚ ਹੁੰਦਾ ਹੈ। ਹਥਲੀ ਵਿਚਾਰ ਦਾ ਸੰਬੰਧ ਉਸ ਦੀ ਨਵੀਂ ਪੁਸਤਕ **ਆਧੁਨਿਕ ਗ਼ਜ਼ਲ ਚੇਤਨਾ** ਨਾਲ ਹੈ।

ਜਿੱਥੇ ਡਾ: ਅਨੂਪ ਸਿੰਘ ਦੀ ਦਿਲਚਸਪੀ ਦਾ ਘੇਰਾ ਬੜਾ ਵਸੀਹ ਹੈ, ਉੱਥੇ ਇਸ ਦੇ ਸੁਭਾਉ ਵੱਲ ਵੀ ਧਿਆਨ ਦੇਣਾ ਬਣਦਾ ਹੈ। ਇਹ ਦਿਲਚਸਪੀ ਕੇਵਲ ਕਿਸੇ ਰਸੀਏ ਵਰਗੀ ਨਹੀਂ। ਇਸ ਨੂੰ ਉਹ ਸੁਚੇਤ ਭਾਂਤ ਦੇ ਬੌਧਿਕ ਅਮਲ ਵਜੋਂ ਗ੍ਰਹਿਣ ਕਰ ਕੇ ਮਿਸ਼ਨਰੀ ਸਪਿਰਟ ਨਾਲ ਸਰ ਅੰਜ਼ਾਮ ਦੇਣ ਲਈ ਤਤਪਰ ਨਜ਼ਰ ਆਉਂਦਾ ਹੈ। ਇਸ ਵਿਚੋਂ ਹੀ ਉਸ ਦੀ ਪ੍ਰਤਬੱਧਤਾ ਦੇ ਸੋਮੇ ਫੁਟਦੇ ਹਨ। ਪੁਸਤਕ ਦੇ ਸਿਰਲੇਖ ਵਿਚ 'ਗ਼ਜ਼ਲ ਚੇਤਨਾ' ਨਾਲ ਜੋੜਿਆ ਗਿਆ 'ਆਧੁਨਿਕ' ਦਾ ਪਦ ਏਸੇ ਸੁਚੇਤਨ ਪ੍ਰਤਿਬੱਧਤਾ ਵੱਲ ਇਸ਼ਾਰਾ ਹੈ। ਉਹ ਕਵਿਤਾ ਦੀ ਇਸ ਵਿਧਾ ਦੇ ਸਨਾਤਨੀ ਸਿਧਾਂਤ ਦੀ ਅਹਿਮੀਅਤ ਤੋਂ ਭਲੀ-ਭਾਂਤ ਵਾਕਿਫ ਹੈ। ਪਰ ਉਹ ਇਹ ਵੀ ਜਾਣਦਾ ਹੈ ਕਿ ਕਿਵੇ ਵੀ ਪਰੰਪਰਕ ਵਿਧਾ ਨੂੰ ਨਿਰੰਤਰ ਗਤੀਸ਼ੀਲ ਰਹਿਣ ਲਈ ਨਵ ਵਿਹਾਰ ਨਾਲ ਜੁੜਨ ਦੀ ਜ਼ਰੂਰਤ ਹੁੰਦੀ ਹੈ। ਨਵੇਂ ਵਿਹਾਰ ਵਿਚੋਂ ਨਵਾਂ ਸਿਧਾਂਤ ਉਪਜਦਾ ਹੈ। ਪ੍ਰਬੁੱਧ ਸਮੀਖਿਅਕ ਨੂੰ ਸਿਧਾਂਤ-ਵਿਹਾਰ-ਸਿਧਾਂਤ ਦੀ ਸੰਬਾਦਕ ਪ੍ਰਕਿਰਿਆ ਦੀ ਪੂਰੀ ਸੋਝੀ ਹੈ। ਇਸ ਕਰਕੇ ਉਹ ਗ਼ਜ਼ਲ ਦੇ ਸਨਾਤਨੀ ਸਿਧਾਤ ਤੋਂ ਬਿਲਕੁੱਲ ਤੋੜ ਵਿਛੋੜਾ ਨਹੀਂ ਕਰਦਾ। ਉਸ ਦੇ ਵਿਧੀ ਵਿਗਿਆਨ ਦੀ ਖ਼ੂਬੀ ਸਿਧਾਤ ਦੇ ਸਨਾਤਨੀ ਰੂਪ ਦੀਆਂ ਸੀਮਾਵਾਂ ਨੂੰ ਪਛਾਣ ਕੇ, ਇਸ ਦੀਆਂ ਸੰਭਾਵਨਾਵਾਂ ਨੂੰ ਅਜੋਕੀਆਂ ਲੋੜਾਂ ਦੀ ਪੂਰਤੀ ਲਈ ਲੋੜੀਂਦੇ ਆਧੁਨਿਕ ਸੰਦਰਭ ਵਿਚ ਸਫਲਤਾ ਪੂਰਵਕ ਰੂਪਾਂਤ੍ਰਿਤ ਕਰ ਲੈਣ ਰਾਹੀਂ ਪ੍ਰਗਟ ਹੁੰਦੀ ਹੈ। ਇਸ ਨੂੰ ਉਹ ਪੰਜਾਬੀ ਗ਼ਜ਼ਲ ਦੇ ਉਦਭਵ ਅਤੇ ਵਿਕਾਸ ਪੜਾਵਾਂ ਨਾਲ ਜੋੜ ਕੇ ਇਤਿਹਾਸਿਕ ਪਰਿਪੇਖ ਵਿਚ ਉਜਾਗਰ ਕਰਦਾ ਹੈ। ਇਸ ਪਰਿਪੇਖ ਵਿਚ ਗ਼ਜ਼ਲ ਬਾਰੇ ਪ੍ਰਾਪਤ ਆਲੋਚਨਾਤਮਕ ਸਮਗਰੀ ਨੂੰ ਵੀ ਸੰਵਾਦ ਵਿਚ ਸ਼ਾਮਿਲ ਕਰ ਲਿਆ ਗਿਆ ਹੈ। ਪੁਸਤਕ ਦੇ ਪਹਿਲੇ ਨਿਬੰਧ "ਪੰਜਾਬੀ ਗ਼ਜ਼ਲ : ਆਰੰਭ ਤੇ ਵਿਕਾਸ ਪੜਾਅ" ਵਿਚ ਇਸ ਵਿਧਾ ਦੀ ਉਤਪਤੀ ਦੀਆਂ ਸਾਹਿਤਕ ਤੇ ਸਮਾਜ-ਸਭਿਆਚਾਰਕ ਪਰਿ-ਸਥਿਤੀਆਂ ਦੀ ਤਾਰਕਿਕ ਵਿਆਖਿਆ ਕੀਤੀ ਗਈ ਹੈ। ਇਸ ਉਪਰੰਤ ਪੰਜਾਬੀ ਗ਼ਜ਼ਲ ਦੀ



ਇਤਿਹਾਸਕਾਰੀ ਦੇ ਨੁਕਤੇ ਤੋਂ ਗ਼ਜ਼ਲ-ਸੰਗ੍ਰਹਿਆਂ ਦੀ ਵਰਗੀਕ੍ਰਿਤ ਸੂਚੀ ਪ੍ਰਸਤੁਤ ਕਰ ਕੇ, ਵਿਭਿੰਨ ਪੜਾਵਾਂ ਦੀ ਨਿਸ਼ਾਨਦੇਹੀ ਤੇ ਉਹਨਾਂ ਦੇ ਸਾਹਿਤਕ ਸੁਭਾਉ ਨੂੰ ਵੀ ਨਿਰਧਾਰਿਤ ਕੀਤਾ ਗਿਆ ਹੈ।

**ਆਧੁਨਿਕ ਗ਼ਜ਼ਲ ਚੇਤਨਾ** ਦੇ ਮੱਧ ਵਾਲੇ ਭਾਗ ਵਿਚ ਪੰਦਰਾਂ ਗ਼ਜ਼ਲ-ਸੰਗ੍ਰਹਿਆਂ ਜਾਂ ਕਾਵਿ-ਸੰਗ੍ਰਹਿਆਂ ਵਿਚ ਦਰਜ ਗ਼ਜ਼ਲਾਂ ਦਾ ਵਿਸਤ੍ਰਿਤ ਵਿਸ਼ਲੇਸ਼ਣ ਕੀਤਾ ਗਿਆ ਹੈ। ਵਿਸ਼ਲੇਸ਼ਣ ਲਈ ਚੁਣੀਆਂ ਗਈਆਂ ਗ਼ਜ਼ਲਾਂ ਪਿਛਲੇ ਪੰਦਰਾਂ ਕੁ ਵਰ੍ਹਿਆਂ ਦੌਰਾਨ ਪ੍ਰਕਾਸ਼ਿਤ ਹੋਈਆਂ ਹਨ। ਇਹ ਸਮਾਂ ਜਿੱਥੇ ਪੰਜਾਬੀ ਰਹਿਤਲ ਦੇ ਮਾਨਵੀ ਸਰੋਕਾਰਾਂ ਲਈ ਵੰਗਾਰ ਭਰਿਆ ਸੀ, ਉੱਥੇ ਕੋਮਲਭਾਵੀ ਜਜ਼ਬਿਆਂ ਦੀ ਪੇਸ਼ਕਾਰ ਗ਼ਜ਼ਲ ਲਈ ਵੀ ਆਪਣੇ ਵਜੂਦ ਤੇ ਵਕਾਰ ਨੂੰ ਤਸਲੀਮ ਕਰਵਾਉਣ ਨਾਲ ਸੰਬੰਧਿਤ ਹੈ। ਡਾ: ਅਨੂਪ ਸਿੰਘ ਦੀ ਪੜਚੋਲ ਇਸ ਦੌਰ ਦੀ ਗ਼ਜ਼ਲ ਦੇ ਵਜੂਦ ਦੇ ਮਸਲਿਆਂ ਨੂੰ ਨਵ ਵਿਕਸਿਤ ਰੂਪ-ਵਿਧਾਨਕ ਮਾਪਦੰਡਾਂ ਰਾਹੀਂ ਘੋਖਦੀ ਹੈ ਅਤੇ ਇਸ ਦੇ ਵਕਾਰ ਦੀ ਪਰਖ ਲਈ ਮਾਰਕਸਵਾਦੀ ਸੁਹਜ-ਸ਼ਾਸਤਰੀ ਕਸਵੱਟੀ ਦੀ ਵਰਤੋਂ ਕਰਦੀ ਹੈ। ਇਸ ਅਮਲ ਵਿਚ ਇਕ ਅਜਿਹਾ ਸੰਤੁਲਿਤ ਰਵੱਈਆ ਅਪਣਾਇਆ ਗਿਆ ਹੈ ਜੋ ਬੇਲਿਹਾਜ਼ਗੀ ਨਾਲ ਕਾਵਿ-ਦੋਸ਼ਾਂ ਉੱਪਰ ਉਂਗਲ ਧਰਦਾ ਹੈ ਅਤੇ ਖੁਲ੍ਹਦਿਲੀ ਨਾਲ ਕਲਾਤਮਕ ਪੁਖ਼ਤਗੀ ਨੂੰ ਉਭਾਰਦਾ ਹੈ। ਇਸ ਨਾਲ ਅਧਿਐਨ ਨਿਖੇੜੇ ਤੇ ਸੁਮੇਲ ਦੇ ਗੁਣਾਂ ਦਾ ਧਾਰਨੀ ਬਣ ਜਾਂਦਾ ਹੈ—ਨਿਖੇੜਾ ਘਾਟਾਂ ਤੇ ਪ੍ਰਾਪਤੀਆਂ ਦਾ ਅਤੇ ਸੁਮਲ ਆਲੋਚਨਾ ਤੇ ਸਰਾਹਨਾ ਦਾ। ਪੁਸਤਕ ਵਿਚ ਵਰਤੀ ਗਈ ਮਾਰਕਸਵਾਦੀ ਸੁਹਜ-ਸ਼ਾਸਤਰੀ ਕਸਵੱਟੀ ਪੰਜਾਬੀ ਗ਼ਜ਼ਲ ਵਿਹਾਰ ਦੀ ਜਮਾਤੀ ਚੇਤਨਾ ਨੂੰ ਪ੍ਰਮੁੱਖ ਆਧਾਰ ਥਾਪ ਕੇ ਕਿਰਿਆਸ਼ੀਲ ਬਣਦੀ ਹੈ। ਪ੍ਰਯੋਜਨ ਦੀ ਪੱਧਰ ਤੇ ਇਸ ਵਿਚ ਲੋਕਤਾ ਦੇ ਕਲਿਆਣ ਨੂੰ ਕੇਂਦਰੀ ਮੁਕਾਮ ਹਾਸਿਲ ਹੈ। ਇਸ ਮਕਸਦ ਦੀ ਪ੍ਰਾਪਤੀ ਲਈ ਰਚਨਾ-ਦ੍ਰਿਸ਼ਟੀ ਨਾਲ ਜੁੜੀ ਵਿਚਾਰਧਾਰਾ ਅਤੇ ਕਾਵਿ-ਅਨੁਭਵ ਦੇ ਆਰਥਿਕ-ਰਾਜਨੀਤਕ ਪਸਾਰਾਂ ਦੇ ਨਿਰਣੈਕਾਰੀ ਰੋਲ ਵੱਲ ਉਚੇਚਾ ਧਿਆਨ ਦਿਵਾਇਆ ਗਿਆ ਹੈ। ਇਸ ਪ੍ਰਸੰਗ ਵਿਚ ਆਲੋਚਕ ਦੀ ਵਿਸ਼ੇਸ਼ਤਾ ਇਹ ਹੈ ਕਿ ਉਹ ਗ਼ਜ਼ਲ ਚੇਤਨਾ ਦੇ ਵਿਚਾਰਧਾਰਕ, ਆਰਥਿਕ ਜਾਂ ਰਾਜਨੀਤਿਕ ਪੱਖਾਂ ਦੀ ਪੇਸ਼ਕਾਰੀ ਨੂੰ ਕਿਸੇ ਘਟਾਓਵਾਦੀ ਜਾਂ ਆਰੋਪਿਤ ਰੂਪ ਵਿਚ ਅੰਕਿਤ ਹੋਏ ਵੇਖਣ ਦਾ ਇਛੁੱਕ ਨਹੀਂ। ਉਸ ਦੀ ਘਸਵੱਟੀ ਦ੍ਰਿਸ਼ਟੀ, ਅਨੁਭਵ ਤੇ ਰੂਪ ਦੇ ਸੰਸ਼ਲੇਸ਼ਣ ਰਾਹੀਂ ਲੋਕਤਾ ਦੇ ਕਲਿਆਣ ਨੂੰ ਸੰਚਾਰ ਦੀਆਂ ਗ਼ਜ਼ਲਾਂ ਨੂੰ ਹੀ ਮਿਆਰੀ ਰਚਨਾਵਾਂ ਸਵੀਕਾਰਦੀ ਹੈ।

ਇਸ ਪੁਸਤਕ ਦੇ ਵਿਧੀ-ਵਿਗਿਆਨ ਵਿਚ ਨਿਗਮਨ ਤੇ ਆਗਮਨ ਦੇ ਤਰੀਕੇ ਇਕ ਦੂਜੀ ਦੇ ਪੂਰਕ ਬਣ ਕੇ ਕਾਰਜਸ਼ੀਲ ਹੁੰਦੇ ਹਨ। ਮੱਧਲੇ ਭਾਗ ਦੇ ਪੰਦਰਾਂ ਨਿਬੰਧਾਂ ਦੇ ਸਿਰਲਖਾਂ ਦੀ ਘਾੜਤ ਇਸ ਦੀ ਗਵਾਹੀ ਪ੍ਰਸਤੁਤ ਕਰਦੀ ਹੈ। ਪੁਸਤਕ ਦੀ ਵਿਉਂਤਕਾਰੀ ਵੀ ਇਸ ਨੂੰ ਪ੍ਰਮਾਣਿਤ ਕਰਦੀ ਹੈ। ਇਸ ਵਿਉਂਤਕਾਰੀ ਦਾ ਮਹੱਤਵ ਪੁਸਤਕ ਦੇ ਅਖੀਰਲੇ ਨਿਬੰਧ "ਪੰਜਾਬੀ ਗ਼ਜ਼ਲ : ਕੁਝ ਆਧੁਨਿਕ ਪ੍ਰਵਿਰਤੀਆਂ" ਰਾਹੀਂ ਉਦਘਾਟਿਤ ਹੁੰਦਾ ਹੈ। ਇਸ ਨਿਬੰਧ ਦਾ ਸਿਰਲੇਖ ਕੁਝ ਭੁਲੇਖਾ ਪਾਊ ਹੈ। ਵਾਸਤਵ ਵਿਚ ਇਸ ਨਿਬੰਧ ਵਿਚ ਪੰਜਾਬੀ ਗ਼ਜ਼ਲ-ਵਿਹਾਰ ਦੇ ਵਿਸ਼ਲੇਸ਼ਣ ਵਿਚੋਂ ਨਿਕਲੇ ਸਿੱਟਿਆਂ ਨੂੰ ਵਿਧੀ ਪੂਰਵਕ ਸੂਤਰ ਬੱਧ ਕਰਕੇ ਸਿਧਾਂਤ ਦੇ ਰੂਪ ਵਿਚ ਨਿਰਮਿਤ ਕੀਤਾ ਗਿਆ ਹੈ। ਵਿਹਾਰ ਵਿਚੋਂ ਨਿਕਲੇ ਇਸ ਸਿਧਾਂਤ ਨੂੰ ਪੰਜਾਬੀ ਗ਼ਜ਼ਲ ਦੇ ਪ੍ਰਵਿਰਤੀ ਮੂਲਕ ਸੰਦਰਭ ਨਾਲ ਜੋੜ ਕੇ ਪੁਸ਼ਟ ਹੁੰਦੇ ਦਰਸਾਇਆ ਗਿਆ ਹੈ। ਜੇਕਰ ਪੁਸਤਕ ਦੇ ਪਹਿਲੇ ਨਿਬੰਧ ਵਿਚਲੇ ਨੁਕਤਿਆਂ ਨੂੰ ਹਾਈਪੋਥੀਸਿਸ ਦੇ ਤੌਰ ਤੇ ਲਿਆ ਜਾਵੇ ਤਾਂ ਅਖ਼ੀਰਲਾ ਨਿਬੰਧ ਮੱਧਲੇ ਭਾਗ ਵਿਚਲੇ ਵਿਹਾਰਕ ਵਿਸ਼ਲੇਸ਼ਣ ਰਾਹੀਂ ਗੁਜ਼ਰ ਕੇ ਥੀਸਿਸ ਬਣ ਜਾਂਦਾ ਹੈ। ਇਸ ਤੋਂ ਡਾ: ਅਨੂਪ ਸਿੰਘ ਦੀ ਆਲੋਚਨਾ-ਵਿਧੀ ਦੀ ਵਿਗਿਆਨਕਤਾ ਦਾ ਪਤਾ ਲਗਦਾ ਹੈ। ਪੁਸਤਕ ਨੂੰ ਇਕ ਸੰਗਠਿਤ ਖੋਜ-ਕਾਰਜ ਦੀ ਤਰ੍ਹਾਂ ਵਿਉਂਤਿਆ ਗਿਆ ਹੈ। ਇਸ ਲਈ ਇਸ ਨੂੰ 'ਆਲੋਚਨਾਤਮਕ ਲੇਖ-ਸੰਗ੍ਰਹਿ' ਕਹਿਣਾ ਦਰੁੱਸਤ ਨਹੀਂ ਲਗਦਾ।

—ਡਾ: ਸੁਖਦੇਵ ਸਿੰਘ ਖਾਹਰਾ

## ਹਬੀਬ ਜਾਲਿਬ ਦੀਆਂ ਪੰਜਾਬੀ ਕਵਿਤਾਵਾਂ

ਹਬੀਬ ਜਾਲਿਬ ਉਰਦੂ ਦਾ ਪ੍ਰਮੁੱਖ ਜਨਵਾਦੀ ਕਰਾਂਤੀਕਾਰੀ ਪਾਕਿਸਤਾਨੀ ਕਵੀ ਸੀ, ਜਿਹੜਾ ਪਿਛਲੇ 40 ਸਾਲ ਤੋਂ ਹਰ ਤਰ੍ਹਾਂ ਦੇ ਜਾਬਰ ਰਾਜ ਦੇ ਵਿਰੁੱਧ ਤੇ ਜਨਵਾਦੀ ਹੱਕਾਂ ਦੀ ਰਾਖੀ ਲਈ ਨਿਰੰਤਰ ਜੂਝਦਾ ਰਿਹਾ ਹੈ। ਕੈਦਾਂ ਤੇ ਨਜ਼ਰਬੰਦੀਆਂ ਚੋਂ ਲੰਘਦੀ ਉਸ ਦੀ ਸ਼ਾਇਰੀ ਸਮਾਜਿਕ ਤੇ ਰਾਜਸੀ ਨਿਆਂ ਤੇ ਮੁਕਤੀ ਲਈ ਲੜਦੀ ਹੋਈ ਆਮ ਲੋਕਾਂ ਵਿਚ ਪ੍ਰਵਾਨ ਚੜ੍ਹੀ ਹੈ। ਅਸੀਂ ਜਾਲਿਬ ਦੀ ਮੌਤ ਉਪਰੰਤ 'ਚਿਰਾਗ਼' ਦੀ ਪੁਸਤਕ ਲੜੀ ਨੰ: 4 ਅਪਰੈਲ-ਜੂਨ 93 ਵਿਚ ਉਸਦੀਆਂ ਤਿੰਨ ਪੰਜਾਬੀ ਕਵਿਤਾਵਾਂ ਛਾਪੀਆਂ ਸਨ। ਹੁਣ ਜਾਲਿਬ ਦੀਆਂ ਮੁਕੰਮਲ ਉਰਦੂ ਨਜ਼ਮਾਂ ਦਾ ਵੱਡੇ-ਆਕਾਰੀ ਸੰਗ੍ਰਹਿ 'ਹਰਫ਼ੇ-ਸਰੇ-ਦਾਰ' ਵਿਚੋਂ ਅਸੀਂ ਉਸਦੀਆਂ ਬਾਕੀ ਰਹਿੰਦੀਆਂ ਪੰਜਾਬੀ ਕਵਿਤਾਵਾਂ ਛਾਪ ਰਹੇ ਹਾਂ। ਇਹ ਪੁਸਤਕ ਬਾਬਾ ਭਗਤ ਸਿੰਘ ਬਿਲਗਾ ਜੀ ਦੇ ਯਤਨਾਂ ਨਾਲ ਪ੍ਰਾਪਤ ਹੋਈ ਹੈ।

—ਸੰਪਾਦਕ

### 1

ਡਾਕੂਆਂ ਦਾ ਜੇ ਸਾਥ ਨਾ ਦਿੰਦਾ, ਪਿੰਡ ਦਾ ਪਹਿਰੇਦਾਰ।
ਅੱਜ ਪੈਰੀਂ ਜ਼ੰਜੀਰ ਨਾ ਹੁੰਦੀ, ਜਿੱਤ ਨਾ ਬਣਦੀ ਹਾਰ।
ਪੱਗਾਂ ਆਪਣੇ ਗਲ ਵਿਚ ਪਾ ਲਓ ਟੁਰੋ ਪੇਟ ਦੇ ਭਾਰ।
ਚੜ੍ਹ ਜਾਏ ਤੇ ਮੁਸ਼ਕਿਲ ਲਹਿੰਦੀ, ਬੂਟਾਂ ਦੀ ਸਰਕਾਰ।

(ਯਹੀਯਾ ਖ਼ਾਨ ਦੇ ਦੌਰ 'ਚ ਲਿਖੀ ਗਈ)

### 2

ਸ਼ਹਿਨਸ਼ਾਹੀ ਦਾ ਜਸ਼ਨ ਮਨਾਓ, ਆਇਆ ਏ ਫ਼ੁਰਮਾਨ।
ਦੇਖੋ ਹੁਣ ਵੀ ਸਦੀਆਂ ਪਿੱਛੇ, ਏਥੇ ਦਾ ਇਨਸਾਨ।

ਮਰ ਜਾਂਦਾ ਜੇ ਮੇਰੇ ਹੱਥੋਂ, ਜਾਂਦੀ ਇੱਕ ਵੀ ਜਾਨ।
ਇਹ ਜੀਊਂਦੇ ਅੱਧਮੋਇਆ ਕਰਕੇ ਮੇਰਾ ਪਾਕਿਸਤਾਨ।

ਓਹੋ ਪਿੰਜਰਾ, ਉਹੋ ਈ ਮੈਂ, ਓਹੋ ਹੀ ਸੱਯਾਦ।
ਓਹੋ ਪਹਿਰੇ ਹੰਝੂਆਂ ਉੱਤੇ, ਸਹਿਮੀ ਏ ਫਰਿਆਦ।

ਜ਼ਬਤ ਏ ਹੁਣ ਤੱਕ ਇਕ ਸ਼ਿਅਰਾਂ ਵਿਚ ਲਿਖੀ ਸੀ ਰੂਦਾਦ।
ਅੰਗਰੇਜ਼ਾਂ ਨੂੰ ਕੱਢ ਕੇ ਵੀ ਮੈਂ ਹੋਇਆ ਨਹੀਂ ਆਜ਼ਾਦ।

### 3. ਬਾਜ਼ ਆ ਜਾਓ

ਹੁਣ ਵੀ ਬਾਗ਼ ਚੁਫੇਰਿਓਂ ਲੂਸਦਾ ਏ।
ਕਾਲਾ ਸੱਪ ਸਾਡਾ ਲਹੂ ਚੂਸਦਾ ਏ।

ਆਪ ਸਾੜ ਕੇ ਆਪਣੇ ਆਹਲਣੇ ਨੂੰ,
ਅਸਾਂ ਆਖਣਾ ਦੋਸ਼ ਇਹ ਰੂਸ ਦਾ ਏ।



### 4. ਦੂਜਾ ਗੀਤ

ਜਿੰਦ ਵਾਂਗ ਸ਼ਮ੍ਹਾ ਦੇ ਮੇਰੀ ਏ
ਰਾਤਾਂ ਨੂੰ ਜਲਾਇਆ ਜਾਂਦਾ ਏ।
ਦਿਨ ਚੜ੍ਹਿਆ ਬੁਝਾਇਆ ਜਾਂਦਾ ਏ।
ਇੰਝ ਜਸ਼ਨ ਮਨਾਇਆ ਜਾਂਦਾ ਏ।
ਇਹ ਖੇਡ ਏ ਸਾਰੀ ਦੌਲਤ ਦੀ,
ਦੱਸੋ ਕੀ ਖ਼ਤਾ ਏ ਔਰਤ ਦੀ।
ਇਕ ਮਹਿਲਾਂ ਦੇ ਵਿਚ ਰਾਜ ਕਰੇ,
ਇੱਕ ਨੂੰ ਖਿੰਜਵਾਇਆ ਜਾਂਦਾ ਏ,
ਇੰਝ ਜਸ਼ਨ ਮਨਾਇਆ ਜਾਦਾ ਏ।

### 5. ਵਿੱਛੜੇ ਦਿਲ ਵੀ ਮਿਲ ਸਕਦੇ ਨੇ

ਦਿਲ ਦੀ ਕਾਲਖ਼, ਹੰਝੂਆਂ ਨਾਲ ਈ ਧੁਲ ਸਕਦੀ ਏ
ਜ਼ਖਮ, ਜਿਗਰ ਦੇ, ਧੋ ਆਈਂ,
ਹੰਝੂਆਂ ਨਾਲ ਈ ਸਿਲ ਸਕਦੇ ਨੇ
ਵੱਛੜੇ ਦਿਲ ਵੀ ਮਿਲ ਸਕਦੇ ਨੇ,
ਰੋ ਆਈਂ,
ਨਫਰਤ ਦੀ ਅੱਗ
ਹੰਝੂਆਂ ਨਾਲ ਈ ਬੁਝ ਸਕਦੀ ਏ
ਅੱਖੀਆਂ ਦੇ ਵਿਚ ਹੰਝੂ ਭਰ ਕੇ ਪਿਆਰ ਦੀ ਠੰਢਕ
ਬੋਅ ਆਂਈਂ,
ਦਿਲ ਦੀ ਕਾਲਖ਼,
ਹੰਝੂਆਂ ਨਾਲ ਈ ਧੁਲ ਸਕਦੀ ਏ
ਧੋ ਆਈਂ।

### 6. ਮੁੰਡਿਆ!

ਚੁੱਪ ਕਰ ਮੁੰਡਿਆ, ਨਾ ਮੰਗ ਰੋਟੀਆਂ,
ਖਾਏਂਗਾ ਜ਼ਮਾਨੇ ਹੱਥੋਂ ਨਈਂ ਤੇ ਸੋਟੀਆਂ।
ਦੜ ਵੱਟ ਕੇ ਤੂੰ ਕੱਟ ਏਥੇ ਦਿਨ ਚਾਰ
ਸਦੀਆਂ ਤੋਂ ਭੁੱਖੇ ਲੋਕੀਂ ਖਾਂਦੇ ਆਏ ਮਾਰ
ਇਕ ਮੁੱਕੀ ਚੁੱਕ ਲੈ ਦੂਸਰੀ ਤਿਆਰ

ਦਿਲਾਂ ਵਿਚ ਜਿਹਨਾਂ ਦੇ ਮੁਹੱਬਤਾਂ ਦਾ ਨੂਰ
ਜਾਣ ਠੁਕਰਾਏ ਬਿਨਾਂ ਕੀਤਿਆਂ ਕਸੂਰ
ਰਹਿਣ ਸੁਖੀ ਵੱਸਦੇ ਬਲੈਕੀਆਂ ਦੇ ਯਾਰ
ਸਦੀਆਂ ਤੋਂ ਭੁੱਖੇ ਲੋਕ ਖਾਂਦੇ ਆਏ ਮਾਰ।

## 7. ਮਾਂ ਬੋਲੀ

ਪੁੱਤਰਾਂ ਤੇਰੀ ਚਾਦਰ ਲਾਹੀ
ਹੋਰ ਕਿਸੇ ਦਾ ਦੋਸ਼ ਨਾ ਮਾਈ
ਗ਼ੈਰਾਂ ਕਰੋਧ ਦੀ ਉਹ ਅੱਗ ਬਾਲੀ
ਸੀਨੇ ਹੋ ਗਏ ਪਿਆਰ ਤੋਂ ਪਾਲੀ।

ਪੁੱਤਰਾਂ ਨੂੰ ਤੂੰ ਲੱਗੇਂ ਗਾਲੀ
ਤੈਨੂੰ ਬੋਲਣ ਤੋਂ ਸ਼ਰਮਾਵਣ
ਗ਼ੈਰਾਂ ਐਸੀ 'ਵਾ ਵਗਾਈ
ਪੁੱਤਰਾਂ ਤੇਰੀ ਚਾਦਰ ਲਾਹੀ

ਇਹਨਾਂ ਕੋਲ ਜ਼ਮੀਨਾਂ ਵੀ ਨੇ
ਇਹਨਾਂ ਕੋਲ ਸੰਗੀਨਾਂ ਵੀ ਨੀ
ਦੌਲਤ ਬੈਂਕ ਮਸ਼ੀਨਾਂ ਵੀ ਨੇ
ਨਾ ਇਹ ਤੇਰੇ ਨਾ ਇਹ ਮੇਰੇ।

ਇਹ ਲੋਕੀਂ ਯੂਸਫ਼ ਦੇ ਭਾਈ
ਪੁੱਤਰਾਂ ਤੇਰੀ ਚਾਦਰ ਲਾਹੀ
ਹੋਰ ਕਿਸੇ ਦਾ ਦੋਸ਼ ਨਾ ਮਾਈ।

## 8. ਇੱਕ ਮਜਬੂਰ ਔਰਤ ਦਾ ਗੀਤ

ਇਹ ਘੁੰਗਰੂ ਨਈ ਜ਼ੰਜੀਰਾਂ ਨੇ
ਦੁਨੀਆਂ ਨੇ ਪੈਰੀਂ ਪਾਈਆਂ
ਇਹ ਛਣਕਦੀਆਂ ਰੁਸਵਾਈਆਂ
ਨਈਂ ਸੁਣਦਾ ਕੋਈ ਦੁਹਾਈਆਂ

ਦਿਲ ਸਾਥ ਨਾ ਦਏ ਤਾਂ ਹੱਸਣਾ ਕੀ
ਬਸਤੀ ਵਿਚ ਜ਼ੁਲਮ ਦੀ ਵੱਸਣਾ ਕੀ
ਹਾਲ ਆਪਣਾ ਕਿਸੇ ਨੂੰ ਦੱਸਣਾ ਕੀ
ਚੁੱਪ ਰਹਿਣਾ ਈ ਤਕਦੀਰਾਂ ਨੇ
ਇਹ ਘੁੰਗਰੂ ਨਈਂ ਜ਼ੰਜੀਰਾਂ ਨੇ।

ਕਦੀ ਕਹਿੰਦੇ ਨੱਚ ਬਜ਼ਾਰਾਂ ਵਿਚ
ਕਦੀ ਚਿਣਦੇ ਰਹੇ ਦੀਵਾਰਾਂ ਵਿਚ
ਰਹੀ ਸ਼ਰਮ ਨਾ ਰਾਂਝਣ ਯਾਰਾਂ ਵਿਚ
ਹੋਈਆਂ ਬੇਬਸ ਲੱਖਾਂ ਹੀਰਾਂ ਨੇ
ਇਹ ਘੁੰਗਰੂ ਨਈਂ ਜ਼ੰਜੀਰਾਂ ਨੇ।



## 9. ਇੱਕ ਨਜ਼ਮ

ਏਧਰ ਘੋੜਾ, ਓਧਰ ਗਾਂ
ਦੱਸ ਬੰਦਿਆ ਮੈਂ ਕਿੱਧਰ ਜਾਂ

ਏਧਰ ਮੁਲਾਂ ਦੀ ਛੁਣੀ ਏਂ
ਓਧਰ ਪੰਡਤ ਦੀ ਤੂਣੀ ਏਂ
ਏਧਰ ਹਾਲ ਅਗਰ ਮੰਦਾ ਏ।
ਉਧਰ ਵੀ ਤੇ ਭੁੱਖ ਦੂਣੀ ਏ।
ਆਵੇ ਕਿਤੇ ਨਾ ਸੁੱਖ ਦਾ ਸਾਹ
ਦੱਸ ਬੰਦਿਆ ਮੈਂ ਕਿੱਧਰ ਜਾਂ।

### ਸ਼ਿਅਰ

ਉੱਚੀਆਂ ਕੰਧਾਂ ਵਾਲਾ ਘਰ ਸੀ, ਰੋ ਲੈਂਦੇ ਸਾਂ ਖੁੱਲ੍ਹ ਕੇ
ਐਸੀ 'ਵਾ ਵਗਾਈ ਓ ਰੱਬਾ ਰਹਿ ਗਈ ਜਿੰਦੜੀ ਰੁਲ ਕੇ।
ਚਾਰ ਚੁਫੇਰੇ ਦਰਦ ਹਨੇਰੇ ਹੰਝੂ ਡੇਰੇ ਡੇਰੇ
ਦੁਖਿਆਰੇ ਵਣਜਾਰੇ ਆ ਗਏ ਕਿੱਧਰ ਰਸਤਾ ਭੁੱਲ ਕੇ।
ਯਾਦ ਆਈਆਂ ਕੁਝ ਹੋਰ ਵੀ ਤੇਰੇ ਸ਼ਹਿਰ ਦੀਆਂ ਬਰਸਾਤਾਂ
ਹੋਰ ਵੀ ਚਮਕੇ ਦਾਗ਼ ਦਿਲਾਂ ਦੇ, ਨਾਲ ਅਸ਼ਕਾਂ ਦੇ ਧੁੱਲ ਨੇ।

ਆਪਣੀ ਗੱਲ ਨਾ ਛੱਡੀਂ 'ਜਾਲਿਬ' ਸ਼ਾਇਰ ਕੁਝ ਵੀ ਆਖਣ
ਆਪਣੀ ਰੰਗਤ ਖੋ ਲੈਂਦੇ ਨੇ ਰੰਗ ਰੰਗਾਂ ਵਿਚ ਘੁਲ ਕੇ।

## 10. ਢੋਲ ਸਿਪਾਹੀ

ਇੱਕੋ ਕੋਠਾ ਉਹ ਵੀ ਚੋਵੇ
ਟਪ ਟਪ ਟਪ ਟਪ ਟਪ ਟਪ ਹੋਵੇ
ਦੁਖੀਆ ਜਾਗੇ ਕਿਸਮਤ ਸੌਂਵੇਂ।
ਪਿਆਰ ਨਿਸ਼ਾਨੀ ਸੀਨੇ ਲਾ ਕੇ
ਯਾਦਾਂ ਦੇ ਦਰਵਾਜ਼ੇ ਉੱਤੇ
ਵਹੁਟੀ ਬਣਕੇ ਆਣ ਖਲੋਵੇ
ਅੱਜ ਤੋੜੀਂ ਆਇਆ ਨਾ ਮਾਹੀ
ਦਿਲ ਦਾ ਜਾਨੀ ਢੋਲ ਸਿਪਾਹੀ

## 11. ਰਾਤ ਕੁਲਹਿਣੀ

ਦੁਨੀਆਂ ਭਰ ਦੇ ਕਾਲੇ ਚਿੱਟੇ ਚੋਰ ਲੁਟੇਰੇ
ਸੋਚੀਂ ਪੈ ਗਏ
ਕੀ ਹੋਵੇਗੀ ਰਾਤ ਜੇ ਮੁੱਕ ਗਈ
ਜੇ ਧਰਤੀ ਦੇ ਕਾਮਿਆਂ ਅੱਗੇ

ਗਰਦਨ ਝੁੱਕ ਗਈ
ਰਾਤ ਨੂੰ ਰੋਕੋ,
ਰੌਸ਼ਨੀਆਂ ਦੇ ਹੜ੍ਹ ਦੇ ਅੱਗੇ
ਉੱਚੀਆਂ ਉੱਚੀਆਂ ਕੰਧਾਂ ਚੁੱਕੋ
ਰਾਤ ਨੂੰ ਰੋਕੋ।
ਹੜ੍ਹ ਦੀ ਗੂੰਜ ਤੇ ਘੂਕਰ ਸੁਣਕੇ
ਤਾਜਾਂ ਤੇ ਤਖਤਾਂ ਦੀ ਦੁਨੀਆਂ ਕੰਬ ਉੱਠੀ ਏ
ਇਕ ਮੁੱਠੀ ਏ,
ਜਦੋਂ ਇਹਨਾਂ ਦੀ ਲੁੱਟ ਖਸੁੱਟ ਨੂੰ ਖਤਰਾ ਪੈਂਦਾ
ਰੱਬ ਰਸੂਲ ਨੂੰ ਖ਼ਤਰੇ ਦੇ ਵਿਚ ਪਾ ਦਿੰਦੇ ਨੇ
ਰੱਬ ਰਸੂਲ ਦੇ ਹੁਕਮ ਦੇ ਨਾਲ ਇਹ ਰਹਿਣ ਨਈਂ ਲੱਗੇ
ਖੂਨੀ ਕਾਤਲ ਚੋਰ ਲੁਟੇਰੇ ਕਾਲੇ ਬੱਗੇ
'ਜਾਲਿਬ' ਭਾਵੇਂ ਲੱਖ ਇਕੱਠੇ ਹੋ ਹੋ ਬਹਿਣ
ਨਈਂ ਹੁਣ ਰਹਿਣੀ
ਰਾਤ ਕਲਹਿਣੀ।

## 12. ਗੱਲ ਸੁਣ ਚੱਪਣਾ

ਗੱਲ ਸੁਣ ਚੱਪਣਾ
ਰਾਜ ਲਿਆ ਆਪਣਾ
ਵੱਡਿਆਂ ਵਡੇਰਿਆਂ ਦਾ
ਚਾਲਮਾਂ ਲੁਟੇਰਿਆਂ ਦਾ
ਛੱਡ ਨਾਂ ਜੱਪਣਾ
ਗੱਲ ਸੁਣ ਚੱਪਣਾ
ਰਾਜ ਲਿਆ ਆਪਣਾ

ਸਿਰਾਂ ਦੀਆਂ ਪੋਤੀਆਂ ਨੇ
ਪੋਤੀਆਂ ਪੜਪੋਤੀਆਂ ਨੇ
ਰੀਗਣਾ ਦੋ ਤੋਤੀਆਂ ਨੇ
ਕੁਝ ਤੈਨੂੰ ਦਿੱਤਾ ਵੀ,
ਐਵੇਂ ਪਿਆ ਟੱਪਣਾ
ਗੱਲ ਸੁਣ ਚੱਪਣਾ
ਰਾਜ ਲਿਆ ਆਪਣਾ

ਬੰਦੇ ਨਈਂ ਇਹ ਪਿਆਰਦੇ
ਐਵੇਂ ਤੈਨੂੰ ਚਾਰਦੇ
ਝੂਠ ਪਏ ਮਾਰਦੇ
ਹੋਸ਼ ਕਰ ਪਾਗਲਾ
ਚੱਲ ਪਾ ਖੱਪਣਾ



ਗੱਲ ਸੁਣ ਚੱਪਣਾ
ਰਾਜ ਲਿਆ ਆਪਣਾ
ਗੋਰੇ ਚਿੱਟੇ ਸਾਹਬਾਂ ਕੋਲੋਂ
ਕਾਲਿਆਂ ਨਵਾਬਾਂ ਕੋਲੋਂ
ਬਚ ਇਹਨਾਂ ਅਜ਼ਾਬਾਂ ਕੋਲੋਂ
ਨਈਂ ਤਾਂ ਤੈਨੂੰ ਮੁੱਦਤਾਂ
ਪਵੇਗਾ ਕਲਪਣਾ
ਗੱਲ ਸੁਣ ਚੱਪਣਾ
ਰਾਜ ਲਿਆ ਆਪਣਾ।

## 13.

ਮਜ਼ਹਬਾਂ ਦੇ ਝਗੜੇ ਝੇੜੇ ਵਿਚ ਕੀ ਰੱਖਿਆ ਏ
ਅਸਾਂ ਤੇ ਜਾਮ ਮੁਹੱਬਤ ਵਾਲਾ ਪੀ ਰੱਖਿਆ ਏ
ਪੀ ਲੈਂਦੇ ਨੇ, ਖਾ ਲੈਂਦੇ ਨੇ, ਸੌਂ ਲੈਂਦੇ ਨੇ
ਯਾਰਾਂ ਖੁਦ ਨੂੰ ਵਤਨੋਂ ਦੂਰ ਸੁੱਖੀ ਰੱਖਿਆ ਏ। 0—0

## ਗੀਤ/□ ਗੁਰਮੀਤ ਕੱਲਰ ਮਾਜਰੀ

ਮੈਂ ਪੰਛੀ ਹਾਂ ਕਿਸੇ ਡਾਰ ਦਾ
ਵਣ ਜੰਗਲ ਮੈਨੂੰ ਭਾਲ ਰਹੇ।
ਦੱਭ ਸਰਕੜਾ ਕਾਹੀ ਕੰਡੇ
ਹਰ ਸਾਹ ਮੇਰੇ ਨਾਲ ਰਹੇ।

ਜਦੋਂ ਰੁੱਖਾਂ ਦੇ ਪੱਤੇ ਹਿਲਦੇ,
ਮੇਰੇ ਦਿਲ ਵਿਚ ਫੁੱਲ ਨੇ ਖਿਲਦੇ,
ਪਾ ਗਲਵੱਕੜੀ ਮੈਨੂੰ ਮਿਲਦੇ।
ਜਦ ਅੰਬਰ ਵਿਚ ਕੂੰਜਾਂ ਬੋਲਣ, ਤਾਰੇ ਦਿੰਦੇ ਤਾਲ ਰਹੇ—

ਮੈਂ ਸ਼ਬਦ ਹਾਂ ਆਦਿ ਕਾਲ ਦਾ,
ਅਰਥ ਨਹੀਂ ਕੋਈ ਮੇਰੇ ਨਾਲ ਦਾ,
ਮੇਰਾ ਚੋਗਾ ਹੈ. ਮੇਰੇ ਖਿਆਲ ਦਾ।
ਮੇਰੀ ਰੂਹ ਦੀ ਫੱਟੀ ਉੱਪਰ, ਉੱਕਰੇ ਕਈ ਸੁਆਲ ਰਹੇ—

ਸ਼ਹੁ ਦਰਿਆ ਮੇਰੇ ਸਾਹੀਂ ਵਹਿੰਦੇ।
ਅੱਖੀਆਂ ਵਿਚ ਨੈ ਤਰਦੇ ਰਹਿੰਦੇ।
ਪ੍ਰਬਤ ਮੁੱਖੋਂ ਕੁਝ ਨਾ ਕਹਿੰਦੇ।
ਜਦ ਤੂਫਾਨਾਂ ਨਾਲ ਨੇ ਖਹਿੰਦੇ, ਬਣਦੇ ਮੇਰੀ ਢਾਲ ਰਹੇ—

ਨਜ਼ਰ ਮੇਰੀ ਰੰਗਾਂ ਦੀ ਹੋਲੀ,
ਬੰਦ ਪਟਾਰੀ ਮੈਂ ਹੀ ਖੋਲ੍ਹੀ,
ਪੀਂਘ ਸਤਰੰਗੀ ਮੈਨੂੰ ਬੋਲੀ,
ਰੰਗ ਅੰਬਰੋਂ ਬਾਹਰ ਜੋ ਖਿਲਰੇ, ਉਹ ਰੰਗ ਮੈਨੂੰ ਭਾਲ ਰਹੇ—

## ਸੁਖਬੀਰ : ਇਕ ਪੋਰਟ੍ਰੇਟ

—ਪ੍ਰੇਮ ਸਾਹਿਲ

ਉਹ ਮਾਨਸਰੋਵਰ ਹੈ
ਤੇ ਆਪ ਹੀ ਉਸ ਵਿਚ ਤੈਰਦਾ ਹੰਸ ਵੀ
ਜੋ, ਮੋਤੀ ਚੁਗਦਾ ਵੀ ਹੈ ਤੇ ਵੰਡਦਾ ਵੀ
ਪਾਣੀ ਲੰਘਦਾ ਵੀ ਹੈ ਤੇ ਰੰਗਦਾ ਵੀ !

ਰਾਤਾਂ ਦਾ ਰਫੀਕ ਹੈ ਬੇਸ਼ਕ
ਦਿਨਾਂ ਦਾ ਰਕੀਬ ਹਰਗਿਜ਼ ਨਹੀਂ ।
ਗੋਲ ਚਿਹਰੇ 'ਤੇ ਪੀੜ੍ਹਾ ਡਾਹ ਕੇ ਬੈਠੀ ਆਥਣ
ਉਸ ਦੇ ਸਫਰ ਦੀਆਂ ਪੈੜਾਂ ਅਟੇਰਦੀ ਹੈ
ਜ਼ਿੰਦਗੀ ਦੇ ਵੰਨ-ਸੁਵੰਨੇ ਰੰਗ ਜਿਸ ਨੇ
ਲਫਜ਼ਾਂ ਨਾਲ ਫੜੇ ਵੀ ਤੇ ਟੁਣਕਾਏ ਵੀ ।

ਵੇਸਵਾ ਰਾਤ ਉਸ ਨੂੰ ਆਪਣਾ ਗਾਹਕ ਸਮਝ ਕੇ
ਉਨ੍ਹਾਂ ਝੁੱਗੀਆਂ 'ਚ ਲੈ ਵੜਦੀ ਹੈ
ਜੋ ਧਰਤੀ ਦੀ ਹਿੱਕ ਨਾਲ ਲੱਗ ਕੇ ਸੁੱਤੀਆਂ ਹੋਈਆਂ ਨੇ ।

ਧਰਤੀ ਦੇ ਨੈਣਾਂ ਵਿਚ
ਫੁੱਲ ਦਾ ਖਿਆਲ ਬਣ ਕੇ ਖਿੜਨ ਦੀ ਲੋਚਾ
ਉਸ ਨੂੰ ਔਝੜ ਰਾਹਾਂ 'ਤੇ ਲੈ ਤੁਰਦੀ ਹੈ
ਤੇ ਉਹ, ਫਲਾਹੀ ਦੀਆਂ ਟਾਹਣੀਆਂ 'ਚ ਫਸੇ ਹੋਏ
ਚੰਨ ਵਾਂਗ ਛਟਪਟਾਉਂਦਾ ਹੈ
ਅੱਖਾਂ ਵਾਲੀ ਰਾਤ ਨੂੰ ਖਰੀਆਂ-ਖਰੀਆਂ ਸੁਣਾਉਂਦਾ ਹੈ

ਜਿਸ ਮਨੁੱਖ ਦੀਆਂ ਜੜ੍ਹਾਂ
ਮਿੱਟੀ ਵਿਚ ਸੱਠ ਸਾਲ ਡੂੰਘੀਆਂ ਲੱਥ ਚੁੱਕੀਆਂ ਹੋਣ
ਉਸ ਦੇ ਨੈਣ-ਨਕਸ਼ਾਂ ਦੀਆਂ
ਲੀਕਾਂ ਵੀ, ਲਫ਼ਜ਼ਾਂ ਦੀ ਜੂਨ ਹੰਢਾਉਂਦੀਆਂ ਨੇ ।

ਸਨ-ਐਂਡ-ਸੀ ਦੇ ਫਲੈਟਾਂ 'ਚ ਫਸੇ ਆਪਣੇ ਫਲੈਟ 'ਚ
ਕਿਤਾਬਾਂ 'ਚ ਖੁੱਭਿਆ ਉਹ, ਕਿਤਾਬ ਹੀ ਲਗਦਾ ਹੈ ।
ਸਮੁੰਦਰ ਦੇ ਭਾਂਤ-ਸੁਭਾਂਤੇ ਮੂਡ, ਉਸ ਕੋਲ ਚਲ ਕੇ ਆਉਂਦੇ ਨੇ
ਸਭ ਰੰਗ ਪੀ ਜਾਣ ਵਾਲਾ ਨ੍ਹੇਰਾ, ਉਸ ਨੂੰ ਸਲਾਮ ਕਰਕੇ ਲੰਘਦਾ ਹੈ
ਤੇ, ਤੁਹਾਡੇ ਬੋਲਣ ਤੋਂ ਪਹਿਲਾਂ ਹੀ ਉਹ ਤੁਹਾਨੂੰ ਸੁਣਨ ਲਗਦਾ ਹੈ ।



ਪੱਗ ਬੰਨ੍ਹਣੀ, ਕੋਈ ਉਸ ਕੋਲੋਂ ਸਿੱਖੇ ਨਾ ਸਿੱਖੇ
ਪਰ, ਨਜ਼ਮ ਬੰਨ੍ਹਣੀ, ਕਈ ਉਸ ਕੋਲੋਂ ਸਿੱਖਦੇ ਨੇ
ਨੌਸਿੱਖਿਆਂ ਲਈ ਉਹ ਕਰੜਾ ਉਸਤਾਦ
ਤੇ ਕੁਰਾਹੇ ਜਾਣ ਵਾਲੇ ਨੂੰ ਕੰਨੋਂ ਫੜਕੇ
ਕੁਝ ਇਸ ਤਰ੍ਹਾਂ ਸਹੀ ਦਿਸ਼ਾ ਵਲ ਮੋੜਦਾ ਹੈ
ਕਿ ਬੰਦਾ, ਆਪਣਾ ਕੰਨ ਝੱਸਣ ਦੀ ਬਜਾਏ
ਉਸ ਦਾ ਸਪਰਸ਼ ਲੋੜਦਾ ਹੈ...

ਜਿਸ ਕਰੀਨੇ ਨਾਲ ਉਹ ਬੋਲਦਾ ਹੈ
ਮੂੰਹ ਵੀ ਉਸੇ ਕਰੀਨੇ ਨਾਲ ਖੋਲ੍ਹਦਾ ਹੈ...

ਜਦ, ਬਾਰੀ ਵਿਚਦਾ ਸੂਰਜ ਢਲਦਾ ਹੈ
ਰਾਤ ਦੇ ਚਿਹਰੇ 'ਤੇ ਉਹ, ਚਾਨਣ ਮਲਦਾ ਹੈ
ਤੇ ਜਦ, ਉਸ ਰਾਤ ਨੂੰ ਚੁੱਕ ਕੇ, ਉਹ ਚੰਨ ਦੀ ਬੇੜੀ 'ਚ ਬਿਠਾਉਂਦਾ ਹੈ
ਸੜਕਾਂ ਤੇ ਕਮਰੇ, ਅੱਡੀਆਂ ਚੁੱਕ-ਚੁੱਕ
ਉਸ ਦਾ ਦੀਦਾਰ ਕਰਦੇ ਨੇ
ਲੈਂਡਸਕੇਪ, ਹਉਕੇ ਭਰਦੇ ਨੇ...

ਨਜ਼ਮਾਂ, ਕਹਾਣੀਆਂ, ਨਾਵਲ, ਤਰਜ਼ਮੇਂ
ਸਭ ਉਸ ਕੋਲ ਠਹਿਰਦੇ ਨੇ
ਆਥਣ ਵੇਲੇ ਵੀ
ਰੰਗ ਉਸ ਵਿਚ ਸਿਖਰ ਦੁਪਹਿਰ ਦੇ ਨੇ...

C/o ਸ੍ਰੀਮਤੀ ਨਿਰਮਲਾ ਸਾਹਿਲ
ਗੌ: ਗਰਲਜ਼, ਇੰਟਰ ਕਾਲਜ, ਗਉਚਰ
ਜ਼ਿਲ੍ਹਾ ਛਮੋਲੀ (ਯੂ. ਪੀ.)

ਚਿਰਾਗ਼ ਦਾ ਅਗਲਾ ਅੰਕ

### ਤੁਰਕੀ ਦੇ ਸੰਸਾਰ ਪ੍ਰਸਿੱਧ ਕਵੀ

### —ਨਾਜ਼ਿਮ ਹਿਕਮਤ—

ਬਾਰੇ ਹੋਵੇਗਾ—ਜਿਸ ਵਿਚ ਇਸ ਸੰਸਾਰ ਪ੍ਰਸਿੱਧ ਕਰਾਂਤੀਕਾਰੀ/ਜਨਵਾਦੀ ਕਵੀ ਦੀ ਕਵਿਤਾ, ਜੀਵਨ, ਵਿਅਕਤਿਤਵ ਬਾਰੇ ਲੇਖ, ਮੁਲਕਾਤਾਂ ਤੋਂ ਇਲਾਵਾ ਕੁਝ ਨਵੀਆਂ ਪ੍ਰਾਪਤ ਹੋਈਆਂ ਨਜ਼ਮਾਂ ਦੇ ਅਨੁਵਾਦ ਵੀ ਛਾਪੇ ਜਾਣਗੇ । ਮੁੱਲ ਸਾਧਾਰਨ ਅੰਕ ਜਿੰਨਾ ਹੀ ਹੋਵੇਗਾ ।

—ਸੰਪਾਦਕੀ ਮੰਡਲ, ਚਿਰਾਗ਼

## ਖਿਆਲ ਆਪੋ-ਆਪਣਾ

○ ਪਿਆਰੇ ਹੁੰਦਲ ਜੀ,

ਪਰਚਾ ਮਿਲ ਗਿਆ ਸੀ, ਧੰਨਵਾਦ !

ਮੈਂ ਤੁਹਾਨੂੰ ਗ਼ਜ਼ਲਾਂ ਭੇਜਣ ਵੇਲੇ ਲਿਖਿਆ ਸੀ ਕਿ ਮੈਂ ਇਹ ਮਤਲਾ—ਦੋਸਤੀ ਤੇ ਦੁਸ਼ਮਣੀ ਦੇ ਸਿਲਸਲੇ ਸਭ ਤੋੜ ਕੇ—4/5 ਵਰ੍ਹੇ ਪਹਿਲਾਂ ਲਿਖਿਆ ਸੀ, 6/7 ਮਹੀਨੇ ਪਹਿਲਾਂ ਇਹਸਾਨ ਦਾਨਿਸ਼ ਦਾ ਇਕ ਮਿਸਰਾ ਪੜ੍ਹਿਆ ਤਾਂ ਦੰਗ ਰਹਿ ਗਿਆ—

ਉਹ ਮੇਰੇ ਦੂਸਰੇ ਮਿਸਰੇ ਨਾਲ ਮਿਲਦਾ ਸੀ ।
"ਘੂਕ ਸੌਂ ਜਾਵਾਂਗਾਂ ਮਿੱਟੀ ਓੜ ਕੇ ।"

ਭਾਵੇਂ ਇਹ ਤਲਾਰਦ ਹੈ ਪਰ ਮੈਂ ਕਿਹਾ ਸੀ ਕਿ ਮਿਸਰਾ ਸਾਨੀ ਨੂੰ Inverted ਕੌਮਿਆਂ ਵਿਚ ਛਾਪਣਾ, ਪਰ ਤੁਸੀਂ ਭੁੱਲ ਗਏ ।

ਗ਼ਜ਼ਲ ਨੰਬਰ 1 ਦੇ ਆਖ਼ਰੀ ਸ਼ਿਅਰ ਦੇ ਪਹਿਲੇ ਮਿਸਰੇ ਵਿਚ—ਬੜੀ ਹੀ ਖ਼ੂਬਸੂਰਤ ਸ਼ਾਮ ਹੈ ਮਾਂਡੂ 'ਚ—ਹੈ । ਪਰ '**ਹੀ**' ਸ਼ਬਦ ਛਪਣੋਂ ਰਹਿ ਗਿਆ । ਬਹਿਰ ਗ਼ਲਤ ਹੋ ਗਿਆ

ਗ਼ਜ਼ਲ ਨੰਬਰ 2 ਵਿਚ ਕੁਤਬਾ ਸ਼ਬਦ ਨਹੀਂ, **ਕਤਬਾ** ਹੈ ।

ਗ਼ਜ਼ਲ ਨੰਬਰ 7 ਵਿਚ ਇੰਜ ਹੈ ।

ਹਾਲੇ ਵੀ ਅਣਸੁਣੀ ਹੀ ਕਰਦੇ ਨੇ ਲੋਕ ਦਸਤਕ
ਕਿੰਨਾ ਕੁ ਹੋ ਗਿਆ ਹੈ ਮੌਸਮ ਇਹ ਠੀਕ ਵੇਖੋ ।

ਗ਼ਜ਼ਲ ਨੰਬਰ 8 ਵਿਚ

ਬੇਘਰਾ ਹੋਇਆ ਨਹੀਂ ਜਦ ਤਕ ਉਡਾਨਾਂ ਵਿਚ **ਰਿਹਾਂ**
ਜਦ ਵੀ **ਹੋਇਆਂ** ਬੇਘਰਾ ਹੋਇਆਂ ਹਾਂ ਤੀਲੇ ਜੋੜ ਕੇ ।

ਦੋਨੋਂ ਵਾਰੀ ਹੋਇਆ ਤੇ ਰਿਹਾ ਤੇ ਬਿੰਦੀ ਰਹਿ ਗਈ ਤੇ Ist person III Person ਵਿਚ ਬਦਲ ਗਿਆ

ਤੀਲੇ ਮੋੜਕੇ ਨਹੀਂ ਜੋੜਕੇ ਹੈ ।

ਆਸ ਹੈ ਖ਼ਤ ਛਾਪ ਕੇ ਧੰਨਵਾਦੀ ਬਣਾਉਗੇ !

ਕੋਈ ਸੇਵਾ ?

ਜਗਤਾਰ

0 0 0

○ਪਿਆਰੇ ਦੇਸ ਰਾਜ ਜੀ,

ਹੁਣੇ-ਹੁਣੇ ਚਿਰਾਗ਼ ਵਿਚ ਤੁਹਾਡੀ ਲਿਖੀ ਕਹਾਣੀ 'ਚੀਖ਼' ਪੜ੍ਹੀ ਹੈ। ਬਹੁਤ ਹੀ ਅੱਛੀ ਲੱਗੀ ਹੈ । ਤੁਹਾਡੀ ਕਲਮ ਲਈ ਹੋਰ ਹਿੰਮਤਾਂ ਤੇ ਤਾਕਤਾਂ ਦੀ ਕਾਮਨਾ ਕਰਦੀ ਹਾਂ । ਇਸ ਕਹਾਣੀ ਦੇ ਦਰਦ ਨੇ ਪਕੜ੍ਹ ਲਿਆ । ਦਹਿਸ਼ਤ ਅਤੇ ਗੁਨਾਹ ਅਤੇ ਕੁਦਰਤੀ ਜਵਾਨੀ ਅਤੇ ਨਵੇਂ ਪਾਣੀਆਂ ਵਿਚ ਹੋਣ ਦੀ ਲਾਚਾਰੀ ਨਾਲ ਵਿੰਨ੍ਹੀ ਪਈ ਅੰਤਰਆਤਮਾ ਬੋਝ ਥੱਲੇ ਦੱਬੀ ਹੋਈ ਹੈ । ਕੋਈ ਰਾਹ ਨਹੀਂ ਲੱਭ ਰਿਹਾ । ਅਜਿਹੇ ਪਾਤਰ ਨੂੰ ਬਹੁਤ-ਬਹੁਤ ਲੋੜ ਹੈ ਮਨੋ-ਵਿਗਿਆਨੀਆਂ ਦੀ ਸਲਾਹ



ਲੈਣ ਦੀ । ਨਹੀਂ ਤਾਂ ਟੁੱਟਦਾ ਤੁਰਿਆ ਜਾਵੇਗਾ । ਕਿਤੇ ਸੱਚੀ ਤਾਂ ਨਹੀਂ ਇਹੋ ਜਿਹਾ ਕੋਈ ਪਾਤਰ ? ਮੇਰਾ ਦਿਲ ਮੂੰਹ ਵਿਚ ਹੈ ।

ਤੁਹਾਡੀ ਇਸ ਲਿਖਤ ਦੀ ਇਮਾਨਦਾਰੀ ਅਤੇ ਜ਼ੋਖਮ ਲੈਣ ਦੀ ਸਮਰੱਥਾ ਅਤੇ ਜ਼ੋਖਮ ਲੈਣ ਲਈ ਲੋੜੀਂਦੇ ਆਤਮ ਵਿਸ਼ਵਾਸ ਅਤੇ ਲੋਕ-ਸੁਹੱਬਤ ਦੀ ਦਾਦ ਦੇਂਦੀ ਹਾਂ ।

—ਪੂੰਨਮ(ਪ੍ਰੀਤ-ਲੜੀ)

○ਡਾ: ਜਗਤਾਰ ਦੀਆਂ ਇਕੱਠੀਆਂ ਅੱਠ ਗ਼ਜਲਾਂ ਪੜ੍ਹਕੇ ਕਾਫੀ ਤਸੱਲੀ ਹੋਈ । ਉਹਨਾਂ ਦਾ ਜਲੌਅ ਅਜੇ ਉਵੇਂ ਦਾ ਜਿਵੇਂ ਕਾਇਮ ਹੈ ।

ਸਰਸੇ ਵਾਲੇ ਡਾ: ਸੁਖਦੇਵ ਦਾ 'ਜੁਝਾਰ ਕਾਵਿ ਧਾਰਾ ਪੁਨਰ-ਵਿਚਾਰ' ਲੇਖ ਇਸ ਧਾਰਾ ਦੀ ਕਵਿਤਾ ਬਾਰੇ ਸੱਚਮੁਚ ਨਵੇਂ ਸਿਰੇ ਤੋਂ ਅਬਜੈਕਟਿਵ ਢੰਗ ਨਾਲ ਸੋਚਣ ਲਈ ਪ੍ਰੇਰਿਤ ਕਰਨ ਵਾਲਾ ਹੈ ।

ਡਾ: ਸਵਰਨ ਚੰਦਨ ਨੇ ਅਮਨ ਪਾਲ ਸਾਰਾ ਦੀਆਂ ਕਹਾਣੀਆਂ ਦੀ ਪੁਸਤਕ 'ਸਰਦ ਰਿਸ਼ਤੇ' ਦੇ ਪ੍ਰਸੰਗ ਵਿਚ ਜਿਥੇ ਸਾਰਾ ਦੀ ਕਹਾਣੀ ਦੇ ਰਚਨਾ-ਸੰਗਠਨ ਬਾਰੇ ਵਧੀਆ ਗੱਲਾਂ ਕੀਤੀਆਂ ਹਨ ਉਥੇ ਨਵੀਂ ਕਹਾਣੀ ਦੀ ਤਕਨੀਕ ਬਾਰੇ ਵੀ ਮਹਤੱਵਪੂਰਨ ਨੁਕਤੇ ਉਭਾਰੇ ਹਨ । ਡਾ: ਚੰਦਨ ਕੋਲ ਨਵੀਂ ਗੱਲ ਕਰਨ ਲਈ ਕਾਫੀ ਅਧਿਐਨ ਹੈ ।

ਪਾਕਿਸਤਾਨੀ ਅਦੀਬਾਂ ਦੀਆਂ ਲਿਖਤਾਂ ਵੀ ਭਾਵਪੂਰਤ ਹਨ ।

ਬਲਦੇਵ ਸਿੰਘ ਧਾਲੀਵਾਲ (ਪਟਿਆਲਾ)

○ਪਿਆਰੇ ਹਰਭਜਨ ਹੁੰਦਲ ਜੀ,

ਯਾਦ ! 'ਚਿਰਾਗ਼' ਇਕ ਮਿਆਰੀ ਪਰਚਾ ਹੈ । ਮੇਰੇ ਵਿਚਾਰ ਵਿਚ ਤੁਹਾਨੂੰ ਜਨਵਰੀ-ਮਾਰਚ 1996 ਦੇ ਪਰਚੇ ਲਈ ਮਿਆਰੀ ਰਚਨਾਵਾਂ ਨਹੀਂ ਮਿਲੀਆਂ ਜੋ ਪਰਚੇ ਦੇ ਮਾਲਕ ਡਾ: ਅਨੂਪ ਸਿੰਘ ਦਾ ਘਟੀਆ ਕਿਸਮ ਦਾ ਮਿਆਰ ਤੋਂ ਡਿਗਿਆ ਹੋਇਆ ਲੇਖ ਛਾਪਣਾ ਪੈ ਗਿਆ । ਇਹੀ ਲੇਖ ਮੈਂ ਵਿਕਾਸ ਦੇ ਫਰਜੀ ਨਾਂ ਉਤੇ 3 ਮਾਰਚ 1996 ਦੇ 'ਲੋਕ-ਲਹਿਰ' ਵਿਚ ਵੀ ਪੜ੍ਹ ਲਿਆ ਸੀ । ਇਹ ਦੁਬਾਰਾ ਖੇਚਲ ਕਿਉਂ ਕਰਨੀ ਸੀ ਇਹ ਲੇਖ ਪੜ੍ਹਕੇ ਬਹਿਸ ਦਾ ਏਦੂੰ ਨੀਵਾਂ ਪੱਧਰ ਨਿਰਧਾਰਤ ਕਰਨਾ ਮੇਰੇ ਲਈ ਔਖਾ ਹੈ । ਚਲੋ ਇਹ ਤਾਂ ਚੰਗਾ ਕੀਤਾ ਕਿ ਡਾ: ਸਾਹਿਬ ਨੇ ਪਾਠਕਾਂ ਨੂੰ ਦੱਸ ਦਿਤਾ ਕਿ ਤੇਜਵੰਤ ਮਾਨ ਲੋਕ-ਦੋਖੀ, ਦੁਸ਼ਮਨ, ਵਿਕਿਆ ਹੋਇਆ ਸਰਕਾਰ ਦਾ ਏਜੰਟ ਹੈ । ਪਰ ਪਾਠਕਾਂ ਨੂੰ ਇਹ ਨਹੀਂ ਪਤਾ ਲਗ ਸਕਿਆ ਕਿ ਡਾ: ਅਨੂਪ ਸਿੰਘ ਜੀ ਦਾ ਆਪਣਾ ਲੋਕ ਹਿਤੂ, ਮਿੱਤਰ ਅਤੇ ਜਮਾਤੀ ਸੰਘਰਸ਼ਾਂ ਵਿਚ ਕਿਨਾਂ ਕੁ ਮਹਾਨ ਯੋਗਦਾਨ ਹੈ । ਉਨ੍ਹਾਂ ਦੀ ਆਪਣੀ ਚੀਚੀ ਤੇ ਲਗਿਆ ਸ਼ਹਾਦਤ ਦਾ ਖੂਨ ਅਸਲੀ ਹੈ ਜਾਂ ਨਕਲੀ । ਬਾਕੀ ਭਾਈ ਸਾਹਿਬ 'ਅਮਲਾਂ ਬਾਜ ਨਾ ਹੋਣ ਨਬੇੜੇ' ਲੋਕ-ਭਾਖਾ ਐ । ਆਪੇ ਲੋਕ ਫੈਸਲਾ ਕਰ ਦੇਣਗੇ । ਟਿੰਡ 'ਚ ਕਾਨਾ ਫਸਾਉਣ ਦੀ ਤਾਂ ਖਾਸ ਲੋੜ ਨਹੀਂ ।

ਤੁਹਾਡਾ ਹਿਤੂ
ਤੇਜਵੰਤ ਮਾਨ (31)

✻ ਚਿਰਾਗ-5 ਮਿਲਿਆ। ਡਾ: ਜਗਤਾਰ ਹੋਰਾਂ ਦੀਆਂ ਗ਼ਜ਼ਲਾਂ ਪੜ੍ਹੀਆਂ। ਮੈਂ ਇਕ-ਦੋ ਚੋਣਵੇਂ ਸ਼ੇਅਰ ਨੋਟ ਕਰਨ ਲਈ ਡਾਇਰੀ ਖੋਲ੍ਹੀ ਸੀ, ਪਰ ਪੂਰੀਆਂ ਦੀਆਂ ਪੂਰੀਆਂ ਗ਼ਜ਼ਲਾਂ ਹੀ ਉਤਾਰ ਗਿਆ...ਸੱਚਮੁੱਚ ਹੀ ਡਾ: ਹੋਰਾਂ ਦੀ ਕਲਮ ਜ਼ੋਰਦਾਰ ਹੈ। ਤੁਹਾਡਾ 'ਮਾਣ' ਸਾਡੇ ਲਈ ਸੰਤੁਸ਼ਟੀ ਹੋ ਨਿਬੜਿਆ ਹੈ...

✻ ਗੁਰਮੀਤ ਕੜਿਆਲਵੀ ਦੀ ਕਹਾਣੀ 'ਚੀਰ ਹਰਨ' ਕਈ ਪ੍ਰਸ਼ਨਾਂ ਦਾ ਸੀਨਾ ਚੀਰ ਕੇ ਲੰਘ ਗਈ...ਘੁੱਗੀ ਰੰਗੇ ਕੋਟ ਵਾਲੇ ਦੇ ਪਿਆ ਥੱਪੜ ਗੁਰਮੀਤ ਦੀ ਗਰਜਵੀਂ ਸੋਚ ਦੀ ਧਮਕ ਹੈ...ਇਕ ਅਸਾਧਾਰਨ ਪ੍ਰਾਪਤੀ...। ਅਜਿਹੀ ਹਿੰਮਤ ਲਈ ਗੁਰਮੀਤ ਨੂੰ ਢੇਰ ਵਧਾਈਆਂ... ਅਖਲਾਕ ਆਤਿਫ ਦੀ ਸਾਦਗੀ ਵੀ ਪਸੰਦ ਆਈ।

ਦੇਵ ਤਲਵੰਡੀ, (ਤਲਵੰਡੀ ਭਾਈ)

○ਸਤਿਕਾਰਯੋਗ ਸੰਪਾਦਕ ਜੀ,

ਪੰਜਵੇਂ ਅੰਕ ਦੀ ਕਾਵਿ ਵੰਨਗੀ ਬਾਰੇ ਰਾਏ ਇਉਂ ਹੈ: ਪਰਵਾਨਾ ਸਾਹਿਬ ਦੀਆਂ ਦੋਵੇਂ ਤਥਾਕਥਿਤ ਕਾਵਿਤਾਵਾਂ ਨਿਰੋਲ ਵਾਰਤਕ ਹਨ, ਇਹੋ ਹੀ ਸਿੰਮੀ ਸਾਹਿਬਾ ਦੀਆਂ ਤਿੰਨ ਨਜ਼ਮਾਂ ਦਾ ਦਾ ਅਤੇ ਲੜਾਈ (ਸਫਾ 68) ਵਾਲੀ ਕਵਿਤਾ ਦਾ। ਕੁਝ ਗ਼ਜ਼ਲਾਂ ਅਤੇ ਕਵਿਤਾਵਾਂ ਮਹਿਜ਼ ਛਾਪਣ ਲਈ ਛਾਪੀਆਂ ਗਈਆਂ ਲਗਦੀਆਂ ਹਨ। 'ਦਰਿਆ' ਵਾਲੀ ਕਾਵਿ ਮਈ ਵਾਰਤਕ ਵਿਚ ਲਿਖਿਆ ਜੋ ਮਰਜ਼ੀ ਹੋਵੇ ਪਰੰਤੂ ਉਸਦਾ ਯਥਾਰਥ ਹੇਠ ਲਿਖੇ ਅਨੁਸਾਰ ਹੈ ਜਿਸ ਦਾ ਤੁਹਾਨੂੰ ਪੰਜਾਬ ਵਿਚ ਬੈਠਿਆਂ ਗਿਆਨ ਨਹੀਂ:

(1) ਇਹ ਦਰਿਆ ਸ਼ਰਾਬ ਪੀ ਕੇ ਵਗਦੇ ਹਨ।
(2) ਇਹ ਕੇਵਲ ਸ਼ਬਦਾਂ ਦੇ ਭਰੇ ਹੀ ਵਗਦੇ ਹਨ।
(3) ਕਿਤੇ ਜਨਤਕ ਜਥੇਬੰਦੀ ਵਿਚ ਵਿਸ਼ਵਾਸ਼ ਨਾ ਹੋਣ ਕਰਕੇ ਬਹੁਤਾ ਇਹ ਰੂਪੋਸ਼ੀ (Underground) ਦੀ ਹਾਲਤ ਵਿਚ ਹੀ ਵਗਦੇ ਹਨ।
(4) ਹਾਂ, ਦੂਜੇ ਦੇ ਕੀਤੇ ਜਨਤਕ ਕੰਮ ਨੂੰ ਆਪਣਾ ਬਣਾਉਣ ਲਈ ਇਹ ਝੱਟ ਗੁਰੀਲਾ ਯੁੱਧ (ਸਾਜਸ਼ਾਂ!) ਦੀ ਰਣਨੀਤੀ ਘੜ ਕੇ ਸਰਗਰਮ ਹੋ ਜਾਂਦੇ ਹਨ।
(5) ਜਿੱਥੇ ਕਿਤੇ ਦਰੁਸਤ ਲੋਕ ਲਹਿਰ ਜਾਂ ਜਥੇਬੰਦਕ ਮੁਹਿੰਮ ਪੈਦਾ ਹੋ ਜਾਣ ਦੀ ਸੰਭਾਵਨਾ ਪੈਦਾ ਹੋ ਜਾਵੇ ਤਾਂ ਇਹਨਾਂ ਦਰਿਆਵਾਂ ਵਿਚ ਰਾਤੋਰਾਤ ਅਸਲੋਂ ਨਵੀਂ ਆਧੁਨਿਕ ਚੇਤਨਾ ਦਾ ਹੜ੍ਹ ਆ ਜਾਂਦਾ ਹੈ ਜੋ ਹੇਠ ਲਿਖੇ ਅਮਲ ਵਿਚ ਪਰਗਟ ਹੁੰਦਾ ਹੈ। ਜਿਹਨਾਂ ਕੰਢੇ ਉੱਗੇ ਰੁੱਖਾਂ ਦੀ ਛਾਵੇਂ (ਉਂਝ ਇਹ ਚਿੰਨ੍ਹ ਹੈ ਬੇਜੋੜ) ਇਹ ਵਗਦੇ ਹਨ। ਸਭ ਤੋਂ ਪਹਿਲਾਂ ਇਹ ਉਹਨਾਂ ਨੂੰ ਹੀ ਧੁਰ ਜੜ੍ਹਾਂ ਤੋਂ ਪੁੱਟ ਕੇ ਹੜ੍ਹ ਵਿਚ ਡੋਬਣ ਦੀ ਇਨਕਲਾਬੀ ਕਿਰਿਆ ਦਾ ਇਤਿਹਾਸ ਸਿਰਜਣ ਦੀ ਕੋਸ਼ਿਸ਼ ਕਰਦੇ ਹਨ।
(6) ਅਜਿਹੀਆਂ ਮੰਦਭਾਗੀਆਂ ਪ੍ਰਸਥਿਤੀਆਂ ਤੋਂ ਬਚਣ ਲਈ ਜੇ ਇਹਨਾਂ ਦਰਿਆਵਾਂ ਨੂੰ ਕਿਹਾ ਜਾਵੇ ਕਿ ਆਓ ਕਿਸੇ ਦਿਨ ਪਰ੍ਹੇ ਪੰਚਾਇਤ ਅਥਵਾ ਸੱਥ ਵਿਚ ਬੈਠ ਕੇ ਵਿਚਾਰ-ਵਟਾਂਦਰਾ ਕਰਕੇ ਫੈਸਲੇ ਕਰੀਏ ਤਾਂ ਇਹਨਾਂ ਦਰਿਆਵਾਂ ਨੂੰ ਹੇਠ ਲਿਖੇ ਕਾਰਨਾਂ ਵਿਚੋਂ ਇਕ ਕਾਰਨ ਜਾਂ ਸਾਰੇ ਹੀ ਕਾਰਨ ਉਸੀ ਦਿਨ ਨਾ ਆ ਸਕਣ ਲਈ ਪੈਦਾ ਹੋ ਜਾਂਦੇ ਹਨ:
(ੳ) ਉਸ ਦਿਨ ਇਹਨਾਂ ਦਰਿਵਾਵਾਂ ਦੀ ਸਿਹਤ ਹੀ ਠੀਕ ਨਹੀਂ ਰਹਿੰਦੀ।
(ਅ) ਇਹਨਾਂ ਪਾਸ ਉਸ ਦਿਨ ਹੋਰ ਦਰਿਆਵਾਂ ਨੇ ਪ੍ਰਾਹੁਣੇ ਬਣਕੇ ਆਉਣਾ ਹੁੰਦਾ ਹੈ।
(ੲ) ਇਹਨਾ ਨੂੰ ਕੋਈ ਅਚਾਨਕ ਅੱਤ ਜ਼ਰੂਰੀ ਪ੍ਰਾਈਵੇਟ ਕੰਮ ਉਸ ਦਿਨ ਹੀ ਪੈ ਜਾਂਦਾ ਹੈ।



(7) ਅੰਦਰਖਾਤੇ ਇਹ ਇਤਨੀ ਫੁਰਤੀ ਨਾਲ ਰੁੱਖ ਬਦਲਦੇ ਹਨ ਕਿ ਆਮ ਆਦਮੀ ਦੰਗ ਰਹਿ ਜਾਂਦਾ ਹੈ।

ਪਾਬਲੋ ਨੇਰੂਦਾ ਦੀ ਕਵਿਤਾ ਦਾ ਤੁਹਾਡਾ ਅਨੁਵਾਦ ਕੋਈ ਵੀ ਪ੍ਰੇਰਨਾ ਅਤੇ ਬੱਝਵਾਂ ਕਾਵਿਕ ਪ੍ਰਭਾਵ ਨਹੀਂ ਛੱਡਦਾ।

ਰਿਵਿਊ ਹਰਭਿੰਦਰ ਭੰਡਾਲ ਦਾ ਕੀਤਾ ਹੀ ਚੰਗਾ ਲੱਗਾ ਹੈ।

ਲਹਿੰਦੇ ਪੰਜਾਬ ਦੇ ਪੰਜਾਬੀ ਭਰਾਵਾਂ ਨਾਲ ਸਾਹਿਤਕ ਮੇਲ-ਜੋਲ ਰੱਖਣਾ ਵਧੀਆ ਅਮਲ ਅਤੇ ਉਪਰਾਲਾ ਹੈ। ਬਾਕੀ ਫ਼ਿਰ ਕਦੇ... —ਗੁਰਨਾਮ ਢਿੱਲੋਂ (ਯੂ. ਕੇ.)

ਡਾ: ਜਗਤਾਰ ਨੂੰ ਇੰਝ ਪੇਸ਼ਕਰਨਾ ਚਿਰਾਗ ਦੀ ਵੱਡੀ ਪ੍ਰਾਪਤੀ ਹੈ। ਕਿਸ ਸ਼ਿਅਰ ਦਾ ਜ਼ਿਕਰ ਕਰਾਂ? ਕਮਾਲ ਦੀ ਸ਼ਾਇਰੀ ਹੈ। ਬਲਬੀਰ ਪਰਵਾਨਾ ਦੀ 'ਰੁਟੀਨ' ਕਵਿਤਾ ਚੰਗੀ ਹੈ। ਹਾਂ ਤੇ ਜਿਹੜੀ ਗੱਲ ਮੈਂ ਵਿਸ਼ੇਸ਼ ਕਰਨੀ ਸੀ। ਦਰਸ਼ਨ ਬੁਲੰਦਵੀ ਦੀ ਨਜ਼ਮ 'ਦਰਿਆ' ਠੀਕ ਲੱਗੀ। 'ਵਾਘਿਓਂ ਪਾਰ' ਦੇ ਸੁਨੇਹਿਆਂ ਦਾ ਸਿਲਸਿਲਾ ਜੋ ਚਿਰਾਗ ਰਾਹੀਂ ਪਹੁੰਚਦਾ ਹੈ, ਇਸ ਦਾ ਦੇਣ ਨਹੀਂ ਦੇ ਸਕਦੇ ਅਸੀਂ। ਪਾਕਿਸਤਾਨ ਦੀ ਮਿੱਟੀ ਨੂੰ ਯਾਦ ਕਰਦਿਆਂ ਮੇਰਾ ਤਾ ਰੁੱਗ ਜਿਹਾ ਭਰ ਜਾਂਦਾ ਹੈ ਹਮੇਸ਼ਾਂ। ਤੁਹਾਡੇ ਨਾਲ ਵੀ ਕਈ ਵੇਰਾਂ ਗੱਲ ਹੋਈ ਹੈ। ਸਾਡੇ ਬਜ਼ੁਰਗ ਪਾਰੋਂ ਆਏ ਸਨ ਤੇ ਮੇਰੀ ਮਾਨਸਿਕਤਾ ਉਨ੍ਹਾਂ ਪਾਣੀਆਂ ਨਾਲ ਬਰਾਬਰ ਜੁੜੀ ਹੋਈ ਹੈ। ਕੀ ਕਦੀ ਉਥੋਂ ਦੀ ਮਿੱਟੀ ਆਪਣੇ ਮੱਥੇ ਨਾਲ ਛੁਹਾ ਸਕਾਂਗਾ? ਇਲਿਆਸ ਨੂੰ ਤੇ ਹੋਰ ਅਦੀਬਾ ਲਈ ਮੇਰੀ ਯਾਦ ਪੁੱਜਦੀ ਕਰਨਾ। ਸਿਮਰਜੀਤ ਸਿੰਮੀ ਨੂੰ ਵੀ ਹੌਲੀ ਹੌਲੀ ਗੱਲ ਕਹਿਣੀ ਆ ਜਾਏਗੀ।

—ਵਿਸ਼ਾਲ (ਬਿਆਸ)

○'ਚਿਰਾਗ਼' ਦਾ ਕਾਫ਼ੀ ਦੇਰ ਤੋਂ ਪਾਠਕ ਹਾਂ। ਸਾਹਿਤ ਤੇ ਕਹਾਣੀ ਰੂਪ ਨਾਲ ਮੈਨੂੰ ਉਚੇਚਾ ਲਗਾਅ ਹੈ ਅਤੇ ਬਤੌਰ ਇਕ ਪਾਠਕ ਮੈਂ ਇਸ ਵਿਚ ਛਪੀਆਂ ਕਹਾਣੀਆਂ ਦਾ ਲੇਖਾ ਜੋਖਾ ਕਰਨ ਦੀ ਕੋਸ਼ਿਸ਼ ਕੀਤੀ ਹੈ। ਪੁਸਤਕ ਲੜੀ—8 ਤੋਂ ਅੰਕ—5 (ਦੋ ਸਾਲ) ਦੇ ਸਮੇਂ ਦੇ ਕੁਲ ਸਤ ਅੰਕ ਮੇਰੇ ਕੋਲ ਹਨ। ਕੁੱਲ ਗਿਆਰਾਂ ਕਹਾਣੀਆਂ ਛਾਪੀਆਂ ਗਈ ਹਨ। ਜ. ਸ. ਵਿਰਦੀ (ਸਰਾਪੇ ਹੋਏ), ਸ. ਚੰਦਨ (ਗੰਦਾ ਨਾਲਾ ਤੇ ਸੂਰ), ਧਰਮਪਾਲ ਸਾਹਿਲ (ਗਿੱਲੀ ਮਿੱਟੀ ਦੇ ਖਿਡੌਣੇ), ਮੱਖਣ ਮਾਨ (ਹਾਰਿਆ ਹੋਇਆ ਆਦਮੀ), ਜਿੰਦਰ (ਸ਼ੁਰੂਆਤ), ਅਜਮੇਰ ਸਿੱਧੂ (ਅੰਦਰਲਾ ਬੰਦਾ), ਅਤਰਜੀਤ (ਠੂਹਾ), ਗੁਰਮੀਤ ਕੜਿਆਲਵੀ (ਚੀਰ ਹਰਨ) ਅਤੇ ਦੇਸ ਰਾਜ ਕਾਲੀ (ਚੀਕ) ਤੋਂ ਇਲਾਵਾ ਦੋ ਪਾਕਿਸਤਾਨੀ ਪਜਾਬੀ ਅਦੀਬਾ ਮਕਸੂਦ ਸਾਹਿਬ (ਮੁਸਕਾਣ) ਅਤੇ ਅਜਾਜ਼ ਅਹਿਮਦ (ਬੇਲੇ ਵਿਚ ਬਘੇਲਾ) ਕਹਾਣੀਆਂ ਸ਼ਾਮਲ ਹਨ।

ਚੰਦਨ, ਜਿੰਦਰ ਅਤੇ ਅਤਰਜੀਤ ਤਿੰਨਾਂ ਦੀਆਂ ਕਹਾਣੀਆਂ 15-15 ਸਫਿਆਂ ਦੇ ਆਕਾਰ ਦੀਆਂ ਹਨ। ਵਿਰਦੀ ਹੁਰਾਂ ਨੂੰ ਛੱਡ ਕੇ ਬਾਕੀ ਸਾਰਿਆਂ ਦੀਆਂ 10-10 ਤੋਂ ਘੱਟ ਸਫਿਆਂ ਦੀਆਂ ਹਨ। ਨੌਂ ਅੰਕਾਂ ਦੇ ਕੁਲ ਇਕ ਸੌ ਪੰਨੇ ਕਹਾਣੀ ਨੂੰ ਸਮਰਪਿਤ ਹਨ। ਜੇਕਰ ਪਾਕਿਸਤਾਨੀ ਕਹਾਣੀਆਂ ਨੂੰ 'ਵਾਘਿਓਂ ਪਾਰ' ਨਾਲ ਹੀ ਸੰਬੰਧਤ ਰੱਖ ਲਈਏ ਤਾਂ ਵੀ ਨੱਬੇ ਕੁ ਸਫ਼ੇ (ਭਾਵ ਇਕ ਪੂਰੇ ਦਾ ਪੂਰਾ ਅੰਕ) ਕਹਾਣੀਆਂ ਦਾ ਬਣਦਾ ਹੈ ਜਦੋਂ ਕਿ ਏਨੇ ਕੁ ਸਫ਼ੇ ਹੀ 'ਵਾਘਿਓਂ ਪਾਰ' ਦੇ ਬਣਦੇ ਹਨ। ਜੇਕਰ ਆਪ ਦੇ ਇਕ ਕਵੀ ਹੋਣ ਦੇ ਤੱਥ ਵੀ ਧਿਆਨ ਵਿਚ ਰੱਖ ਲਿਆ ਜਾਵੇ ਤਾਂ ਵੀ ਇਹ ਗਿਣਤੀ ਮਿਣਤੀ ਕੋਈ ਘੱਟ ਨਹੀਂ ਕਹੀ ਜਾ ਸਕਦੀ।

ਪੁਸਤਕ ਲੜੀ-10 ਦੇ ਪੰਨਾ 82 ਤੇ ਛਪੇ ਖਤ ਵਿਚ ਇਕ ਮਾਨਯੋਗ ਪਾਠਕ ਦੀ ਟਿੱਪਣੀ ਸੀ ਕਿ " 'ਚਿਰਾਗ' ਦੀਆਂ ਕਹਾਣੀਆਂ ਬਹੁਤ ਢਿੱਲੀਆਂ ਹੁੰਦੀਆਂ ਸਨ" ਨਾਲ ਮੈਂ ਸਹਿਮਤ

ਨਹੀਂ ਹਾਂ। ਇਸ ਟਿੱਪਣੀ ਦੁਆਰਾ ਸ਼ਾਇਦ ਉਹਨਾਂ ਨੇ ਸ. ਚੰਦਨ ਹੁਰਾਂ ਦੀ ਅੰਕ-8 ਵਿਚ ਛਪੀ ਕਹਾਣੀ 'ਗੰਦਾ ਨਾਲਾ ਤੇ ਸੂਰ' ਵੱਲ ਇਸ਼ਾਰਾ ਕੀਤਾ ਹੈ। ਪਰ ਇਸ ਕਹਾਣੀ ਨੂੰ ਚੰਦਨ ਹੁਰਾਂ ਵਲੋਂ ਅੰਕ-5 ਵਿਚ 'ਸਰਦ ਰਿਸ਼ਤੇ' ਕਹਾਣੀ ਸੰਗ੍ਰਹਿ ਦੇ ਰਿਵਿਊ ਵਿਚ ਉਠਾਏ ਨੁਕਤਿਆਂ ਨਾਲ ਜੋੜ ਕੇ ਪੜ੍ਹਿਆਂ ਇਹ ਕਹਾਣੀ ਸਪਸ਼ਟ ਹੋ ਜਾਂਦੀ ਹੈ। ਅਤਰਜੀਤ ਹੁਰਾਂ ਦੀ 'ਠੂੰਹਾਂ' ਅਤੇ ਜ. ਸ. ਵਿਰਦੀ ਦੀ 'ਸਰਾਪੇ ਹੋਏ' ਕਹਾਣੀਆਂ ਪਾਠਕ ਦੀ ਸੋਚ ਨੂੰ ਹਲੂਣਾ ਦੇ ਕੇ ਕੁਝ ਸੋਚਣ ਲਈ ਮਜਬੂਰ ਕਰਦੀਆਂ ਹਨ। ਜਿੰਦਰ ਅਤੇ ਗੁਰਮੀਤ ਕੜਿਆਲਵੀ ਦੀਆਂ ਕਹਾਣੀਆਂ 'ਸ਼ੁਰੂ' ਅਤੇ 'ਚੀਰ ਹਰਨ' ਨੂੰ ਵੀ ਉਪਰੋਕਤ ਦੋਨਾਂ ਕਹਾਣੀਆਂ ਦੇ ਬਰਾਬਰ ਦੀਆਂ ਗਿਣੀਆਂ ਜਾਣਾ ਬਣਦਾ ਹੈ। ਹਾਂ ਮੱਖਣ ਮਾਨ ਦੀ ਕਹਾਣੀ 'ਹਾਰਿਆ ਹੋਇਆ ਬੰਦਾ' ਜ਼ਰੂਰ ਢਿੱਲੀ ਢਿੱਲੀ ਕਹੀ ਜਾ ਸਕਦੀ ਹੈ। ਜੋ ਗੱਲ ਲੇਖਕ ਕਹਿਣਾ ਚਾਹੁੰਦਾ ਸੀ ਉਹ ਗੱਲ ਬਣ ਨਹੀਂ ਸਕੀ, ਸਗੋਂ ਪਾਤਰ ਕਠਪੁਤਲੀਆਂ ਵਾਂਗ ਮਕਾਨਕੀ ਅਮਲ ਵਿਚੋਂ ਗੁਜ਼ਰਦੇ ਪ੍ਰਤੀਤ ਹੁੰਦੇ ਹਨ। ਇਸ ਨਵੇਂ ਕਹਾਣੀਕਾਰ ਨੂੰ ਹਾਲੇ ਬਹੁਤ ਮਿਹਨਤ ਦੀ ਜ਼ਰੂਰਤ ਹੈ। ਧਰਮਪਾਲ ਸਾਹਿਲ ਦੀ ਕਹਾਣੀ "ਗਿੱਲੀ ਮਿੱਟੀ ਦੇ ਖਿਡੌਣੇ" ਜੋ ਸ਼ਾਇਦ ਪਹਿਲੀ ਵਾਰ ਪੜ੍ਹਿਆਂ ਢਿੱਲੀ ਢਿੱਲੀ ਹੀ ਜਾਪੇ, ਪਰ ਰਤਾ ਠਰ੍ਹੰਮੇ ਨਾਲ ਪੜ੍ਹਿਆਂ ਇਹ ਕਹਾਣੀ ਤਰਕਸ਼ੀਲਤਾ ਦਾ ਸੰਦੇਸ਼ ਦੇਣ ਵਿਚ ਕਾਮਯਾਬ ਲੱਗਦੀ ਹੈ।

ਤੇ ਇਵੇਂ ਹੀ ਅਜਮੇਰ ਸਿੱਧੂ ਦੀ ਕਹਾਣੀ 'ਅੰਦਰਲਾ ਬੰਦਾ' ਕੁਝ ਵਕਫੇ ਬਾਅਦ ਪੜ੍ਹਨ 'ਤੇ ਮੇਰੀ ਸਮਝ ਵਿਚ ਤੇ ਇਹ ਵੀ ਇਕ ਕਾਮਯਾਬ ਰਚਨਾ ਹੈ। ਦੇਸ ਰਾਜ ਕਾਲੀ ਦੀ ਕਹਾਣੀ 'ਚੀਕ' ਦੀ ਗੱਲ ਕਰਨ ਤੋਂ ਪਹਿਲਾਂ ਮੈਂ ਦੱਸ ਦਿਆਂ ਕਿ 'ਲਕੀਰ' ਵਿਚ ਛਪੀਆਂ ਉਹਦੀਆਂ ਕਹਾਣੀਆਂ ਮੈਂ ਪੜ੍ਹੀਆਂ ਸਨ, ਪਰ ਕੋਈ ਗੱਲ ਬਣਦੀ ਦਿਸਦੀ ਨਹੀਂ ਸੀ, ਫਜ਼ੂਲ ਦਾ ਖਲਾਰਾ ਬਹੁਤਾ ਸੀ। ਪਰ 'ਚੀਕ' ਆਕਾਰ ਪੱਖੋਂ ਛੋਟੀ ਤੇ ਆਪਣੇ ਪ੍ਰਭਾਵ ਪੱਖੋਂ ਇਕ ਬਹੁਤ ਹੀ ਸਾਰਥਕ ਰਚਨਾ ਲੱਗੀ ਹੈ ਜੋ ਕਿ ਦੇਸ ਰਾਜ ਕਾਲੀ ਦੀ ਇਕ ਪ੍ਰਾਪਤੀ ਵੀ ਕਹੀ ਜਾ ਸਕਦੀ ਹੈ ਅਤੇ ਇਹੋ ਜਿਹੇ ਨਾਜ਼ੁਕ ਵਿਸ਼ੇ ਨੂੰ ਲੈ ਕੇ ਲਿਖੀ ਕਹਾਣੀ ਨੂੰ 'ਚਿਰਾਗ਼' ਵਲੋਂ ਛਾਪੇ ਜਾਣਾ ਬਤੌਰ ਸੰਪਾਦਕ ਤੁਹਾਡੀ ਦਲੇਰੀ ਦਾ ਪ੍ਰਤੀਕ ਵੀ ਹੈ।

ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ 'ਚਿਰਾਗ਼' ਦੀਆਂ ਹੋਰ ਵਿਲੱਖਣਤਾਵਾਂ ਨੂੰ ਧਿਆਨ ਵਿਚ ਰੱਖਦਿਆਂ ਛੋਟੇ ਆਕਾਰ ਦੀਆਂ ਕਹਾਣੀਆਂ ਬਹੁਤੀਆਂ ਛਾਪੀਆਂ ਜਾਣ ਜਿਹਦੇ ਨਾਲ ਵੱਧ ਤੋਂ ਵੱਧ ਕਹਾਣੀਕਾਰਾਂ ਨੂੰ ਛਾਪੇ ਜਾਣਾ ਸੰਭਵ ਹੋਵੇ। ਬਤੌਰ ਪਾਠਕ ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਕਿਸੇ ਵੀ ਰਚਨਾ ਨੂੰ ਪੜ੍ਹ ਕੇ ਪਾਠਕ ਨੂੰ ਉਹਦੇ ਬਾਰੇ ਇਕਦਮ ਕੋਈ ਨਿਰਣਾ ਨਹੀਂ ਲੈ ਲੈਣਾ ਚਾਹੀਦਾ। ਉਸੇ ਰਚਨਾ ਨੂੰ ਕੁਝ ਵਕਫੇ ਨਾਲ ਦੁਬਾਰਾ ਜ਼ਰੂਰ ਪੜ੍ਹਨਾ ਚਾਹੀਦਾ ਹੈ ਤਾਂ ਹੀ ਰਚਨਾ ਅੰਦਰ ਲੁਪਤ ਅਰਥਾਂ ਨੂੰ ਵਿਸਥਾਰ ਦਿੱਤਾ ਜਾ ਸਕਦਾ ਹੈ। ਰਚਨਾਕਾਰ ਦੀ ਕੋਈ ਰਚਨਾ ਉਹਦੀ ਮਹੀਨਿਆਂ ਤੇ ਸਾਲਾਂ ਦੀ ਸਾਧਨਾ ਵੀ ਹੋ ਸਕਦੀ ਹੈ ਤੇ ਪਾਠਕ ਉਹਨੂੰ ਮਿੰਟਾਂ ਸਕਿੰਟਾਂ ਵਿਚ ਸਮਝਣ ਦਾ ਦਾਅਵਾ ਕਿਵੇਂ ਕਰ ਸਕਦਾ ਹੈ ? ਉਪਰੋਕਤ ਕਹਾਣੀਆਂ ਬਾਰ ਬਾਰ ਪੜ੍ਹਨ ਤੇ ਤੇ ਮੇਰਾ ਇਹੀ ਵਿਚਾਰ ਬਣਦਾ ਹੈ।

ਇਕ ਪਾਠਕ
ਜੋਗਿੰਦਰ ਪਾਲ ਮਾਨ (ਸਮਰਾਏ) ਜਲੰਧਰ



○ਅਦਬੀ ਸੂਝਵਾਨ ਜਨਾਬ ਹਰਭਜਨ ਸਿੰਘ ਹੁੰਦਲ ਜੀ,
ਢੇਰ ਸਲਾਮਾਂ ਤੇ ਮੁਹੱਬਤਾਂ।

'ਪੰਜਾਬੀ ਅਦਬੀ ਬੈਠਕ' ਰਹੀਮ ਯਾਰ ਵਲੋਂ ਲੜੀ-ਵਾਰ ਅਦਬੀ ਪਰਾਗਾ ਤੁਹਾਨੂੰ ਭਿਜਵਾ ਕੇ ਇਕ ਚਾਅ ਜਿਹਾ ਮਹਿਸੂਸ ਕਰ ਰਹੇ ਆਂ। ਰੱਬ ਤੁਹਾਡਾ ਅਦਬੀ ਸ਼ਮਲਾ ਹੋਰ ਉੱਚਾ ਕਰੇ। ਤੁਸੀਂ ਕਦੇ ਵੀ ਆਪਣੇ ਚਾਹਵਾਨਾਂ ਨੂੰ ਮਾਯੂਸ ਨਾਂ ਕਰੋ। ਕਲਮੀ ਸਖ਼ਾਵਤ ਸਦਾ ਬਹਾਰ ਤੋਹਫਾ ਹੋਂਦੀ ਏ ਤੇ ਯਾਦਾਂ ਦਾਂ ਉਚੇਚੇ ਐਲਬਮ ਵੀ। ਸਾਡੇ ਇਸ ਅਦਬੀ ਐਲਬਮ ਵਿਚ ਆਪਣੀ ਖਾਸ ਲਿਖਤ ਨਜ਼ਮ ਯਾ ਨਸਰ ਵਿਚ ਘੱਲੋ। ਅਗਲਾ ਪ੍ਰਾਗਾ, 'ਪਾਕਿਸਤਾਨ ਨੰਬਰ' ਕੱਢ ਰਹੇ ਆਂ। ਸਰਨਾਵੇਂ ਮੁਤਾਬਕ ਤੁਹਾਡੀ ਲਿਖਤ ਦਾ ਖਾਸ ਸਵਾਗਤ ਕੀਤਾ ਜਾਵੇਗਾ। ਇਵੇਂ ਪਹਿਲੇ ਵੀ ਅਸਾਂ ਤੁਹਾਡੇ ਜਿਹੇ ਸੱਜਣਾਂ ਨੂੰ ਹਮੇਸ਼ ਉਚੇਚ ਦਿੱਤੀ ਏ। ਆਪਣੀ ਕੋਈ ਉੱਚ ਪੱਧਰ ਦੀ ਤਖਲੀਕ ਘਲਾਓ। ਤੁਹਾਡਾ ਇਹ ਅਦਬੀ ਰਾਬਤਾ ਤੁਹਾਡੇ ਸਾਡੇ ਵਿਚਕਾਰ ਗੂੜ੍ਹੇ ਸੰਬੰਧ ਦੀ ਦਲੀਲ ਸਾਬਤ ਹੋਵੇਗਾ। ਹਰ ਕੰਮ ਵਿਚ ਰੱਬ ਤੁਹਾਡਾ ਭਲਾ ਕਰੇ।

ਉਡੀਕਣ ਹਾਰ,
ਪ੍ਰੋਫੈਸਰ ਅਹਿਮਦ ਅਲੀ ਗੁਰਾਇਆਂ
ਸਦਰ, ਪੰਜਾਬੀ ਅਦਬੀ ਬੈਠਕ
ਰਹੀਮ ਯਾਰ ਖਾਨ, ਪਾਕਿਸਤਾਨ।

○ਆਪ ਜੀ ਦੇ 'ਚਿਰਾਗ਼' 'ਚ ਛਪਣ ਨਾਲ ਮੇਰਾ ਬਹੁਤ ਹੀ ਮਾਣ ਵਧਿਆ ਹੈ। ਕਹਾਣੀ 'ਚੀਕ' ਦੇ ਸੰਬੰਧ ਵਿਚ ਬਹੁਤ ਖ਼ਤ ਮਿਲੇ ਹਨ। ਜਿਨ੍ਹਾਂ ਵਿਚੋਂ ਇਕ ਖਤ ਤੁਹਾਨੂੰ ਭੇਜ ਰਿਹਾ ਹਾਂ। ਆਸ ਹੈ ਇਵੇਂ ਹੀ ਮਾਣ ਵਧਾਉਂਦੇ ਰਹੋਗੇ ਨਵੇਂ ਲੇਖਕਾਂ ਦਾ। ਕੜਿਆਲਵੀ ਦੀ ਕਹਾਣੀ ਵੀ ਵਧੀਆ ਸੀ।

—ਦੇਸ ਰਾਜ ਕਾਲੀ ਜਲੰਧਰ

ਅੰਤਿਕਾ

## ਕਵਿਤਾ ਤੇ ਸਰੋਤੇ

ਦੋ ਮਾਰਚ **1996** ਨੂੰ ਵਤਨੋਂ ਦੂਰ ਵੱਸਦੇ ਪੰਜਾਬੀ ਕਵੀ ਵਰਿੰਦਰ ਪ੍ਰੀਹਾਰ ਦੇ ਮਾਣ ਵਿਚ ਲੁਧਿਆਣੇ ਕਾਵਿ-ਗੋਸ਼ਟੀ ਸੀ। ਸਮਾਗਮ ਦੇ ਖਾਤਮੇ ਉਪਰੰਤ ਮੈਂ ਇਕ ਕਵੀ ਮਿੱਤਰ ਦੇ ਘਰ ਰਾਤ ਕੱਟਣ ਜਾ ਰਿਹਾ ਸੀ। ਉਸ ਮਿੱਤਰ ਦੇ ਨਾਲ ਇਕ ਨੌਜਵਾਨ ਦੁਕਾਨਦਾਰ ਸੀ ਜੋ ਉਸ ਦਾ ਗਵਾਂਢੀ ਵੀ ਸੀ, ਜਿਹੜਾ ਕਵੀ-ਦਰਬਾਰ ਸੁਣਨ ਆਇਆ ਸੀ। ਮੈਨੂੰ ਉਸ ਗਵਾਂਢੀ ਦੇ ਸਕੂਟਰ ਦੇ ਪਿੱਛੇ ਬਿਠਾ ਦਿੱਤਾ ਗਿਆ। ਰਾਹ ਵਿਚ ਉਹ ਕਹਿਣ ਲੱਗਾ, 'ਭਾਅ ਜੀ, ਜੇ ਨਾਰਾਜ਼ ਨਾ ਹੋਵੇ ਤਾਂ ਇਕ ਗੱਲ ਪੁੱਛਾਂ ?' ਮੈਂ ਆਖਿਆ, 'ਜ਼ਰੂਰ ਪੁੱਛ'। ਕਹਿਣ ਲੱਗਾ, "ਇਹ ਪੰਜਾਬੀ ਕਵਿਤਾਵਾਂ ਜੋ ਇਸ ਕਵੀ-ਦਰਬਾਰ ਵਿਚ ਸੁਣਾਈਆਂ ਗਈਆਂ ਹਨ, ਮੈਨੂੰ ਸਮਝ ਨਹੀਂ ਆਈਆਂ। ਕਾਰਨ ਕੀ ਹੈ ?"

ਪ੍ਰਸ਼ਨ ਸੁਣ ਕੇ ਮੈਂ ਨਾਰਾਜ਼ ਤਾਂ ਕੀ ਹੋਣਾ ਸੀ, ਹੈਰਾਨ ਜ਼ਰੂਰ ਹੋਇਆ। ਸਾਡੀ ਕਵਿਤਾ ਨੇ ਪਿਛਲੇ ਦੋ ਤਿੰਨ ਦਹਾਕਿਆਂ ਵਿਚ ਢੇਰ ਵਿਕਾਸ ਕੀਤਾ ਹੈ। ਨਵੇਂ ਤੇ ਹੋਣਹਾਰ ਪ੍ਰਤਿਭਾਵਾਨ ਸ਼ਾਇਰਾਂ ਦਾ ਸਾਹਿਤ ਵਿਚ ਪ੍ਰਵੇਸ਼ ਹੋਇਆ ਹੈ ; ਜਿਸ ਕਾਰਨ ਨਵੇਂ ਤੇ ਨਵੇਕਲੇ ਅਨੁਭਵ ਦਾ ਕਵਿਤਾ ਵਿਚ ਪ੍ਰਗਟਾਵਾ ਹੋਣ ਲੱਗਾ ਹੈ। ਨਵੀਆਂ ਸ਼ੈਲੀਆਂ, ਨਵੇਂ ਅੰਦਾਜ਼ ਸਾਹਮਣੇ ਆਏ ਹਨ, ਜਿਨ੍ਹਾਂ ਬਾਰੇ ਸਾਹਿਤ-ਸਭਾਵਾਂ ਵਿਚ ਤੇ ਪੰਜਾਬੀ-ਅਧਿਆਪਨ ਤੇ ਖੋਜ ਨਾਲ ਸਬੰਧਤ

ਯੂਨੀਵਰਸਿਟੀਆਂ ਵਿਚ ਹਰ ਸਾਲ ਕਈ ਕਈ ਦਿਨ ਸੈਮੀਨਾਰ ਚੱਲਦੇ ਰਹਿੰਦੇ ਹਨ। ਇਹਨਾਂ ਵਿਚਾਰ-ਗੋਸ਼ਟੀਆਂ ਵਿਚ ਉਕਤ ਪ੍ਰਸ਼ਨ ਦੇ ਨਾਲ ਨਾਲ ਹੋਰ ਵੀ ਗੰਭੀਰ ਭਾਂਤ ਦੇ ਪ੍ਰਸ਼ਨ ਵਿਚਾਰੇ ਤੇ ਨਜਿੱਠੇ ਜਾਂਦੇ ਹਨ।

ਇਹ ਗੱਲ ਬੜੀ ਵਾਜਬ ਵੀ ਹੈ ਕਿ ਅਸੀਂ ਹਰ ਨਵੀਂ ਪ੍ਰਗਟ ਹੁੰਦੀ ਪ੍ਰਤਿਭਾ ਦੀ ਪਛਾਣ ਕਰਦੇ ਹੋਏ, ਉਸ ਦੇ ਪ੍ਰਵੇਸ਼ ਦਾ ਸੁਆਗਤ ਕਰੀਏ। ਲਗਾਤਾਰ ਨਵੇਂ ਚਿਹਰਿਆਂ ਦੇ ਪ੍ਰਵੇਸ਼ ਨਾਲ ਹੀ ਸਾਡੇ ਸਾਹਿਤ ਨੇ ਵਿਕਾਸ ਕਰਨਾ ਹੈ ਤੇ ਨਵੇਂ ਦਿਸਹੱਦੇ ਉਜਾਗਰ ਹੋਣੇ ਨੇ। ਪਰ ਇੰਝ ਕਰਦੇ ਹੋਏ ਆਪਾਂ ਆਪਣੇ ਵਿਰਸੇ, ਆਪਣੀ ਪਰੰਪਰਾ ਨੂੰ ਮੂਲੋਂ ਹੀ ਵਿਸਾਰ ਨਾ ਦੇਈਏ। ਸਾਡੀ ਕਾਵਿ-ਪਰੰਪਰਾ ਵਿਚ ਹਾਲੀ ਵੀ, ਕਾਫੀ ਕੁਝ ਅਜੇਹਾ ਹੈ, ਜਿਹੜਾ ਸਾਰਥਕ ਹੈ। ਇਸ ਵਿਰਸੇ ਦੇ ਨਰੋਏ ਤੱਤਾਂ ਦੀ ਪਛਾਣ ਕਰੀਏ ਤੇ ਸਮੇਂ ਅਨੁਕੂਲ ਇਸ ਤੋਂ ਪ੍ਰੇਰਨਾ ਤੇ ਲਾਭ ਪ੍ਰਾਪਤ ਕੀਤਾ ਜਾਣਾ ਹਾਲੀ ਵੀ ਸੰਭਵ ਹੈ।

ਸਾਡੇ ਪੰਜਾਬੀ ਲੋਕ ਪੁਰਾਣੀ ਕਾਵਿ-ਪਰੰਪਰਾ ਨਾਲ ਹਾਲੀ ਵੀ ਜੁੜੇ ਹੋਏ ਹਨ। ਉਹ ਗੁਰਬਾਣੀ ਦਾ ਕੀਰਤਨ ਸੁਣਦੇ, ਵਾਰਸ ਦੀ ਹੀਰ ਪੜ੍ਹਦੇ, ਸੁਲਤਾਨ ਬਾਹੂ ਦੇ ਦੋਹੇ ਗਾਉਂਦੇ, ਮਿਰਜ਼ੇ ਦੀ ਸੱਦ ਲਾਉਂਦੇ ਜਾਂ ਸ਼ਾਹ ਮੁਹੰਮਦ ਦੇ ਬੈਂਤ ਪੜ੍ਹਦੇ ਸੁਣਦੇ ਜਾਂ ਗਾਉਂਦੇ ਹੋਏ, ਕਦੇ ਇਹ ਸ਼ਿਕਾਇਤ ਨਹੀਂ ਕਰਦੇ, ਕਿ ਇਹ ਕਵਿਤਾਵਾਂ ਸਾਡੀ ਸਮਝ ਵਿਚ ਨਹੀਂ ਆਉਂਦੀਆ। ਪੁਰਾਣੇ ਛੰਦ, ਪੁਰਾਣੇ ਕਾਵਿ-ਰੂਪ ਵਰਤਦਿਆਂ, ਅਸੀਂ ਆਪਣੇ ਲੋਕਾਂ ਨਾਲ ਸੌਖੇਰੀ ਤਰ੍ਹਾਂ ਤੇ ਸਹਿਜ ਰੂਪ ਵਿਚ ਕਿਉਂ ਜੁੜ ਜਾਂਦੇ ਹਾਂ?

ਪਿਛਲੇ ਦਹਾਕੇ ਵਿਚ ਪੰਜਾਬੀ ਵਿਚ ਗ਼ਜ਼ਲ ਦੇ ਪ੍ਰਵੇਸ਼ ਤੇ ਵਿਕਾਸ ਨਾਲ ਇਸ ਪਾਸੇ ਵਲ ਮੋੜਾ ਕੱਟਣ ਦੇ ਸੁਚੇਤ ਅਚੇਤ ਯਤਨ ਹੋਏ ਹਨ ਤੇ ਗੀਤ ਜਾਂ ਪ੍ਰਗੀਤ ਦੀ ਰਚਨਾ ਤੇ ਸਿਰਜਣਾ ਨਾਲ ਵੀ ਕਵੀਆਂ ਨੇ ਪੰਜਾਬੀ ਲੋਕਾਂ, ਸਰੋਤਿਆਂ ਤੇ ਪਾਠਕਾਂ ਨਾਲ ਆਪਣ ਟੁੱਟੇ ਰਿਸ਼ਤੇ ਦੀ ਪਛਾਣ ਕਰਕੇ ਇਸ ਨੂੰ ਮੁੜ ਜੋੜਨ ਦੇ ਉਪਰਾਲੇ ਅਰੰਭ ਹਨ ਤੇ ਇਸ ਗੱਲ ਵਿਚ ਵੀ ਸ਼ੱਕ ਨਹੀਂ ਕਿ ਛੰਦ, ਲੈ, ਤਾਲ ਅਥਵਾ ਰਿਦਮ ਨਾਲ ਕਵੀ ਪਾਠਕ ਤੇ ਸਰੋਤੇ ਨਾਲ ਸੌਖਾ ਹੀ ਜੁੜ ਜਾਂਦਾ ਹੈ। ਪਰ ਮੇਰੇ ਖ਼ਿਆਲ ਵਿਚ ਅਸਲ ਪ੍ਰਸ਼ਨ ਯਥਾਰਥ ਵੱਲ ਸਾਡੀ ਪਹੁੰਚ ਵਿਚੋਂ ਨਿਕਲਦਾ ਹੈ। ਜਨ-ਜੀਵਨ ਦੇ ਆਪਣੇ ਅਨੁਭਵ ਦੀ ਪੇਸ਼ਕਾਰੀ ਨਾਲ ਹੀ ਅਸੀਂ ਪੰਜਾਬੀ ਲਕਾਂ ਨਾਲ ਜੁੜ ਸਕਦੇ ਹਾਂ। ਲੋਕਾਂ ਜਿਨ੍ਹਾਂ ਮੁਸ਼ਕਲਾਂ, ਦੁਸ਼ਵਾਰੀਆਂ ਜਾਂ ਅਨੁਭਵਾਂ 'ਚੋਂ ਗੁਜ਼ਰ ਰਹੇ ਹਨ, ਉਨ੍ਹਾਂ ਦਾ ਅਹਿਸਾਸ ਪਛਾਣ ਤੇ ਪੇਸ਼ਕਾਰੀ ਨਾਲ ਹੀ ਇਸ ਟੁੱਟੀ ਨੂੰ ਗੰਢਿਆ ਜਾਂ ਸਕਦਾ ਹੈ। ਲੈ, ਤਾਲ ਤੇ ਛੰਦ ਇਸ ਕਾਰਜ ਵਿਚ ਸਹਾਈ ਹੋਣ ਵਾਲੀਆਂ ਕਾਵਿ-ਜੁਗਤਾਂ ਹਨ। ਅਨੁਭਵ ਦੀ ਸਾਂਝ ਤੇ ਇਸ ਦੀ ਪੇਸ਼ਕਾਰੀ ਵਿਚ ਪਰੰਪਰਕ ਜੁਗਤਾਂ ਦੇ ਨਾਲ ਸੱਜਰੀ ਬਿੰਬਾਵਲੀ ਤੇ ਨਵੇਂ ਕਾਵਿ-ਮੁਹਾਵਰੇ ਦੀ ਸਿਰਜਣਾ ਸਦਕਾ ਕਵੀ ਆਪਣੇ ਲੋਕਾਂ ਨਾਲ ਜੁੜ ਸਕਦੇ ਹਨ।

ਆਓ ਇਸ ਵਿਸ਼ੇ ਬਾਰੇ ਆਪਣੇ ਵਿਚਾਰ ਸਾਂਝੇ ਕਰੀਏ ਤੇ ਉਸ ਸਰੋਤੇ ਦੇ ਪ੍ਰਸ਼ਨ ਦਾ ਉੱਤਰ ਲੱਭਣ ਦਾ ਯਤਨ ਕਰੀਏ।

ਹਰਭਜਨ ਸਿੰਘ 'ਹੁੰਦਲ'

## ਸਹਾਇਤਾ

ਸਾਥੀ ਮਹਿੰਦਰ ਸਿੰਘ ਬਦੇਸ਼ੀ,

ਪਿੰਡ ਮੰਢਾਲੀ (ਨਵਾਂ ਸ਼ਹਿਰ) ਵਲੋਂ ਆਪਣੇ ਪੁੱਤਰ ਸ੍ਰੀ ਹਰਜਿੰਦਰ ਸਿੰਘ ਦੀ ਸ਼ਾਦੀ ਸਮੇਂ 100/- ਰੁਪਏ ਚਿਰਾਗ ਨੂੰ ਸਹਾਇਤਾ ਭੇਜੀ ਹੈ। ਧੰਨਵਾਦ—ਅਦਾਰਾ ਚਿਰਾਗ਼



ਪੰਜਾਬੀ ਬੋਲੀ ਦੀ ਤਵਾਰੀਖ਼ ਦਾ ਸਭ ਤੋਂ ਮਹਾਨ ਸਾਹਿਤਕ ਪਰਚਾ
ਪੂਰੀ ਦੁਨੀਆਂ ਵਿਚ ਰਚੇ ਜਾਂਦੇ ਪੰਜਾਬੀ ਅਦਬ ਦੀ ਚੋਣ

# ਵਰ੍ਹੇ-ਵਾਰ ਸਾਹਿਤ

ਐਡੀਟਰ—ਇਲਿਆਸ ਘੁੰਮਣ

ਵੱਡੇ ਸਾਈਜ਼ ਦੇ 608 ਸਫ਼ਿਆਂ ਉੱਤੇ ਖਿਲਰੇ ਸਾਹਿਤ 96 ਵਿਚ ਪੜ੍ਹੋ।

- ਅੰਮ੍ਰਿਤਾ ਪ੍ਰੀਤਮ ਦੀ ਸੱਜਰੀ ਨਜ਼ਮ
- ਮੁਹੰਮਦ ਆਸਫ਼ ਖਾਨ, ਰਾਜਾ ਰਸਾਲੂ, ਸ਼ਰੀਫ਼ ਕੁੰਜਾਹੀ, ਸ਼ਫ਼ਕਤ ਤਨਵੀਰ ਮਿਰਜ਼ਾ ਤੇ ਐਨਲਹੱਕ ਫਰੀਦਕੋਟੀ ਦੇ ਲਿਖੇ 5 ਵਿਚਾਰ ਲੇਖ
- ਪੰਜਾਬੀ ਲੋਕ-ਅਦਬ ਬਾਬਤ ਤਨਵੀਰ ਬੁਖ਼ਾਰੀ ਤੇ ਕਲੀਮ ਸ਼ਹਿਜ਼ਾਦ ਦੇ ਦੋ ਲੇਖ
- ਹਰਭਜਨ ਸਿੰਘ ਹੁੰਦਲ ਤੇ ਤੌਕੀਰ ਚੁਗਤਾਈ ਦੇ ਲਿਖੇ ਦੋ ਸਫ਼ਰਨਾਮੇਂ
- ਕਰਤਾਰ ਸਿੰਘ ਦੁੱਗਲ ਦੀ ਜੀਵਨ ਕਥਾ 'ਆਪਣੀ ਕਹਾਣੀ'
- 46 ਕਹਾਣੀਆਂ
- ਆਲਮੀ ਅਦਬ ਵਿਚੋਂ 5 ਵਧੀਆ ਕਹਾਣੀਆਂ
- ਪਰਮੁੱਖ ਪੰਜਾਬੀ ਸ਼ਾਇਰਾਂ ਦੀਆਂ ਢੇਰਾਂ ਦੇ ਢੇਰ ਗ਼ਜ਼ਲਾਂ, ਨਜ਼ਮਾਂ
- ਚੜ੍ਹਦੇ ਪੰਜਾਬ ਦੇ 30 ਸ਼ਾਇਰਾਂ ਦਾ ਸੱਜਰਾ ਕਲਾਮ
- ਕੈਨੇਡਾ, ਅਮਰੀਕਾ, ਬਰਤਾਨੀਆ, ਨਾਰਵੇ, ਹਾਲੈਂਡ, ਸਵੀਡਨ, ਸਵਿਟਜ਼ਰਲੈਂਡ ਤੇ ਜਰਮਨੀ ਵਿਚ ਜਾ ਵੱਸੇ 20 ਪੰਜਾਬੀ ਸ਼ਾਇਰਾਂ ਦੀ ਨਵੀਂ ਸ਼ਾਇਰੀ
- ਪਸ਼ਤੋ, ਅੰਗਰੇਜ਼ੀ, ਹਿੰਦੀ, ਅਰਬੀ, ਜਾਪਾਨੀ, ਸਿੰਧੀ, ਨੇਪਾਲੀ, ਫਾਰਸੀ, ਜਰਮਨ, ਮਰਾਠੀ ਤੇ ਮੈਥਲੀ ਬੋਲੀਆਂ ਦੀ ਵਧੀਆ ਸ਼ਾਇਰੀ ਪੰਜਾਬੀ ਰੂਪ ਵਿਚ।
- ਪਾਕਿਸਤਾਨ, ਭਾਰਤ. ਬਰਤਾਨੀਆਂ, ਕੈਨੇਡਾ, ਅਮਰੀਕਾ ਤੇ ਹੋਰ ਕਈ ਦੇਸ਼ਾਂ ਤੋਂ ਛਪਣ ਵਾਲੇ ਪੰਜਾਬੀ ਅਖ਼ਬਾਰ, ਰਸਾਲਿਆਂ ਬਾਰੇ ਜਾਣਕਾਰੀ ਦੇਣ ਵਾਲੇ 7 ਮਜ਼ਮੂਨ।
- ਤਿੰਨ ਕੋਮਲ ਲੇਖ ○ ਪੁਰਾਣੇ ਪੰਜਾਬੀ ਖਰੜਿਆਂ ਬਾਰੇ ਤੇ ਨਜ਼ਰਅੰਦਾਜ਼ ਹੋਏ ਲਿਖਾਰੀਆਂ ਬਾਰੇ 7 ਖੋਜ-ਲੇਖ।
- ਗੁਜ਼ਰ ਗਏ ਲਿਖਾਰੀਆਂ ਬਾਰੇ 4 ਹਰਖ਼-ਲੇਖ।
- ਪੰਜਾਬੀ ਗ਼ਜ਼ਲਾਂ ਲਿਖਣ ਵਾਲੇ ਹਰ ਜ਼ਿਕਰਯੋਗ ਸ਼ਾਇਰ ਦੇ ਫ਼ਨ ਉੱਤੇ ਵਿਚਾਰ, ਇਕ ਬਹੁਤ ਲੰਮੇ ਲੇਖ ਰਾਹੀਂ।
- ਪੰਜਾਬੀ ਅਦਬ ਦੇ ਉੱਘੇ ਪਾਰਖੂਆਂ ਵੱਲੋ ਪੰਜਾਬੀ ਕਿਤਾਬਾਂ ਉੱਤੇ ਤਬਸਰੇ ਤੇ ਅਖੀਰ ਉੱਤੇ ਕਈ ਸੌ ਪੰਜਾਬੀ ਸ਼ਾਇਰਾਂ ਦੀਆਂ ਹਮਦਾਂ, ਨਾਹਅਤਾਂ, ਗ਼ਜ਼ਲਾਂ ਤੇ ਨਜ਼ਮਾਂ।
- 'ਸਾਹਿਤ 96' ਵਿਚ ਸੌ-ਸੌ ਸਫ਼ੇ ਦੀਆਂ 25 ਕਿਤਾਬਾਂ ਤੋਂ ਵਧੇਰੇ ਮੁਆਦ ਮੌਜੂਦ ਏ।
- ਚਿੱਟੇ ਕਾਗਜ਼ ਉੱਤੇ ਛਪੇ ਸਾਹਿਤ 96 ਨੂੰ ਰੇਕਸੀਨ ਵਾਲੀ ਜਿਲਦ ਨਾਲ ਸਜਾਇਆ ਗਿਆ ਹੈ।
- 500/- ਰੁਪਏ ਦਾ ਮਨੀਆਰਡਰ ਘੱਲ ਕੇ ਇਸ ਅਜ਼ੀਮ ਤਰੀਨ ਰਿਸਾਲੇ ਦੀ ਕਾਪੀ ਮਹਿਫੂਜ਼ ਕਰਾਓ।

ਗਹੁ-ਕਰਨਾ—ਵਰ੍ਹੇ ਵਾਰ 'ਸਾਹਿਤ' ਵੀ.ਪੀ.ਪੀ. ਰਾਹੀਂ ਨਹੀਂ ਭੇਜਿਆ ਜਾ ਰਿਹਾ।

ਪਤਾ—ਇਲਿਆਸ ਘੁੰਮਣ, 'ਐਡੀਟਰ ਸਾਹਿਤ', ਸਰਦਾਰ ਕਲਿਨਿਕ
ਅਮੀਰ ਰੋਡ, ਬਿਲਾਲ ਗੰਜ, ਲਾਹੌਰ (ਪਾਕਿਸਤਾਨ)

Registered with the Registrar of News-Papers of India
No—PUN-PUN O 2776/35/AL/TC/94.

ਉੱਤਰੀ ਭਾਰਤ ਵਿਚ ਸਿਰਫ ਇੱਕੋ
ਪਲਾਸਟਿਕ, ਕਾਸਮੈਟਿਕ ਤੇ ਪੁਨਰ-ਸਿਰਜਣਾ ਦਾ ਕੇਂਦਰ

# ਭੁਪਿੰਦਰਾ ਨਰਸਿੰਗ ਹੋਮ

ਸਾਡੀਆਂ ਵਿਸ਼ੇਸ਼ਤਾਈਆਂ :

★ ਚਰਬੀ ਕੱਢਣ, ਸਰੀਰ ਚੋਂ ਵਾਧੂ ਜਮ੍ਹਾਂ ਹੋਈ ਚਰਬੀ ਕੱਢਣਾ ।

★ ਸਰੀਰਕ ਬਣਤਰ ਨੂੰ ਹੋਰ ਸੁੰਦਰ ਬਣਾਉਣਾ, ਸਦੀਵੀ, ਸੁਰੱਖਿਅਤ ਤੇ ਘੱਟ ਖਰਚੇ ਵਾਲਾ ।

★ ਸਫੇਦ ਦਾਗ, ਰੁਕੇ ਹੋਏ ਫੁਲਹਿਰੀ ਦੇ ਚਿੱਟੇ ਦਾਗਾਂ ਨੂੰ ਉਪਰੇਸ਼ਨ ਰਾਹੀਂ ਸਥਾਈ ਤੌਰ ਤੇ ਦੂਰ ਕਰਨਾ ।

★ ਨੱਕ ਦੀ ਬਣਤਰ ਨੂੰ ਸੁੰਦਰ ਬਣਾਉਣਾ, ਵਿਗੜੀ ਸ਼ਕਲ ਠੀਕ ਕਰਨੀ, ਛੋਟੀ ਤੋਂ ਵੱਡੀ ਅਤੇ ਵੱਡੀ ਕਰੂੰਬਲੀ ਨੂੰ ਛੋਟਾ ਕਰਕੇ ਸੁੰਦਰ ਬਣਾਉਣਾ ।

★ ਚਿਹਰੇ ਦੀਆਂ ਝੁਰੜੀਆਂ ਨੂੰ ਢੁਕਵੀਂ, ਉਮਰ ਦੇ ਪਰਭਾਵਾਂ ਨੂੰ ਘਟਾਕੇ, ਜਵਾਨ ਦਿੱਖ ਬਹਾਲ ਕਰਨੀ ।

★ ਅੱਖਾਂ ਦੇ ਹੇਠਾਂ ਜਾਂ ਉਪਰ ਵਾਧੂ ਤੇ ਢਿਲਕੇ ਹੋਏ ਮਾਸ ਨੂੰ ਠੀਕ ਕਰਨਾ ।

★ ਕੰਨ ਤੇ ਬੁੱਲ੍ਹਾਂ ਦੀ ਬਣਤਰ ਸੁੰਦਰ ਬਣਾਉਂਣਾ ।

ਵਿਸ਼ੇਸ਼ :

★ ਦਾਗ, ਧੱਬੇ ਜਾਂ ਲਸਣ ਨੂੰ ਮਿਟਾਉਣਾ ।

★ ਗੰਜੇਪਣ ਦਾ ਇਲਾਜ ਵਾਲਾਂ ਦੇ ਪ੍ਰਤੀਪੂਰਣ ਰਾਹੀਂ ।

★ ਛਾਤੀ ਨੂੰ ਛੋਟੀ ਜਾਂ ਵੱਡੀ ਕਰਨਾ ।

★ ਜਲੇ ਸੜੇ ਦਾ ਇਲਾਜ ।

★ ਪੁਰਾਣੇ ਜਲੇ ਹੋਏ ਦੇ ਨਿਸ਼ਾਨ ਅਤੇ ਨਾੜਾਂ ਦੇ ਗੁੱਛਿਆਂ ਨੂੰ ਦੂਰ ਕਰਨਾ ।

★ ਜਮਾਂਦਰੂ ਨੁਕਸ, ਜਿਸ ਤਰ੍ਹਾਂ ਖੰਡਾ, ਬੁੱਲ੍ਹ ਆਦਿ ਦੀ ਦਰੁਸਤੀ ।

## ਡਾ: ਬੀ.ਪੀ. ਸਿੰਘ ਐਮ.ਐਸ.

ਪਲਾਸਟਿਕ, ਕਾਸਮੈਟਿਕ ਤੇ ਪੁਨਰ-ਸਿਰਜਣਾ ਦਾ ਸਰਜਨ
261—ਮੋਤਾ ਸਿੰਘ ਨਗਰ, ਲਿੰਕ ਰੋਡ, ਜਲੰਧਰ—144001
ਫੋਨ ਹਸਪਤਾਲ : 0181-223376 ਰਿਹਾਇਸ਼ : 0181-224228

ਪ੍ਰਿੰਟਰ, ਮਾਲਕ ਤੇ ਪਬਲਿਸ਼ਰ ਡਾ: ਅਨੂਪ ਸਿੰਘ ਨੇ ਅਨੁਪਮ ਪ੍ਰਿੰਟਿੰਗ ਪ੍ਰੈਸ, ਜਲੰਧਰ ਤੋਂ ਛਪਵਾ ਕੇ E,J.-27?, ਚਹਾਰ ਬਾਗ, ਜਲੰਧਰ ਤੋਂ ਪ੍ਰਕਾਸ਼ਤ ਕੀਤਾ ।